# ਕੈਨੇਡਾ ਦਰਪਣ

ਮਾਰਚ 28, 1986

**March 28, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending March 28, 1986 Vol. 5 No. 12 | Price 35¢ Out of Greater Vancouver 50¢ | Ph. (604)581-4473

## ਅਹਿਮ ਖਬਰਾਂ

- ਮੈਨੀਟੋਬਾ ਵਿਚ ਐਨ. ਡੀ. ਪੀ. ਦੀ ਸਰਕਾਰ ਮੁੜ ਬਣ ਗਈ
- ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਕੇਸ ਜਿਊਰੀ ਦੇ ਹੱਥ ਵਿਚ। ਅਮਰੀਕਾ ਵਿਚ ਕੇਸ ਦੀ ਕਾਰਵਾਈ ਖਤਮ।
- ਜਗਜੀਤ ਸਿੰਘ ਰੋਡੇ ਦੀ ਮੌਤ ਬਾਰੇ ਪੰਜਾਬ ਸਰਕਾਰ ਇਨਕੁਆਰੀ ਕਰਵਾਏਗੀ

# ਹਿੰਦ-ਪਾਕਿ ਸਰਹੱਦ ਉਤੇ ਝੜਪਾਂ ਸ਼ੁਰੂ

## 14 ਪਾਕਿਸਤਾਨੀ ਫੌਜੀ ਹਲਾਕ - ਪੰਜਾਬ ਸਰਹੱਦ ਤੇ ਸਥਿਤੀ ਨਾਜ਼ਕ

ਨਵੀਂ ਦਿੱਲੀ — ਬੀ. ਬੀ. ਸੀ. ਦੀ ਖਬਰ ਅਨੁਸਾਰ ਜੰਮੂ ਕਸ਼ਮੀਰ ਅਤੇ ਪੰਜਾਬ ਨਾਲ ਲਗਦੀ ਹਿੰਦ ਪਾਕਿ ਸਰਹੱਦ ਉਤੇ ਸਥਿਤੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਪਾਕਿਸਤਾਨ ਵਲੋਂ ਕੀਤੇ ਗਏ ਹਮਲੇ ਦੇ ਜਵਾਬ ਵਿਚ ਭਾਰਤੀ ਫੌਜੀਆਂ ਵਲੋਂ ਗੋਲੀ ਚਲਾਏ ਜਾਣ ਕਾਰਨ 14 ਪਾਕਿਸਤਾਨੀ ਫੌਜੀ ਹਲਾਕ ਹੋਣ ਦੀ ਖਬਰ ਵੀ ਮਿਲੀ ਹੈ।

ਪਿਛਲੇ ਹਫਤੇ ਸ਼ੁਰੂ ਹੋਈ ਫਾਇਰਿੰਗ ਵਿਚ ਪੁਣਛ ਖੇਤਰ ਵਿਚ ਭਾਰਤੀ ਪਿੰਡ ਬਗਿਆਲ ਉਤੇ ਫਾਇਰਿੰਗ ਕੀਤੇ ਜਾਣ ਕਾਰਨ ਦੋ ਭਾਰਤੀ ਸਹਿਰੀ ਗੰਭੀਰ ਰੂਪ ਵਿਚ ਜ਼ਖਮੀ ਹੋਏ ਸਨ।

### ਜੰਮੂ ਕਸ਼ਮੀਰ ਵਿਚ ਪਾਕੀ ਦਖਲ

ਪਿਛਲੇ ਕੁਝ ਸਮੇਂ ਤੋਂ ਜੰਮੂ ਕਸ਼ਮੀਰ ਵਿਚ ਪਾਕਿਸਤਾਨੀ ਫੌਜ ਵਲੋਂ ਘੁਸਪੈਂਠ ਕਾਰਨ ਕਤਲਾਂ ਅਤੇ ਲੁੱਟ ਦੀਆਂ ਵਾਰਦਾਤਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਜੰਮੂ ਕਸ਼ਮੀਰ ਦੀ ਹਾਲਤ ਦਿਨੋਂ ਦਿਨ ਵਿਗੜਦੀ ਗਈ ਹੈ। ਸ਼ਾਹ ਸਰਕਾਰ ਨਾਅਹਿਲ ਸਾਬਤ ਹੋਣ ਕਾਰਨ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਰਾਜ ਲਾਗੂ ਕਰਕੇ ਪਾਕੀ ਏਜੰਟਾਂ ਨਾਲ ਸਿਝਣ ਦਾ ਪਰੋਗਰਾਮ ਲਾਗੂ ਕਰ ਦਿਤਾ ਹੈ।

### ਪੰਜਾਬ ਸਰਹੱਦ ਉਤੇ ਝੜਪਾਂ

ਹਿੰਦ ਅਤੇ ਪਾਕਿ ਸਰਹੱਦ ਦੇ ਪੰਜਾਬ ਖੇਤਰ ਵਿਚ ਵੀ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਕਾਰ ਸਥਿਤੀ ਗੰਭੀਰ ਬਣਦੀ ਜਾ ਰਹੀ ਹੈ। ਪੰਜਾਬ ਸਰਕਾਰ ਨੇ ਪਾਕਿਸਤਾਨ ਦੀ ਫੌਜੀ ਸਰਕਾਰ ਉਤੇ ਦੋਸ਼ ਲਾਇਆ ਹੈ ਕਿ ਪੰਜਾਬ ਵਿਚ ਕਤਲੋਗਾਰਤ ਦੀ ਮੁਹਿੰਮ ਪਾਕਿਸਤਾਨ ਦੀ ਸ਼ਹਿ ਉਤੇ ਹੋ ਰਹੀ ਹੈ। ਸ: ਬਰਨਾਲਾ ਨੇ ਇਥੋਂ ਤੱਕ ਵੀ ਕਿਹਾ ਹੈ ਕਿ ਪਾਕਿਸਤਾਨੀ ਸਰਕਾਰ ਹੀ ਪੰਜਾਬ ਦੀ ਵਿਗੜ ਰਹੀ ਸਥਿਤੀ ਦੀ ਜ਼ਿੰਮੇਵਾਰ ਹੈ।

## ਜਗਜੀਤ ਸਿੰਘ ਰੋਡੇ ਦਾ ਦਾਹ ਸਸਕਾਰ ਕਰ ਦਿਤਾ ਗਿਆ — ਲਾਸ਼ ਰੇਲਵੇ ਲਾਈਨ ਤੋਂ ਲੱਭੀ

ਮੋਗਾ — ਬੀ. ਬੀ. ਸੀ. ਦੀ ਖਬਰ ਅਨੁਸਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਭਰਾ ਅਤੇ ਸੰਯੁਕਤ ਅਕਾਲੀ ਦਲ ਦੇ ਲੀਡਰ ਜਗਜੀਤ ਸਿੰਘ ਰੋਡੇ ਨੇ ਆਤਮ-ਹੱਤਿਆ ਕਰ ਲਈ ਹੈ। ਉਨ੍ਹਾਂ ਦੀ ਲਾਸ਼ ਰੇਲਵੇ ਲਾਈਨ ਤੋਂ ਮਿਲੀ।

ਰੋਡੇ ਪਿੰਡ ਵਿਚ ਦਾਹ ਸਸਕਾਰ ਸਮੇਂ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸੰਯੁਕਤ ਅਕਾਲੀ ਦਲ ਦੇ ਐਕਟਿੰਗ ਕਨਵੀਨਰ ਅਤੇ ਜਗਜੀਤ ਸਿੰਘ ਰੋਡੇ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਨੇ ਕਿਹਾ ਕਿ ਜਗਜੀਤ ਸਿੰਘ ਦੀ ਮੌਤ ਆਤਮ-ਹੱਤਿਆ ਕਾਰਨ ਨਹੀਂ ਸਗੋਂ ਕਤਲ ਕਾਰਨ ਹੋਈ ਹੈ।

ਬੀ. ਬੀ. ਸੀ. ਦੀ ਖਬਰ ਅਨੁਸਾਰ ਜਗਜੀਤ ਸਿੰਘ ਰੋਡੇ ਨੂੰ ਇਕ ਦਿਨ ਪਹਿਲਾਂ ਦੋ ਨੌਜਵਾਨਾਂ ਨਾਲ ਫਿਰਦੇ ਦੇਖਿਆ ਗਿਆ ਸੀ।

ਪੰਜਾਬ ਵਿਚਲੇ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਸੰਯੁਕਤ ਅਕਾਲੀ ਦਲ ਦੇ ਸਬੰਧ ਦੂਜੀਆਂ ਜਥੇਬੰਦੀਆਂ ਨਾਲ ਖਿਚਾਅ ਵਾਲੇ ਸਨ — ਹੋ ਸਕਦਾ ਹੈ ਕਿ ਇਹ ਦੁਰਘਟਨਾ ਕਿਸੇ ਦਾ ਨਤੀਜਾ ਹੋਵੇ।

## ਗੁਰੂ ਘਰ ਦੇ ਇਹਾਤੇ ਵਿਚ ਸ਼ਰਾਬ ਦੇ ਦੌਰ?

### ਰਾਗੀ ਸਿੰਘ ਪੱਤਰਾ ਵਾਚ ਗਏ

ਵੈਨਕੂਵਰ — ਇਹ ਖਬਰ ਦਿੰਦਿਆਂ ਬੜਾ ਦੁੱਖ ਮਹਿਸੂਸ ਹੁੰਦਾ ਹੈ ਕਿ ਜੋ ਲੋਕ ਗੁਰੂ ਘਰਾਂ ਦੀ ਪਵਿੱਤਰਤਾ ਦੇ ਦਮਗਜੇ ਹਰ ਸਮੇਂ ਮਾਰਦੇ ਹਨ, ਉਹ ਹੀ ਇਹ ਗੱਲ ਛੁਪਾਉਣ ਉਤੇ ਲੱਗੇ ਹੋਏ ਹਨ ਕਿ ਕਿਤੇ ਬਾਹਰ ਭਾਫ ਨਾ ਨਿਕਲ ਜਾਏ ਕਿ ਇਕ ਗੁਰੂ ਘਰ ਦੇ ਇਹਾਤੇ ਵਿਚ ਕਈ ਦਿਨ ਸ਼ਰਾਬ ਦਾ ਦੌਰ ਚਲਦਾ ਰਿਹਾ। ਜਦੋਂ ਕਿਸੇ ਵਿਅਕਤੀ ਨੂੰ ਪਤਾ ਲੱਗਾ ਤੇ ਪ੍ਰਬੰਧਕਾਂ ਨੂੰ ਦੱਸਿਆ ਗਿਆ ਤਾਂ ਇਕ ਪਖੰਡੀ ਪ੍ਰਚਾਰਕ ਨੇ ਦੋਸ਼ ਰਾਗੀ ਸਿੰਘਾਂ ਉਤੇ ਲਾ ਦਿੱਤਾ। ਉਹ ਰਾਗੀ ਸਿੰਘ ਅਗਲੇ ਦਿਨ ਹੀ ਪੱਤਰਾ ਵਾਚ ਗਏ।

ਇਸ ਪਖੰਡੀ ਪਰਚਾਰਕ ਬਾਰੇ ਆਮ ਲੋਕਾਂ ਨੂੰ ਪਤਾ ਹੈ ਕਿ ਉਹ ਦਾਰੂ ਦਾ ਸ਼ੌਕੀਨ ਹੈ।

ਇਹ ਉਸ ਗੁਰੂ ਘਰ ਦੇ ਪ੍ਰਬੰਧਕਾਂ ਦਾ ਫਰਜ਼ ਹੈ ਕਿ ਉਹ ਅਜਿਹੀਆਂ ਗੱਲਾਂ ਨੂੰ ਰੋਕਣ ਅਤੇ ਬੁਰਾ ਮਨਾਉਣ ਦੀ ਥਾਂ ਪਖੰਡੀ ਲੋਕਾਂ ਦਾ ਪਾਜ ਉਘਾੜਨ ਤਾਕਿ ਅਜਿਹੀ ਹਰਕਤ ਮੁੜ ਕਿਸੇ ਵਲੋਂ ਨਾ ਕੀਤੀ ਜਾਵੇ। ਅਜਿਹੀਆਂ ਕਰਤੂਤਾਂ ਨਾਲ ਸਮੁੱਚੀ ਸਿੱਖ ਕਮਿਊਨਿਟੀ ਦਾ ਨਾ ਬਦਨਾਮ ਹੁੰਦਾ ਹੈ।

## ਪੰਜਾਬ ਵਿਚ ਗ੍ਰਿਫਤਾਰੀਆਂ ਦਾ ਦੌਰ

### 100 ਤੋਂ ਉਤੇ ਗੈਰ-ਸਮਾਜੀ ਅਨਸਰ ਪਕੜੇ ਗਏ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਕਤਲਾਂ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਰੋਕਣ ਲਈ 100 ਤੋਂ ਉਤੇ ਅਜਿਹੇ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ ਜਿਨ੍ਹਾਂ ਉਤੇ ਸ਼ੱਕ ਹੈ ਕਿ ਉਹ ਪੇਸ਼ਾਵਰ ਲੋਕ ਹਨ ਜੋ ਹਿੰਸਕ ਕਾਰਵਾਈਆਂ ਵਿਚ ਹਿਸਾ ਲੈ ਰਹੇ ਹਨ। ਸ: ਬਰਨਾਲਾ ਨੇ ਇਥੇ ਕਿਹਾ ਕਿ ਪੰਜਾਬ ਵਿਚ ਕਤਲੋਗਾਰਤ ਦੀਆਂ ਕਾਰਵਾਈਆਂ ਹੋਰ ਸਹਿਣ ਨਹੀਂ ਕੀਤੀਆਂ ਜਾਣਗੀਆਂ ਅਤੇ ਪੁਲੀਸ ਨੂੰ ਇਖਤਿਆਰ ਦੇ ਦਿਤੇ ਗਏ ਹਨ ਕਿ ਉਹ ਅਜਿਹੇ ਅਨਸਰਾਂ ਨੂੰ ਸਖਤੀ ਨਾਲ ਕੁਚਲ ਦੇਣ।

## ਐਸ. ਪੀ. ਅੰਮ੍ਰਿਤਸਰ ਉਤੇ ਗੋਲੀ

ਕੱਲ੍ਹ ਅੰਮ੍ਰਿਤਸਰ ਸ਼ਹਿਰ ਦੇ ਐਸ. ਪੀ. ਉਤੇ ਅਣਪਛਾਤੇ ਵਿਅਕਤੀਆਂ ਵਲੋਂ ਹਮਲਾ ਕੀਤਾ ਗਿਆ ਜਿਸ ਵਿਚ ਉਹ ਜ਼ਖਮੀ ਹੋ ਗਿਆ

# ਕਪੂਰਥਲਾ 'ਚ ਸਥਿਤੀ ਕਾਬੂ ਹੇਠ ਕਰਫਿਊ ਵਿਚ ਢਿੱਲ ਨਹੀਂ

ਕਪੂਰਥਲਾ — ਕਪੂਰਥਲਾ ਵਿਚ ਜਿਥੇ ਪਿਛਲੇ ਵੀਰਵਾਰ ਨੂੰ ਗੋਲੀ ਕਾਂਡ ਵਿਚ ਸੱਤ ਬੰਦੇ ਮਾਰੇ ਗਏ ਅਤੇ 14 ਜ਼ਖਮੀ ਹੋ ਗਏ ਸਨ, ਹਾਲਾਤ ਹੁਣ ਪੂਰੀ ਤਰ੍ਹਾਂ ਕਾਬੂ ਵਿਚ ਹੈ ਪਰ ਅਧਿਕਾਰੀ ਕਰਫਿਊ ਵਿਚ ਢਿੱਲ ਨਹੀਂ ਦੇ ਰਹੇ ਕਿਉਂਕਿ ਕਰਫਿਊ ਵਿਚ ਢਿੱਲ ਦੌਰਾਨ ਮਾਮੂਲੀ ਜਿਹੀਆਂ ਹਿੰਸਕ ਵਾਰਦਾਤਾਂ ਹੋ ਗਈਆਂ ਸਨ। ਪਰ ਅਧਿਕਾਰੀਆਂ ਨੇ ਸ਼ਹਿਰ ਵਿਚ ਅਖਬਾਰ ਵੰਡਣ ਦੀ ਆਗਿਆ ਦੇ ਦਿਤੀ ਤਾਂ ਜੋ ਅਫਵਾਹਾਂ ਨਾ ਫੈਲ ਸਕਣ। ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਇਮਤਿਹਾਨ ਦੇਣ ਦੀ ਆਗਿਆ ਦੇ ਦਿੱਤੀ ਗਈ। ਡਿਪਟੀ ਕਮਿਸ਼ਨਰ ਕੰਵਰ ਗੁਲਵੰਤ ਸਿੰਘ ਨੇ ਦਾਅਵਾ ਕੀਤਾ ਕਿ ਪ੍ਰੀਖਿਆ ਕੇਂਦਰਾਂ ਵਿਚ ਹਾਜ਼ਰੀ 100 ਫੀਸਦੀ ਸੀ। ਪਰ ਡਿਪਟੀ ਕਮਿਸ਼ਨਰ ਨੇ ਸਾਰੇ ਕਰਫਿਊ ਪਾਸ ਇਹਤਿਆਤ ਦੇ ਤੌਰ 'ਤੇ ਰੱਦ ਕਰ ਦਿੱਤੇ ਅਤੇ ਪਾਸਾਂ ਵਾਲਿਆਂ ਨੂੰ ਕਿਹਾ ਕਿ ਉਹ ਆਪਣੇ ਪਾਸਸ ਵਾਪਸ ਕਰ ਦੇਣ।

ਇਸੇ ਦੌਰਾਨ ਪੁਲੀਸ ਨੇ ਹਿੰਦੂ ਸ਼ਿਵ ਸੈਨਾ ਦੇ ਉਨ੍ਹਾਂ ਤਿੰਨ ਸਰਗਰਮ ਵਾਲੰਟੀਅਰਾਂ ਨੂੰ ਰਿਹਾਅ ਕਰ ਦਿਤਾ ਹੈ ਜਿਨ੍ਹਾਂ ਨੂੰ ਇਹਤਿਆਤ ਵਜੋਂ ਹਿਰਾਸਤ ਵਿਚ ਲਿਆ ਗਿਆ ਸੀ। ਨੀਮ ਫੌਜੀ ਦਲਾਂ ਵਲੋਂ ਗਸ਼ਤ ਤੇਜ਼ ਕਰ ਦਿੱਤੀ ਗਈ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਵਾਪਰਨ ਤੋਂ ਰੋਕਣ ਲਈ ਕਰਫਿਊ ਲਾਇਆ ਗਿਆ ਹੈ। ਗੋਲੀ ਕਾਂਡ ਵਿਚ ਜ਼ਖਮੀ ਹੋਏ ਅੱਠ ਵਿਅਕਤੀ ਇਥੇ ਸਿਵਲ ਹਸਪਤਾਲ ਵਿਚ ਰਾਜ਼ੀ ਹੋ ਰਹੇ ਹਨ। ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਉਥੇ ਨਾਗਰਿਕਾਂ ਦਾ ਇਕ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ ਤੇ ਮੰਗ ਕੀਤੀ ਕਿ ਸਥਿਤੀ ਨੂੰ ਆਮ ਵਰਗੀ ਕਰਨ ਲਈ ਕਰਫਿਊ ਹਟਾ ਲਿਆ ਜਾਵੇ। ਉਨ੍ਹਾਂ ਦੀ ਬੇਨਤੀ ਉਤੇ ਡਿਪਟੀ ਕਮਿਸ਼ਨਰ ਅਮਨ ਕਮੇਟੀ ਦੀ ਮੀਟਿੰਗ ਬੁਲਾਉਣ ਲਈ ਸਹਿਮਤ ਹੋ ਗਏ। ਤਾਜ਼ਾ ਖਬਰਾਂ ਅਨੁਸਾਰ ਡਿਪਟੀ ਕਮਿਸ਼ਨਰ ਨੇ ਅਮਨ ਕਮੇਟੀ ਦੀ ਮੀਟਿੰਗ ਪਿਛੋਂ ਐਲਾਨ ਕੀਤਾ ਕਿ ਕਰਫਿਊ ਵਿਚ ਢਿੱਲ ਦਿਤੀ ਜਾਵੇਗੀ। ਮੀਟਿੰਗ ਵਿਚ ਸਾਰੀਆਂ ਰਾਜਸੀ ਪਾਰਟੀਆਂ, ਧਾਰਮਿਕ ਜਥੇਬੰਦੀਆਂ ਦੇ ਪ੍ਰਤੀਨਿਧ ਅਤੇ ਸ਼ਿਵ ਸੈਨਾ ਦੇ ਨੇਤਾ ਸ਼ਾਮਲ ਹੋਏ।

# ਵਿਸ਼ਵ ਸਿੱਖ ਸੰਗਠਨ ਤੋਂ ਭੁੱਲਰ ਦਾ ਅਸਤੀਫਾ

ਵਾਸ਼ਿੰਗਟਨ — ਵਿਸ਼ਵ ਸਿੱਖ ਸੰਗਠਨ ਦੇ ਆਗੂ ਜਨਰਲ ਜੇ. ਐਸ. ਭੁੱਲਰ (ਰਿਟਾਇਰਡ) ਨੇ ਸੰਗਠਨ ਦੀ ਲੀਡਰਸ਼ਿਪ ਤੋਂ ਮੁਸਤਫੀ ਹੋ ਜਾਣ ਦਾ ਅਤੇ ਸੰਗਠਨ ਨੇ ਆਪਣੇ ਹੈਡ ਕੁਆਰਟਰ ਇਥੋਂ ਕੈਨੇਡਾ ਦੇ ਸ਼ਹਿਰ ਓਟਾਵਾ ਲੈ ਜਾਣ ਦਾ ਫੈਸਲਾ ਕੀਤਾ ਹੈ। ਇਹ ਫੈਸਲੇ ਗਰਮ ਦਲੀਏ ਸਿੱਖਾਂ ਦੇ ਇਸ ਸੰਗਠਨ ਦੀ ਵਿਚਾਰਧਾਰਾ ਅਤੇ ਕੰਮ-ਕਾਰ ਵਿਚ ਮਹੱਤਵਪੂਰਨ ਮੋੜ ਸਾਬਤ ਹੋਣ ਦੀ ਸੰਭਾਵਨਾ ਹੈ।

ਜਾਣਕਾਰ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਅਸਲ ਵਿਚ 'ਖਾਲਿਸਤਾਨ' ਦੀ ਮੰਗ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੀ 'ਸਿਖ ਵੱਖਵਾਦੀਆਂ' ਦੀ ਪੁਰਾਣੀ ਲੀਡਰਸ਼ਿਪ ਦੀ ਜਗ੍ਹਾ ਵਿਚਾਰਧਾਰਕ ਪੱਖ ਤੋਂ ਵਧੇਰੇ ਸਜੱਗ ਅਤੇ ਕਿਰਿਆਸ਼ੀਲ ਨੌਜਵਾਨ ਸਿੱਖਾਂ ਦੀ ਲੀਡਰਸ਼ਿਪ ਲੈ ਰਹੀ ਹੈ। ਸੋ ਹਾਲ ਹੀ ਵਿਚ ਲਏ ਗਏ ਸੰਗਠਨ ਦੇ ਫੈਸਲਿਆਂ ਦੇ ਵਿਦੇਸ਼ੀ ਸਿੱਖ ਵੱਖਵਾਦੀ ਰਾਜਨੀਤੀ ਦੇ ਵਹਾਓ ਵਿਚ ਮਹੱਤਵਪੂਰਨ ਮੋੜ ਸਾਬਤ ਹੋਣ ਦੀ ਸੰਭਾਵਨਾ ਹੈ। ਸੂਤਰਾਂ ਵਲੋਂ ਇਹ ਵੀ ਵਿਸ਼ਵਾਸ਼ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਸ੍ਰੀ ਭੁੱਲਰ ਆਪਣੇ ਆਪ ਨੂੰ ਪੱਛਮੀ ਦੇਸ਼ਾਂ ਵਿਚ ਸਰਗਰਮ ਗਰਮ ਧੜੇ ਦੇ ਸਿਖ ਸੰਗਠਨਾਂ ਦੀਆਂ ਗਤੀਵਿਧੀਆਂ ਤੋਂ ਅਲੱਗ ਕਰ ਕੇ ਭਾਰਤ ਅੰਦਰ ਆਪਣੀ ਵਾਪਸੀ ਲਈ ਰਸਤਾ ਸਾਫ ਕਰਨ ਦੀ ਕੋਸ਼ਿਸ਼ ਵਿਚ ਵੀ ਹਨ। ਅਮਰੀਕਾ ਅੰਦਰ ਸ੍ਰੀ ਭੁੱਲਰ ਦੇ 'ਪ੍ਰਵਾਸੀ ਹੋਣ ਦਾ ਦਰਜਾ' ਉਂਜ ਨਿਸਚਿਤ ਨਹੀਂ ਹੈ ਅਤੇ ਕੈਨੇਡਾ ਸਰਕਾਰਂ ਵਲੋਂ ਉਨ੍ਹਾਂ ਨੂੰ ਕੈਨੇਡਾ 'ਚ ਦਾਖਲ ਹੋਣ ਦੀ ਇਜਾਜ਼ਤ ਦਿੱਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ।

ਸੰਗਠਨ ਦੇ ਲੀਡਰਸ਼ਿਪ ਕੈਨੇਡਾ 'ਚ ਵਸਦੇ ਸਿੱਖਾਂ ਦੇ ਹੱਥ ਵਿਚ ਆ ਜਾਣ ਦੇ ਨਤੀਜੇ ਵਜੋਂ ਸੰਗਠਨ ਦੇ ਕੌਮਾਂਤਰੀ ਸਿਖ ਯੂਥ ਫੈਡਰੇਸ਼ਨ ਅਤੇ 'ਬੱਬਰ ਖਾਲਸਾ' ਨਾਂ ਦੀਆਂ ਜਥੇਬੰਦੀਆਂ ਦੇ ਕਰੀਬ ਆ ਜਾਣ ਦੀ ਸੰਭਾਵਨਾ ਵੀ ਵਧ ਗਈ ਹੈ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਸੰਗਠਨ ਦੇ ਵਿਆਪਕ ਵਸੀਲਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਜਥੇਬੰਦੀਆਂ ਦੀ ਮਾਰ ਕਰਨ ਦੀ ਸਮਰਥਾ ਵੀ ਵਧ ਜਾਵੇਗੀ।

ਸੱਚੇ ਆਸ਼ਕਾਂ ਦਾ ਪਤਾ ਲਗਦਾ ਹੈ।
ਜਦੋਂ ਚੁੱਕਨੀ ਪਵੇ ਸਲੀਬ ਮੀਆਂ।

# ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਛੇਵੀਂ ਸਾਲਾਨਾ ਕਨਵੈਨਸ਼ਨ

16 ਮਾਰਚ 1986 ਦਿਨ ਐਤਵਾਰ ਨੂੰ ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੀ ਛੇਵੀਂ ਸਾਲਾਨਾ ਕਨਵੈਨਸ਼ਨ I.W.A. ਹਾਲ ਨਿਊਵੈਸਟਮਨਿਸਟਰ ਵਿਖੇ ਹੋਈ। ਇਸ ਵਿਚ ਲਗਭਗ ਸੌ ਡੈਲੀਗੇਟਾਂ ਅਤੇ ਹਮਦਰਦਾਂ ਨੇ ਹਿੱਸਾ ਲਿਆ। ਇਸ ਕਨਵੈਨਸ਼ਨ ਵਿਚ ਯੂਨੀਅਨ ਡੈਲੀਗੇਟਾਂ ਨੇ ਯੂਨੀਅਨ ਦੇ ਅਹੁਦੇਦਾਰਾਂ ਦੀ ਚੋਣ ਵੀ ਕਰਨੀ ਸੀ। ਕਨਵੈਨਸ਼ਨ ਦੇ ਸ਼ੁਰੂ ਵਿਚ ਯੂਨੀਅਨ ਦੇ ਪ੍ਰਧਾਨ ਰਾਜ ਚੌਹਾਨ ਨੇ ਪ੍ਰਧਾਨਗੀ ਭਾਸ਼ਣ ਵਿਚ ਇਸ ਸਾਲ ਪ੍ਰਧਾਨਗੀ ਲਈ ਉਮੀਦਵਾਰ ਦੇ ਤੌਰ ਤੇ ਨਾ ਖੜਨ ਦੀ ਐਲਾਨ ਕੀਤਾ। ਉਨ੍ਹਾਂ ਨੇ ਯੂਨੀਅਨ ਡੈਲੀਗੇਟਾਂ ਨੂੰ ਵਿਸ਼ਵਾਸ਼ ਦਿਵਾਇਆ ਕਿ ਭਵਿਖ ਵਿਚ ਯੂਨੀਅਨ ਦੇ ਕਾਜ ਨੂੰ ਅੱਗੇ ਲਿਜਾਣ ਵਿਚ ਉਹ ਯੂਨੀਅਨ ਦੀ ਅਤੇ ਨਵੀਂ ਲੀਡਰਸ਼ਿਪ ਦੀ ਮਦਦ ਕਰਨਗੇ। ਉਨ੍ਹਾਂ ਨੇ ਪ੍ਰਧਾਨ ਦੇ ਅਹੁਦੇ ਲਈ ਸਰਵਣ ਬੋਲ ਹੋਰਾਂ ਦਾ ਨਾਂ ਲੈਂਦਿਆਂ ਆਖਿਆ ਕਿ ਸਰਵਣ ਬੋਲ ਹੋਰੀਂ ਪ੍ਰਧਾਨ ਬਣਨ ਲਈ ਰਜਾਮੰਦ ਨੇ ਅਤੇ ਮੈਨੂੰ ਉਸਦੀ ਲੀਡਰਸ਼ਿਪ ਤੇ ਪੂਰਨ ਭਰੋਸਾ ਹੈ ਅਤੇ ਇਹਦੀ ਲੀਡਰਸ਼ਿਪ ਹੇਠ ਯੂਨੀਅਨ ਅੱਗੇ ਵਧੇਗੀ।

ਸਰਵਣ ਬੋਲ ਹੋਰਾਂ ਬੋਲਦਿਆਂ ਕਿਹਾ ਜੇਕਰ ਆਏ ਸਾਰੇ ਡੈਲੀਗੇਟ ਮੈਨੂੰ ਇਹ ਜ਼ਿੰਮੇਵਾਰੀ ਦੇਣਗੇ ਤਾਂ ਮੈਂ ਸਾਰਿਆਂ ਦੇ ਸਹਿਯੋਗ ਨਾਲ ਹੀ ਇਹ ਜ਼ਿੰਮੇਵਾਰੀ ਨਿਭਾ ਸਕਦਾ ਹਾਂ ਕਿਉਂਕਿ ਅੱਗੇ ਵੀ ਯੂਨੀਅਨ ਸਾਂਝੇ ਸਹਿਯੋਗ ਨਾਲ ਹੀ ਚਲਦੀ ਰਹੀ ਹੈ। ਅਗਾਂਹ ਵੀ ਅਸੀਂ ਖੇਤ ਮਜ਼ਦੂਰਾਂ ਦੇ ਸਹਿਯੋਗ ਨਾਲ ਹੀ ਯੂਨੀਅਨ ਨੂੰ ਮਜ਼ਬੂਤ ਕਰ ਸਕਦੇ ਹਾਂ।

ਬੀ. ਸੀ. ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਆਰਟ ਕਿਊਬੀ ਨੇ ਬੋਲਦਿਆਂ ਕਿਹਾ ਕਿ ਫੈਡਰੇਸ਼ਨ ਨੇ ਹਮੇਸ਼ਾਂ ਹੀ ਖੇਤ ਮਜ਼ਦੂਰਾਂ ਦੇ ਘੋਲ ਦੀ ਮਦਦ ਕੀਤੀ ਹੈ ਅਤੇ ਅਗਾਂਹ ਵੀ ਕਰਦੀ ਰਹੇਗੀ। ਉਨ੍ਹਾਂ ਨੇ ਕਿਹਾ ਕਿ ਮੈਂ ਵੀ ਕੈਨੇਡਾ ਵਿਚ ਇਕ ਇਮੀਗਰੈਂਟ ਦੇ ਤੌਰ ਤੇ ਹੀ ਆਇਆ ਸੀ। ਇਸ ਕਰਕੇ ਮੈਨੂੰ ਇਮੀਗਰੈਂਟਾਂ ਦੀਆਂ ਤਕਲੀਫਾਂ ਦਾ ਪਤਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਤਕਲੀਫਾਂ ਦਾ ਹੱਲ ਤਾਂ ਹੀ ਲੱਭ ਸਕਦਾ ਹੈ ਜੇਕਰ ਇਨ੍ਹਾਂ ਦੇ ਸ਼ਿਕਾਰ ਸਾਰੇ ਲੋਕ ਅੱਗੇ ਆ ਕੇ ਇਨ੍ਹਾਂ ਦੇ ਖਿਲਾਫ ਇਕੱਠੇ ਹੋ ਕੇ ਲੜਨ। ਉਨ੍ਹਾਂ ਕਿਹਾ ਕਿ ਖੇਤ ਮਜ਼ਦੂਰਾਂ ਅਤੇ ਬਾਕੀ ਮਜ਼ਦੂਰਾਂ ਦੀਆਂ ਮੁਸ਼ਕਲਾਂ ਦੀ ਜੜ੍ਹ ਸੋਸ਼ਲ ਕਰੈਡਿਟ ਸਰਕਾਰ ਹੈ ਅਤੇ ਆਉਣ ਵਾਲੀਆਂ ਸੂਬਾਈ ਚੋਣਾਂ ਵਿਚ ਇਸ ਸਰਕਾਰ ਨੂੰ ਹਰਾਓ।

ਇਸ ਤੋਂ ਬਾਅਦ ਐਗਜ਼ੈਕਟਿਵ ਦੀ ਰਿਪੋਰਟ ਪੜੀ ਗਈ ਜਿਸ ਤੇ ਅਧਾਰਤ ਯੂਨੀਅਨ ਵਲੋਂ ਪਿਛਲੇ ਸਮੇਂ 'ਚ ਕੀਤੇ ਕੰਮਾਂ ਬਾਰੇ ਵਿਚਾਰ ਕੀਤੀ ਗਈ। ਡੈਲੀਗੇਟਾਂ ਦੇ ਸੁਝਾਵਾਂ ਮੁਤਾਬਕ ਯੂਨੀਅਨ ਨੂੰ ਜਥੇਬੰਦ ਕਰਨ ਲਈ ਲੋਕਾਂ ਦੇ ਘਰਾਂ ਵਿਚ ਅਤੇ ਕੰਮਾਂ ਤੇ ਪਹੁੰਚ ਕੇ ਯੂਨੀਅਨ ਦੀ ਜਾਣਕਾਰੀ ਦੇਣ ਬਾਰੇ ਵਿਚਾਰਾਂ ਹੋਈਆਂ। ਵੈਨਕੂਵਰ, ਸਰੀ, ਮਿਸ਼ਨ, ਐਬਟਸਫੋਰਡ ਅਤੇ ਹੋਰ ਇਲਾਕਿਆਂ ਵਿਚ ਜਿਥੇ ਖੇਤ ਮਜ਼ਦੂਰਾਂ ਦੀ ਜ਼ਿਆਦਾ ਵਸੋਂ ਹੈ, ਉਥੇ ਖੇਤ ਮਜ਼ਦੂਰ ਕਮੇਟੀਆਂ ਬਣਾਉਣ ਬਾਰੇ ਗੱਲਬਾਤ ਕੀਤੀ ਗਈ।

ਇਸ ਤੋਂ ਬਾਅਦ ਯੂਨੀਅਨ ਦੀ ਨੈਸ਼ਨਲ ਐਗਜ਼ੈਕਟਿਵ ਅਤੇ ਲੋਕਲ ਨੰ: 1 ਦੀ ਚੋਣ ਹੋਈ।

ਨੈਸ਼ਨਲ ਐਗਜ਼ੈਕਟਿਵ —
- ਪ੍ਰਧਾਨ — ਸਰਵਣ ਬੋਲ
- ਪਹਿਲਾ ਮੀਤ ਪ੍ਰਧਾਨ — ਸ: ਜਵਾਲਾ ਸਿੰਘ ਗਰੇਵਾਲ
- ਦੂਜਾ ਮੀਤ ਪ੍ਰਧਾਨ — ਬੀਬੀ ਪ੍ਰੀਤਮ ਕੌਰ ਹੇਅਰ
- ਸਕੱਤਰ ਅਤੇ ਖਜ਼ਾਨਚੀ — ਸ: ਪ੍ਰੀਤਮ ਸਿੰਘ ਮੁੱਕਰ
- ਐਗਜ਼ੈਕਟਿਵ ਮੈਂਬਰ — ਮੱਖਣ ਟੁੱਟ

ਲੋਕਲ ਨੰ: 1 ਐਗਜ਼ੈਕਟਿਵ —
- ਪ੍ਰਧਾਨ — ਸਰਵਣ ਬੋਲ
- ਮੀਤ ਪ੍ਰਧਾਨ — ਹਰਜਿੰਦਰ ਸਿੰਘ ਨਿੱਝਰ
- ਰਿਕਾਰਡਿੰਗ ਸਕੱਤਰ — ਸ. ਬਚਨ ਸਿੰਘ ਸੰਧੂ
- ਸਕੱਤਰ ਅਤੇ ਖਜ਼ਾਨਚੀ — ਸਤਿੰਦਰ ਸਿਧੂ
- ਟਰੱਸਟੀ — ਗੁਰਚਰਨ ਸਿੰਘ ਧਾਲੀਵਾਲ, ਅਵਤਾਰ ਸਿੰਘ ਖੁਣਖੁਣ, ਸਰਬਜੀਤ ਸਿੰਘ ਹੁੰਦਲ, ਸੁਰਿੰਦਰ ਸਿੰਘ ਧਾਲੀਵਾਲ।

ਇਨ੍ਹਾਂ ਸਾਰੇ ਅਹੁਦੇਦਾਰਾਂ ਦੀ ਚੋਣ ਸਰਬ ਸੰਮਤੀ ਨਾਲ ਹੋਈ।

ਖੇਤ ਮਜ਼ਦੂਰਾਂ ਨੂੰ ਘਰਾਂ ਵਿਚ ਮੁਫਤ ਅੰਗਰੇਜ਼ੀ ਪੜ੍ਹਾਉਣ ਵਾਲੀ ਕਮੇਟੀ ਦੀ ਕਨਵੀਨਰ ਜੁਆਇਨ ਮਿਲਾਰਡ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਇਸ ਵੇਲੇ ਖੇਤ ਮਜ਼ਦੂਰਾਂ ਨੂੰ ਘਰਾਂ ਵਿਚ ਮੁਫਤ ਅੰਗਰੇਜ਼ੀ ਸਿਖਾਉਣ ਵਾਲੀਆਂ ਨੌਂ ਕਲਾਸਾਂ ਚਲ ਰਹੀਆਂ ਹਨ ਅਤੇ ਹਰ ਕਲਾਸ ਵਿਚ ਚਾਰ ਤੋਂ ਵੱਧ ਪੜ੍ਹਨ ਵਾਲੇ ਹਨ। ਉਨ੍ਹਾਂ ਨੇ ਹੋਰ ਵੀ ਲੋਕਾਂ ਨੂੰ ਇਹਦਾ ਫਾਇਦਾ ਉਠਾਉਣ ਦੀ ਪ੍ਰੇਰਨਾ ਦਿਤੀ।

ਕਨਵੈਨਸ਼ਨ ਵਿਚ ਪੰਜ ਮਤੇ ਪਾਸ ਕੀਤੇ ਗਏ।

1. ਪਹਿਲੇ ਮਤੇ ਵਿਚ ਸਰਕਾਰ ਤੋਂ ਮੰਗ ਕੀਤੀ ਗਈ ਕਿ ਬੀ. ਸੀ. ਦੇ ਖੇਤ ਮਜ਼ਦੂਰਾਂ ਤੇ (Minimum wage) ਘੱਟੋ ਘੱਟ ਤਨਖਾਹ ਦਾ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ। ਬੀ. ਸੀ. ਦੀ ਘਟੋ ਘੱਟ ਤਨਖਾਹ ਤਿੰਨ ਡਾਲਰ 65 ਸੈਂਟ ਵੀ ਖੇਤ ਮਜ਼ਦੂਰਾਂ ਤੇ ਲਾਗੂ ਨਹੀਂ। ਇਹ ਰੇਟ ਪੰਜ ਡਾਲਰ ਪ੍ਰਤੀ ਘੰਟਾ ਹੋਣਾ ਚਾਹੀਦਾ ਹੈ।

2. ਦੂਜੇ ਮਤੇ ਵਿਚ ਬੀ. ਸੀ. ਸਰਕਾਰ ਦਾ ਬਿਲ 28 ਜੋ ਕਿ ਕਨੂੰਨ ਬਣ ਚੁੱਕਾ ਹੈ ਉਹਨੂੰ ਬੰਦ ਕਰਨ ਦੀ ਮੰਗ ਕੀਤੀ ਗਈ। ਕਿਉਂਕਿ ਇਸ ਮੁਤਾਬਕ ਕਾਮਿਆਂ ਕੋਲੋਂ ਅਸਿਧੇ ਢੰਗ ਨਾਲ ਯੂਨੀਅਨ ਬਣਾਉਣ ਦਾ ਹੱਕ ਖੋਹਿਆ ਗਿਆ ਹੈ।

3. ਤੀਜੇ ਮਤੇ ਵਿਚ ਵਰਕਰਜ਼ ਕੰਪਨਸੇਸ਼ਨ ਬੋਰਡ ਤੋਂ ਮੰਗ ਕੀਤੀ ਗਈ ਕਿ ਖੇਤ ਮਜ਼ਦੂਰਾਂ ਤੇ ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਦੇ ਨਿਯਮ ਲਾਗੂ ਹੋਣੇ ਚਾਹੀਦੇ ਹਨ।

4. ਚੌਥੇ ਮਤੇ ਵਿਚ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਤੋਂ ਮੰਗ ਕੀਤੀ ਗਈ ਕਿ ਯੂਨੀਅਨ ਫਿਲਪਾਈਨ ਦੀਆਂ ਟਰੇਡ ਯੂਨੀਅਨ ਤੇ ਮਾਰਕੋਸ ਸਰਕਾਰ ਵਲੋਂ ਕੀਤੇ ਜ਼ੁਲਮਾਂ ਦੀ ਨਿਖੇਧੀ ਕਰਕੇ ਫਿਲਪਾਈਨ ਦੇ ਮਜ਼ਦੂਰਾਂ ਨਾਲ ਦੋਸਤੀ ਦਾ ਹੱਥ ਵਧਾਵੇ ਅਤੇ K.M.U. ਨੂੰ ਫਿਲਪਾਈਨ ਦੀਆਂ ਟਰੇਡ ਯੂਨੀਅਨਾਂ ਦਾ ਕੇਂਦਰ ਮੰਨੇ।

5. ਪੰਜਵੇਂ ਮਤੇ ਵਿਚ ਕਨੇਡਾ ਦੀ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਨੇਡਾ ਆਉਣ ਵਾਲੇ ਇਮੀਗਰੈਂਟਾਂ ਦੀਆਂ ਅਰਜ਼ੀਆਂ ਤੇ ਲਾਈ ਫੀਸ ਖਤਮ ਕੀਤੀ ਜਾਵੇ ਜਿਸ ਮੁਤਾਬਕ ਹਰ ਇਮੀਗਰੈਂਟ ਜਾਂ ਵੀਜ਼ਾ ਲੈਣ ਵਾਲੇ ਨੂੰ 125 ਡਾਲਰ ਫੀਸ ਦੇਣੀ ਪਵੇਗੀ। ਇਹ ਵੀ ਮੰਗ ਕੀਤੀ ਗਈ ਕਿ ਵਿਆਹ ਵਾਸਤੇ ਮੰਗੇਤਰ ਮੰਗਵਾਉਣ ਵਾਲੇ ਲਈ ਘੱਟੋ ਘੱਟ ਦਸ ਹਜ਼ਾਰ ਸਾਲਾਨਾ ਆਮਦਨ ਲਾਜ਼ਮੀ ਹੋਣ ਦਾ ਕਾਨੂੰਨ ਖਤਮ ਕੀਤਾ ਜਾਵੇ ਕਿਉਂਕਿ ਫਾਰਮ ਵਰਕਰ ਅਤੇ ਹੋਰ ਘੱਟ ਤਨਖਾਹਾਂ ਤੇ ਕੰਮ ਕਰਨ ਵਾਲੇ ਲੋਕਾਂ ਨਾਲ ਇਹ ਧੱਕੇਸ਼ਾਹੀ ਹੈ।

ਸਾਰੇ ਮਤੇ ਸਰਬ ਸੰਮਤੀ ਨਾਲ ਪਾਸ ਕੀਤੇ ਗਏ।

ਕਨਵੈਨਸ਼ਨ ਵਿਚ ਬੋਲਦਿਆਂ ਯੂਨੀਅਨ ਦੇ ਨਵੇਂ ਪ੍ਰਧਾਨ ਸਰਵਣ ਬੋਲ ਨੇ ਭਾਰਤੀ ਕਮਿਊਨਿਟੀ ਦੀਆਂ ਜਥੇਬੰਦੀਆਂ ਬੀ. ਸੀ. ਓ. ਐਫ. ਆਰ, ਇਪਾਨਾ, ਵੈਨਕੂਵਰ ਸੱਥ ਦਾ ਅਤੇ ਹੋਰ ਜਥੇਬੰਦੀਆਂ ਅਤੇ ਲੋਕਾਂ ਦਾ ਧੰਨਵਾਦ ਕੀਤਾ। ਜਿਨ੍ਹਾਂ ਨੇ ਪਿਛਲੇ ਸਮੇਂ ਵਿਚ ਯੂਨੀਅਨ ਦੀ ਮਦਦ ਕੀਤੀ। ਉਨ੍ਹਾਂ ਨੇ ਇਨ੍ਹਾਂ ਜਥੇਬੰਦੀਆਂ ਨੂੰ ਭਵਿਖ ਵਿਚ ਵੀ ਯੂਨੀਅਨ ਦੀ ਮਦਦ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਭਾਰਤੀ ਕਮਿਊਨਿਟੀ ਦੀਆਂ ਹੋਰ ਵੀ ਜਥੇਬੰਦੀਆਂ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਇਸ ਕੰਮ ਵਿਚ ਅੱਗੇ ਆ ਕੇ ਯੂਨੀਅਨ ਦਾ ਸਾਥ ਦੇਣ। ਉਨ੍ਹਾਂ ਨੇ ਰਾਜ ਚੌਹਾਨ ਵਲੋਂ ਯੂਨੀਅਨ ਲਈ ਅਤੇ ਫਾਰਮ ਵਰਕਰਾਂ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਜਿਸ ਦੀ ਆਏ ਡੈਲੀਗੇਟਾਂ ਅਤੇ ਹਮਦਰਦਾਂ ਨੇ ਖੜੇ ਹੋ ਕੇ ਤਾੜੀਆਂ ਮਾਰ ਕੇ ਪ੍ਰੋੜ੍ਹਤਾ ਕੀਤੀ।

**ਵਲੋਂ : ਐਗਜ਼ੈਕਟਿਵ - ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ**
**1 — 4725 ਕਿੰਗਜ਼ਵੇ, ਬਰਨਬੀ, ਬੀ. ਸੀ.**
**ਫੋਨ : 430-6055**

# ਲਾਲਡੇਂਗਾ ਨਾਲ ਵਾਰਤਾ ਛੇਤੀ

ਈਟਾਨਗਰ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਥੇ ਕਿਹਾ ਕਿ ਮਿਜ਼ੋ ਸਮੱਸਿਆ ਦਾ ਹੱਲ ਲੱਭਣ ਲਈ ਮਿਜ਼ੋ ਨੈਸ਼ਨਲ ਫਰੰਟ ਦੇ ਨੇਤਾ ਲਾਲਡੇਂਗਾ ਨਾਲ ਵਾਰਤਾ ਛੇਤੀ ਹੀ ਮੁੜ ਸ਼ੁਰੂ ਕੀਤੀ ਜਾਵੇਗੀ। ਅਰੁਨਾਂਚਲ ਪ੍ਰਦੇਸ਼ ਦੇ ਪੇਂਡੂ ਤੇ ਕਬਾਇਲੀ ਖੇਤਰਾਂ ਦੇ ਤਿੰਨ ਰੋਜ਼ਾ ਦੌਰੇ ਪਿਛੋਂ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਉਤਰ ਪੂਰਬੀ ਰਾਜਾਂ ਵਿਚ ਬਾਗੀਆਨਾ ਸਰਗਰਮੀਆਂ ਉਤੇ ਕਾਬੂ ਪਾਉਣ ਲਈ ਕਈ ਕਦਮ ਲਏ ਹਨ ਜਿਹੜੇ ਕਿ ਛੇਤੀ ਹੀ ਕਾਰਗਰ ਸਾਬਤ ਹੋਣਗੇ।

ਸ੍ਰੀ ਗਾਂਧੀ ਨੇ ਦੱਸਿਆ ਕਿ ਇਸ ਖਿਤੇ ਵਿਚ ਵਿਕਾਸ ਦੀ ਰਫਤਾਰ ਤੇਜ਼ ਕਰਨ ਲਈ ਚਿਰਸਥਾਈ ਅਮਨ ਕਾਇਮ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਕੰਮ ਨੂੰ ਨੇਪਰੇ ਚਾੜ੍ਹਨ ਵਿਚ ਕੋਈ ਕਸਰ ਨਹੀਂ ਛੱਡੇਗੀ।

ਅਜ ਵੰਡਦੇ ਫਿਰਨ ਲਾਸੈਂਸ ਯਾਰੋ
ਵੇਖੇ ਨਹੀਂ ਸਨ ਜਿਨਾਂ ਹਥਿਆਰ ਮੀਆਂ।
ਮੱਖੀ ਮਾਰ ਕੇ ਜਿਨ੍ਹਾਂ ਸੀ ਨਹੀਂ ਵੇਖੀ।
ਅਜ ਬਣੇ ਬੈਠੇ ਤੀਸ ਮਾਰ ਮੀਆਂ।
ਟੈਰੀਕਾਟ ਹੰਡਾਵਦੇ ਘਰਾਂ ਅੰਦਰ।
ਕਰਨ ਖੱਦਰ ਦਾ ਆਪ ਪ੍ਰਚਾਰ ਮੀਆਂ।
ਝੋਟੇ ਵਾਂਗ ਫਿੱਟੇ ਮਾਲ ਖਾ ਖਾ ਕੇ।
ਸੇਰ ਜਿਨ੍ਹਾਂ ਦਾ ਨਹੀਂ ਸੀ ਭਾਰ ਮੀਆਂ।
ਅਮਨ ਅਮਨ ਪੁਕਾਰਦੇ ਬਾਹਰ ਜਾ ਕੇ।
ਦੇਸ਼ ਵਿਚ ਕਰਦੇ ਲੁਟ ਮਾਰ ਮੀਆਂ।
ਲੈ ਕੇ ਵਢੀਆਂ ਕਰਨ ਸਿਫ਼ਾਰਸ਼ਾਂ ਇਹ।
ਕਿਸੇ ਨਾਲ ਨਾ ਕਰਨ ਉਧਾਰ ਮੀਆਂ।
ਦੇਸ਼ ਭਗਤ ਕੁਰਬਾਨੀਆਂ ਰਹੇ ਕਰਦੇ।
ਰਾਜ ਕਰਨ ਦੀ ਵਾਰੀ ਗੱਦਾਰ ਮੀਆਂ।
ਪਿੱਛੋਂ ਪੈਣ ਧੱਕੇ ਅਗੇ ਥਾਂ ਕੋਈ ਨਹੀਂ।
ਕਿਹੜੇ ਖੂਹ ਜਾਈਏ 'ਤਾਬੇਦਾਰ' ਮੀਆਂ।

# ਪੰਜਾਬ ਬਜਟ ਵਿਚ ਦੰਗਾ ਪੀੜਤਾਂ ਅਤੇ ਬੈਰਕਾਂ ਛੱਡਣ ਵਾਲੇ ਫੌਜੀਆਂ ਲਈ 30 ਕਰੋੜ ਰੁਪਏ

ਚੰਡੀਗੜ੍ਹ — ਪੰਜਾਬ ਦੇ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਨੇ ਰਾਜ ਵਿਧਾਨ ਸਭਾ ਵਿਚ 1986-87 ਦੇ ਵਰ੍ਹੇ ਲਈ ਬਜਟ ਪੇਸ਼ ਕੀਤਾ। ਵਿੱਤ ਮੰਤਰੀ ਨੇ 45 ਕਰੋੜ ਰੁਪਏ ਦੇ ਸਿੱਧੇ ਜਾਂ ਅਸਿੱਧੇ ਟੈਕਸ ਲਾਏ ਹਨ। ਵਿੱਤ ਮੰਤਰੀ ਅਨੁਸਾਰ ਕੁੱਲ ਆਮਦਨ 1279.34 ਕਰੋੜ ਰੁਪਏ ਦੀ ਹੋਵੇਗੀ ਜਦ ਕਿ ਖਰਚਾ 1229.70 ਕਰੋੜ ਰੁਪਏ ਹੋਵੇਗਾ। ਟੈਕਸਾਂ ਤੋਂ ਪ੍ਰਾਪਤ ਰਕਮਾਂ ਦੇ ਬਾਵਜੂਦ ਕੁੱਲ ਮਿਲਾ ਕੇ 36 ਕਰੋੜ ਰੁਪਏ ਦਾ ਘਾਟਾ ਰਹਿ ਜਾਵੇਗਾ। ਮੰਤਰੀ ਨੇ ਆਬਿਆਨੇ ਕਰ ਵਿਚ 10 ਪ੍ਰਤੀਸ਼ਤ ਵਾਧਾ ਕਰਨ, ਘਰੇਲੂ ਖਪਤ ਲਈ ਬਿਜਲੀ ਦਰਾਂ ਵਧਾਉਣ, ਬੱਸਾਂ ਦਾ ਮੁਸਾਫਰ ਟੈਕਸ 10 ਪ੍ਰਤੀਸ਼ਤ ਵਧਾਉਣ ਅਤੇ ਡੀਜ਼ਲ ਅਤੇ ਪੈਟਰੋਲ ਉਤੇ ਵਿਕਰੀ ਕਰ ਵਧਾ ਕੇ ਗੁਆਂਢੀ ਰਾਜਾਂ ਦੇ ਬਰਾਬਰ ਕਰਨ ਦਾ ਪ੍ਰਸਤਾਵ ਰੱਖਿਆ ਹੈ।

ਖੇਤੀ ਸੈਕਟਰ ਨੂੰ ਬਿਜਲੀ ਦੀ ਵਰਤੋਂ ਵਿਚ 2.5 ਕਰੋੜ ਰੁਪਏ ਦੀ ਛੋਟ ਦਿੱਤੀ ਗਈ ਹੈ। ਅੰਮ੍ਰਿਤਸਰ ਅਤੇ ਹੋਰ ਸਰਹੱਦੀ ਇਲਾਕਿਆਂ ਦੇ ਵਿਕਾਸ ਲਈ ਵਿਸ਼ੇਸ਼ ਸਹੂਲਤਾਂ ਦਾ ਐਲਾਨ ਵੀ ਕੀਤਾ ਗਿਆ ਹੈ। ਕੁੱਲ ਮਿਲਾ ਕੇ ਛੇ ਕਰੋੜ ਰੁਪਏ ਦੀਆਂ ਰਿਆਇਤਾਂ ਦਿੱਤੀਆਂ ਗਈਆਂ ਹਨ। ਰਾਜ ਸਰਕਾਰ ਨੇ ਰਾਜ ਦੀ ਨਿੱਘਰੀ ਹੋਈ ਆਰਥਿਕਤਾ ਨੂੰ ਪੈਰਾਂ ਉਤੇ ਖੜ੍ਹੇ ਕਰਨ ਲਈ ਵੱਖ ਵੱਖ ਸਾਧਨਾਂ ਤੋਂ ਆਮਦਨ ਜੁਟਾਉਣ ਦਾ ਤਕੜੇ ਹੋ ਕੇ ਉਪਰਾਲਾ ਕੀਤਾ ਹੈ। ਇਸ ਦੇ ਬਾਵਜੂਦ ਘਾਟੇ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ।

ਰਾਜ ਸਰਕਾਰ ਨੇ ਕੇਂਦਰ ਨੂੰ 630 ਕਰੋੜ ਰੁਪਏ ਦੀ ਯੋਜਨਾ ਪ੍ਰਵਾਨ ਕਰਨ ਲਈ ਕਿਹਾ ਸੀ ਪ੍ਰੰਤੂ ਸਾਧਨਾਂ ਦੀ ਘਾਟ ਕਾਰਨ ਕੇਂਦਰ ਨੇ ਇਸ ਰਕਮ ਵਿਚ ਕਟੌਤੀ ਕਰ ਦਿਤੀ। ਸਰਕਾਰ ਵਲੋਂ ਵਧੇਰੇ ਜ਼ੋਰ ਪਾਉਣ ਉਤੇ ਕੇਂਦਰ ਨੇ 273.68 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਪ੍ਰਵਾਨ ਕੀਤੀ ਹੈ। ਰਾਜ ਸਰਕਾਰ ਵਲੋਂ ਆਪਣੀ ਪੱਧਰ ਉਤੇ 75 ਕਰੋੜ ਰੁਪਏ ਦੇ ਵਧੇਰੇ ਸਾਧਨ ਜੁਟਾਉਣ ਦੀ ਸ਼ਰਤ ਨਾਲੋਂ ਕੇਂਦਰ ਵਧੇਰੇ ਮਦਦ ਲਈ ਸਹਿਮਤ ਹੋਇਆ ਹੈ।

ਵਿੱਤ ਮੰਤਰੀ ਨੇ ਬਜਟ ਵਿਚ ਛੇ ਕਰੋੜ ਰੁਪਏ ਦੀ ਜਿਹੜੀ ਰਿਆਇਤ ਦੇਣ ਦਾ ਐਲਾਨ ਕੀਤਾ ਹੈ, ਉਸ ਅਨੁਸਾਰ ਸਰਕਾਰ ਨੇ ਰਾਜਾਂ ਵਿਚੋਂ ਬੰਗਲਾਦੇਸ਼ ਕਰ ਹਟਾਉਣ ਦਾ ਫੈਸਲਾ ਕਰ ਲਿਆ ਹੈ। ਅਤੇ ਖੇਤੀਬਾੜੀ ਸੈਕਟਰ ਵਿਚ ਬਿਜਲੀ ਦੀ ਦਰ ਇਕ ਰੁਪਿਆ ਫੀ ਹਾਰਸ ਪਾਵਰ ਘਟਾ ਦਿਤੀ ਹੈ। ਇਸ ਨਾਲ ਕਿਸਾਨਾਂ ਨੂੰ ਢਾਈ ਕਰੋੜ ਰੁਪਏ ਦਾ ਲਾਭ ਪੁੱਜੇਗਾ। ਮੁੱਖ ਤੌਰ ਉਤੇ ਬੱਸ ਕਿਰਾਏ ਵਿਚ ਦਸ ਪ੍ਰਤੀਸ਼ਤ ਮੁਸਾਫਰ ਟੈਕਸ ਵਧਾਉਣ ਦਾ ਪ੍ਰਸਤਾਵ ਹੈ। ਇਹ ਟੈਕਸ ਭਾੜੇ ਵਾਲੀਆਂ ਵਸਤਾਂ ਉਤੇ ਵੀ ਲਾਗੂ ਹੋਵੇਗਾ। ਇਸ ਨਾਲ ਸਿੱਧੇ ਤੌਰ ਉਤੇ ਬੱਸਾਂ ਦੇ ਕਿਰਾਇਆਂ ਉਤੇ ਪ੍ਰਭਾਵ ਪਵੇਗਾ। ਵਿੱਤ ਮੰਤਰੀ ਨੇ ਦੱਸਿਆ ਕਿ ਬੱਸਾਂ ਦੇ ਕਿਰਾਏ ਬਾਰੇ ਇਕ ਕਮੇਟੀ ਸਥਾਪਤ ਕੀਤੀ ਗਈ ਹੈ ਜਿਸ ਦੀ ਰਿਪੋਰਟ ਦੇ ਆਧਾਰ ਉਤੇ ਕੋਈ ਅੰਤਿਮ ਨਿਰਣਾ ਲਿਆ ਜਾਵੇਗਾ।

ਪੰਜਾਬ ਦੇ ਕਿਸਾਨਾਂ ਨੂੰ ਸਭ ਤੋਂ ਵਧੇਰੇ ਨਹਿਰੀ ਪਾਣੀ ਦੀਆਂ ਦਰਾਂ ਵਿਚ ਕੀਤਾ ਗਿਆ ਵਾਧਾ ਪ੍ਰਭਾਵਿਤ ਕਰੇਗਾ। ਨਹਿਰੀ ਪਾਣੀ ਦੀ ਵਰਤੋਂ ਛੋਟੇ ਤੋਂ ਲੈ ਕੇ ਵੱਡੇ ਕਿਸਾਨ ਤਕ ਸਾਰੇ ਕਰਦੇ ਹਨ। ਨਹਿਰੀ ਪਾਣੀ ਉਤੇ ਦਸ ਪ੍ਰਤੀਸ਼ਤ ਕਰ ਵਧਾ ਦਿੱਤਾ ਗਿਆ ਹੈ। ਇਸ ਨਾਲ ਸਰਕਾਰ ਨੂੰ ਘੱਟੋ ਘੱਟ ਇਕ ਕਰੋੜ ਰੁਪਏ ਦੀ ਵਧੇਰੇ ਆਮਦਨ ਹੋਵੇਗੀ। ਦੂਜੇ ਰਾਜਾਂ ਵਾਂਗ ਪੰਜਾਬ ਦੇ ਮੋਟਰ ਐਕਟ ਵਿਚ ਵੀ ਸੋਧ ਕਰਨ ਦਾ ਪ੍ਰਸਤਾਵ ਹੈ। ਇਸ ਪ੍ਰਸਤਾਵ ਅਨੁਸਾਰ ਪੈਟਰੋਲ ਦੇ ਇਕ ਰੁਪਏ ਪਿਛੇ ਸੱਤ ਪੈਸੇ ਅਤੇ ਡੀਜ਼ਲ ਤੇਲ ਦੇ ਇਕ ਰੁਪਏ ਪਿਛੇ ਪੰਜ ਪੈਸੇ ਵਸੂਲ ਕੀਤੇ ਜਾਇਆ ਕਰਨਗੇ।

ਰਾਜ ਸਰਕਾਰ ਨੇ ਮਨੋਰੰਜਨ ਕਰ ਵੀ ਵਧਾ ਦਿਤਾ ਹੈ। ਇਸ ਦਾ ਅਸਰ ਵੀਡੀਓ ਫਿਲਮਾਂ ਉਤੇ ਪਵੇਗਾ। ਮਿਊਂਸਪਲ ਖੇਤਰ ਵਿਚ ਸਾਲਾਨਾ ਚਾਰ ਹਜ਼ਾਰ ਰੁਪਏ ਅਤੇ ਦੂਜੇ ਖੇਤਰਾਂ ਵਿਚ ਤਿੰਨ ਹਜ਼ਾਰ ਰੁਪਏ ਦਾ ਵਾਧਾ ਮਿਥਿਆ ਗਿਆ ਹੈ

ਨਵੇਂ ਬਜਟ ਦੇ ਆਉਂਦਿਆਂ ਹੀ ਘਰੇਲੂ ਖਪਤ ਦੀ ਬਿਜਲੀ ਦੀਆਂ ਦਰਾਂ ਵੀ ਵਧ ਗਈਆਂ ਹਨ। ਸਾਰੇ ਵਰਗਾਂ ਵਲੋਂ ਘਰੇਲੂ ਖਪਤ ਲਈ ਵਰਤੀ ਜਾਂਦੀ ਬਿਜਲੀ ਉਤੇ ਇਕ ਪੈਸਾ ਪ੍ਰਤੀ ਯੂਨਿਟ ਬਿਜਲੀ ਡਿਊਟੀ ਵਧਾ ਦਿੱਤੀ ਹੈ। ਇਸ ਵਿਚ ਵਰਨਣਯੋਗ ਪਹਿਲੂ ਇਹ ਹੈ ਕਿ ਖੇਤੀ ਸੈਕਟਰ ਨੂੰ ਇਸ ਵਾਧੇ ਤੋਂ ਛੋਟ ਦਿੱਤੀ ਗਈ ਹੈ। ਰਾਜ ਸਰਕਾਰ ਨੇ ਰਾਜ ਦੇ ਵਪਾਰ ਨੂੰ ਉਤਸ਼ਾਹਤ ਕਰਨ ਲਈ ਕੁਝ ਰਿਆਇਤਾਂ ਦੇਣ ਦਾ ਉਪਰਾਲਾ ਵੀ ਕੀਤਾ ਹੈ। ਟਰੈਕਟਰਾਂ ਅਤੇ ਸਲੂਨ ਕਾਰਾਂ ਨੂੰ ਵਿਕਰੀ ਕਰ ਵਿਚ ਕੁਝ ਰਿਆਇਤ ਦਿੱਤੀ ਗਈ ਹੈ। ਇਸ ਵਿਚ ਇਕ ਰੁਪਏ ਪਿਛੇ ਦਸ ਪੈਸੇ ਤੋਂ ਲੈ ਕੇ ਚਾਰ ਪੈਸੇ ਤੱਕ ਦੀ ਰਿਆਇਤ ਦਿੱਤੀ ਗਈ ਹੈ।

ਪੰਜਾਬ ਸਰਕਾਰ ਇਹ ਵੀ ਸਮਝਦੀ ਹੈ ਕਿ ਪਿਛਲੇ ਤਿੰਨ ਸਾਲ ਵਿਚ ਸਰਹੱਦੀ ਜ਼ਿਲਿਆਂ ਦੇ ਵਿਕਾਸ ਨੂੰ ਬਹੁਤ ਧੱਕਾ ਲੱਗਾ ਹੈ। ਇਸ ਲਈ ਉਨ੍ਹਾਂ ਦੇ ਵਿਕਾਸ ਵਾਸਤੇ ਇਕ ਉਚ-ਪੱਧਰੀ ਕਮੇਟੀ ਸਥਾਪਤ ਕਰਨ ਦਾ ਪ੍ਰਸਤਾਵ ਹੈ। ਸਰਕਾਰ ਅੰਮ੍ਰਿਤਸਰ ਨੂੰ ਉਤਰੀ ਭਾਰਤ ਦਾ ਮੁੱਖ ਵਪਾਰਕ ਕੇਂਦਰ ਵੇਖਣਾ ਚਾਹੁੰਦੀ ਹੈ। ਗੁਰਦਾਸਪੁਰ ਅਤੇ ਫਿਰੋਜ਼ਪੁਰ ਦੇ ਜ਼ਿਲਿਆਂ ਦੇ ਵਪਾਰ ਅਤੇ ਸਨਅਤ ਨੂੰ ਮਜ਼ਬੂਤ ਕਰਨ ਲਈ ਵੀ ਕਦਮ ਉਠਾਏ ਜਾਣਗੇ।

ਵਿਤ ਮੰਤਰੀ ਨੇ ਦਾਅਵਾ ਕੀਤਾ ਕਿ ਬਜਟ ਵਿਚ ਨਵੇਂ ਕਰ ਨਹੀਂ ਲਾਏ ਗਏ ਸਗੋਂ ਦਸ ਪ੍ਰਤੀਸ਼ਤ ਸੈਸ ਲਾਈ ਗਈ ਹੈ। ਉਨ੍ਹਾਂ ਦੱਸਿਆ ਕਿ ਰਾਜ ਦੀ ਆਰਥਿਕਤਾ ਪਹਿਲਾਂ ਹੀ ਬੜੇ ਘਾਟੇ ਵਿਚ ਜਾ ਰਹੀ ਹੈ। ਰੋਡਵੇਜ਼ ਵਿਚੋਂ 33 ਕਰੋੜ ਰੁਪਏ ਅਤੇ ਪਾਣੀ ਦੇ ਸਾਧਨਾਂ ਤੋਂ 27 ਕਰੋੜ ਰੁਪਏ ਦਾ ਘਾਟਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕੋਈ ਨਵੇਂ ਟੈਕਸ ਲਾਉਣ ਦਾ ਪ੍ਰਸਤਾਵ ਨਹੀਂ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਡੀਜ਼ਲ ਦੀਆਂ ਕੀਮਤਾਂ ਵਿਚ ਵਾਧੇ ਕਰਕੇ ਇਹ ਘਾਟਾ ਹੋਰ ਵਧ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਨੇ ਕੇਂਦਰ ਦੇ ਕਰਜ਼ੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਨੇ 53 ਕਰੋੜ ਰੁਪਏ ਦਾ ਕਰਜ਼ਾ ਛੱਡਿਆ ਸੀ ਪ੍ਰੰਤੂ ਹੁਣ ਇਸ ਕਰਜ਼ੇ ਦੇ ਵਿਆਜ ਦੀ ਅਦਾਇਗੀ 158 ਕਰੋੜ ਰੁਪਏ ਤਕ ਪਹੁੰਚ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪੁਲਸ ਉਤੇ 25 ਕਰੋੜ ਰੁਪਏ ਖਰਚ ਆਉਂਦਾ ਸੀ ਪ੍ਰੰਤੂ ਹੁਣ 80 ਕਰੋੜ ਰੁਪਏ ਖਰਚ ਆਉਂਦਾ ਹੈ। ਇਸ ਤੋਂ ਇਲਾਵਾ ਨੀਮ ਫੌਜੀ ਦਸਤਿਆਂ ਦਾ 27 ਕਰੋੜ ਰੁਪਏ ਦਾ ਖਰਚਾ ਵੱਖਰਾ ਹੈ।

## ਨੀਲਾ ਤਾਰਾ ਕਾਰਵਾਈ ਨਹੀਂ ਦੁਹਰਾਵਾਂਗੇ

ਇੰਦੌਰ — ਕੁੱਲ ਹਿੰਦੀ ਕਾਂਗਰਸ (ਆਈ) ਕਮੇਟੀ ਦੇ ਉਪ ਪ੍ਰਧਾਨ ਅਰਜਨ ਸਿੰਘ ਨੇ ਇਥੇ ਕਿਹਾ ਕਿ ਪੰਜਾਬ ਵਿਚ ਅਮਨ ਕਾਇਮ ਕਰਨ ਲਈ 'ਨੀਲਾ ਤਾਰਾ ਕਾਰਵਾਈ' ਦੁਹਰਾਈ ਨਹੀਂ ਜਾਵੇਗੀ। ਇਥੇ ਪ੍ਰੈਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਦੀ ਸਥਿਤੀ ਚਿੰਤਾ ਦਾ ਵਿਸ਼ਾ ਹੈ ਅਤੇ ਜੇਕਰ ਰਾਜ ਸਰਕਾਰ ਸਹਾਇਤਾ ਮੰਗੇ ਤਾਂ ਕੇਂਦਰ ਅਮਨ ਕਾਨੂੰਨ ਕਾਇਮ ਕਰਨ ਲਈ ਮਦਦ ਦੇਣ ਲਈ ਤਿਆਰ ਹੈ।

## ਪ੍ਰੈਸ ਨੂੰ ਬਿਆਨ

**ਵਲੋਂ : ਰਾਜ ਚੌਹਾਨ**

ਇਕ ਅਜਿਹਾ ਸਮਾਂ ਹੁੰਦਾ ਹੈ ਜਦੋਂ ਤਬਦੀਲੀ ਜ਼ਰੂਰੀ ਹੋ ਜਾਂਦੀ ਹੈ। ਕਨੇ: ਫਾਰਮ ਵਰਕਰਜ਼ ਯੂਨੀਅਨ ਵੀ ਅਜਿਹੇ ਸਮੇਂ ਉਪਰ ਪਹੁੰਚ ਗਈ ਹੈ। ਇਹ ਯੂਨੀਅਨ ਪਰਖ ਤੇ ਔਖਿਆਈਆਂ ਦਾ ਪਹਿਲਾ ਪੜਾਅ ਤਹਿ ਕਰਕੇ, ਸਰ ਕਰਕੇ ਸਥਾਪਤ ਹੋ ਗਈ ਹੈ। ਇਸ ਦੇ ਖੇਤਾਂ ਵਿਚ ਕਰਨ ਵਾਲੇ ਹਜ਼ਾਰਾਂ ਲੋਕ ਮਿਹਨਤਕਸ਼ ਜਮਾਤ ਦੇ ਮੁਖ ਧੁਰੇ ਦਾ ਹਿੱਸਾ ਬਣ ਗਏ ਹਨ। ਅਜੇ ਲੰਮਾਂ ਰਸਤਾ ਤਹਿ ਕਰਨਾ ਬਾਕੀ ਹੈ ਹੋਰ ਸਮੱਸਿਆਵਾਂ ਵੀ ਸਾਹਮਣੇ ਹਨ। ਇਹ ਹੁਣ ਵੱਖਰੀ ਕਿਸਮ ਦੇ ਕੰਮ ਤੇ ਸਮੱਸਿਆਵਾਂ ਹਨ। ਬੁਨਿਆਦੀ ਕੰਮ ਕਰ ਦਿਤਾ ਗਿਆ ਹੈ। ਮੈਂ ਅਹੁਦੇ ਤੋਂ ਪਰੇ ਹਟ ਕੇ ਨਵੀਂ ਲੀਡਰਸ਼ਿਪ ਲਈ ਮੌਕੇ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ।

ਜ਼ਿੰਦਗੀ ਵਿਚ ਇਹ ਸੰਘਰਸ਼ ਅਦਭੁੱਤ ਅਤੇ ਮਾਨਯੋਗ ਤਜਰਬਾ ਸੀ, ਮੈਂ ਇਸ ਥੋੜ੍ਹੇ ਸਮੇਂ ਦੇ ਗਤੀਬੱਧ ਇਤਿਹਾਸ ਦਾ ਅੰਗ ਹੋਣ ਕਰਕੇ ਖੁਸ਼ ਹਾਂ। ਮੈਂ ਖੁਸ਼ ਹਾਂ ਕਿ ਮੈਂ ਇਸ ਸੂਬੇ ਵਿਚ ਜ਼ਿੰਦਗੀ ਦੇ ਵੱਖੋ ਵੱਖ ਖੇਤਰਾਂ ਵਿਚੋਂ ਬਚਨਬੱਧ ਲੋਕਾਂ ਨੂੰ ਨਾਲ ਲੈ, ਮਜ਼ਦੂਰਾਂ ਦੇ ਵੱਡੇ ਹਿੱਸੇ ਨੂੰ ਜੱਥੇਬੰਦ ਕਰਨ ਦੇ ਯੋਗ ਹੋ ਸਕਿਆ ਹਾਂ। ਮੈਂ ਹੁਣ ਹੋਰ ਚੁਣੌਤੀਆਂ ਦੀ ਭਾਲ ਵਿਚ ਹਾਂ। ਮੈਂ ਖਾਸ ਕਰਕੇ ਖੁਸ਼ ਹਾਂ ਕਿ ਸਰਵਣ ਬੋਲ ਨੇ ਯੂਨੀਅਨ ਦਾ ਨਵਾਂ ਪ੍ਰਧਾਨ ਬਨਣਾ ਸਵੀਕਾਰ ਕਰ ਲਿਆ ਹੈ।

ਸਰਵਣ ਮੁਢ ਤੋਂ ਹੀ ਸਾਰੇ ਸੁਖਾਂ ਦੁਖਾਂ ਸਮੇਂ ਮੇਰਾ ਸੰਗੀ ਰਿਹਾ ਹੈ। ਉਹ ਮੰਤਵ ਲਈ ਬਚਨਬੱਧ ਅਤੇ ਯੋਗ ਹੈ। ਮੈਨੂੰ ਭਰੋਸਾ ਹੈ ਕਿ ਉਸ ਅਗਵਾਈ ਵਿਚ ਕਨੇਡੀਆਂ ਫਾਰਮ ਵਰਕਰਜ਼ ਯੂਨੀਅਨ ਬਹੁਤ ਟੱਗੇ ਵਧੇਗੀ।

ਅੰਤ ਵਿਚ ਮੈਂ ਸਾਰੇ ਸਬੰਧਤ ਲੋਕਾਂ ਨੂੰ ਜੋ ਕਿ ਯਕੀਨ ਕੱਲ ਕਨਵੈਨਸ਼ਨ ਵਿਚ ਦਿਵਾਇਆ ਸੀ, ਬਾਰੇ ਐਲਾਨ ਕਰਦਾ ਹਾਂ ਕਿ ਮੈਂ ਨੇਤਾ ਦੇ ਤੌਰ ਤੇ ਹਟ ਰਿਹਾ ਹਾਂ, ਫਾਰਮਵਰਕਰਾਂ ਦੇ ਫਰੰਟ ਤੋਂ ਨਹੀਂ। ਮੈਂ ਸਰਵਣ, ਯੂਨੀਅਨ ਅਤੇ ਫਾਰਮ ਵਰਕਰਾਂ ਦੇ ਹਰ ਸਮੇਂ ਲੋੜ ਅਨੁਸਾਰ ਕੰਮ ਆਉਂਦਾ ਰਹਾਂਗਾ।

## ਤਰਨਤਾਰਨ ਮੰਡੀ ਵਿਚ ਪੱਲੇਦਾਰ ਕਤਲ ; ਹਮਲੇ ਵਿਚ ਨਿਰੰਕਾਰੀ ਦਾ ਗੰਨਮੈਨ ਫੱਟੜ

ਚੰਡੀਗੜ੍ਹ — ਪੰਜਾਬ ਵਿਚ ਹਿੰਸਾ ਤੇ ਲੁੱਟਮਾਰ ਦੀਆਂ ਵੱਖ ਵੱਖ ਘਟਨਾਵਾਂ ਵਿਚ ਇਕ ਵਿਅਕਤੀ ਮਾਰਿਆ ਗਿਆ, ਤਿੰਨ ਫੱਟੜ ਕਰ ਦਿੱਤੇ ਗਏ, ਇਕ ਸਕੂਟਰ ਖੋਹ ਲਿਆ ਗਿਆ ਅਤੇ ਘੱਟੋ ਘੱਟ ਤਿੰਨ ਵਿਅਕਤੀ ਲੁੱਟ ਲਏ ਗਏ। ਇਥੇ ਪ੍ਰਾਪਤ ਸੂਚਨਾਵਾਂ ਅਨੁਸਾਰ ਤਰਨਤਾਰਨ ਦੇ ਮਾਲ ਮੰਡੀ ਖੇਤਰ ਵਿਚ 5-6 ਅਣਪਛਾਤੇ ਵਿਅਕਤੀਆਂ ਵਲੋਂ ਕੀਤੇ ਗਏ ਹਮਲੇ ਵਿਚ ਇਕ ਵਿਅਕਤੀ ਮਾਰਿਆ ਗਿਆ ਅਤੇ ਦੋ ਹੋਰ ਫੱਟੜ ਹੋ ਗਏ। ਇਹ ਸਾਰੇ ਵਿਅਕਤੀ ਮੰਡੀ ਵਿਚ ਪੱਲੇਦਾਰ ਸਨ।

ਅੰਮ੍ਰਿਤਸਰ ਦੇ ਚੌਕ ਬਾਬਾ ਭੌੜੀਵਾਲਾ ਖੇਤਰ ਵਿਚ ਇਕ ਨਿਰੰਕਾਰੀ ਦੇ ਸਰਕਾਰੀ ਗੰਨਮੈਨ ਉਤੇ ਦੋ ਅਛਪਛਾਤੇ ਵਿਅਕਤੀਆਂ ਨੇ ਘਾਤ ਲਗਾ ਕੇ ਹਮਲਾ ਕਰ ਦਿਤਾ। ਧਰਮਬੀਰ ਸਿੰਘ ਨਾਮੀ ਇਹ ਗੰਨਮੈਨ ਪੰਜਾਬ ਪੁਲੀਸ ਵਿਚ ਕਾਂਸਟੇਬਲ ਹੈ। ਹਮਲੇ ਵਿਚ ਉਹ ਸਖਤ ਫੱਟੜ ਹੋ ਗਿਆ। ਫੱਟੜ ਗੰਨਮੈਨ ਨੂੰ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਹੈ।

ਬਟਾਲਾ ਤੋਂ ਪ੍ਰਾਪਤ ਇਕ ਸੂਚਨਾ ਅਨੁਸਾਰ ਪਿੰਡ ਕੁੰਜਰਾ ਨੇੜੇ ਦੋ ਅਣਪਛਾਤੇ ਵਿਅਕਤੀਆਂ ਨੇ ਇੰਦਰਪਾਲ ਮਹਾਜਨ ਨਾਮੀ ਵਿਅਕਤੀ ਪਾਸੋਂ ਪਿਸਤੌਲ ਦੀ ਨੋਕ ਉਤੇ ਸਕੂਟ ਖੋਹ ਲਿਆ।

ਸੰਗਰੂਰ — ਦੋ ਸਕੂਟਰ ਸਵਾਰ ਯੁਵਕਾਂ ਨੇ ਬਰਨਾਲਾ-ਮਹਿਲਾਂ ਰੋਡ ਉਤੇ ਇਕ ਵਿਅਕਤੀ ਪਾਸੋਂ ਹਜ਼ਾਰ ਰੁਪਏ ਖੋਹ ਲਏ। ਪੈਸੇ ਖੋਹਣ ਪਿਛੋਂ ਉਹ ਸਕੂਟਰ ਉਤੇ ਖਿਸਕ ਗਏ।

ਫਿਰੋਜ਼ਪੁਰ — ਅਬੋਹਰ ਵਿਖੇ ਚਾਰ ਯੁਵਕਾਂ ਨੇ ਅੰਮ੍ਰਿਤਸਰ ਦੇ ਇਕ ਵਪਾਰੀ ਨਵਲ ਨਾਰੰਗ ਪਾਸੋਂ ਉਸ ਦਾ ਬਰੀਫਕੇਸ ਖੋਹ ਲਿਆ ਜਿਸ ਵਿਚ ਦੋ ਹਜ਼ਾਰ ਰੁਪਏ ਤੇ ਕੁਝ ਅਹਿਮ ਦਸਤਾਵੇਜ਼ ਸਨ। ਵਪਾਰੀ ਵਲੋਂ ਰੌਲਾ ਪਾਏ ਜਾਣ ਉਤੇ ਲੋਕਾਂ ਨੇ ਲੁਟੇਰਿਆਂ ਦਾ ਪਿਛਾ ਕੀਤਾ ਅਤੇ ਉਨ੍ਹਾਂ ਵਿਚੋਂ ਇਕ ਨੂੰ ਕਾਬੂ ਕਰ ਲਿਆ ਗਿਆ।

ਮੋਗਾ — ਫਰੀਦਕੋਟ ਜ਼ਿਲੇ ਦੇ ਪਿੰਡ ਚੜਿੱਕ ਵਿਚ ਤਾਇਨਾਤ ਇਕ ਸਹਿਕਾਰੀ ਇੰਸਪੈਕਟਰ ਨੂੰ ਪੱਤਰ ਮਿਲਿਆ ਹੈ ਕਿ ਜੇਕਰ ਉਸ ਨੇ 18 ਦਿਨਾਂ ਦੇ ਅੰਦਰ ਅੰਦਰ ਤੀਹ ਹਜ਼ਾਰ ਰੁਪਏ ਇਕ ਖਾਸ ਥਾਂ ਉਤੇ ਨਾ ਰੱਖੇ ਤਾਂ ਉਸ ਨੂੰ ਮਾੜੇ ਨਤੀਜੇ ਭੁਗਤਣੇ ਪੈਣਗੇ।



## ਸਰਵਣ ਬੋਲ ਦਾ ਪ੍ਰੈਸ ਨੂੰ ਬਿਆਨ

"ਮੈਨੂੰ ਅਫਸੋਸ ਹੈ ਕਿ ਵੀਰ ਰਾਜ ਚੌਹਾਨ ਨੇ ਜੋ ਕਿ ਸ਼ੁਰੂ ਤੋਂ ਹੀ ਯੂਨੀਅਨ ਦਾ ਪ੍ਰਧਾਨ ਰਿਹਾ ਹੈ, ਅਹੁਦੇ ਤੋਂ ਹਟਣ ਦਾ ਫੈਸਲਾ ਕਰ ਲਿਆ ਹੈ" ਇਹ ਸ਼ਬਦ ਨਵੇਂ ਬਣੇ ਯੂਨੀਅਨ ਦੇ ਪ੍ਰਧਾਨ ਸਰਵਣ ਬੋਲ ਦੇ ਹਨ। "ਯੂਨੀਅਨ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਹ ਤਬਦੀਲੀ ਹੋਈ ਹੈ, ਪਰ ਟੀਚੇ ਉਹੀ ਹਨ। ਸਾਡਾ ਟੀਚਾ ਅਜੇ ਵੀ ਖੇਤਾਂ ਨੂੰ ਉਪਜਾਊ ਕਰਨ ਤੇ ਫਸਲਾਂ ਪੈਦਾ ਕਰਨ ਵਾਲੇ ਸਾਡੇ ਫਾਰਮ ਵਰਕਰਾਂ ਨੂੰ ਇਨਸਾਫ ਦਿਵਾਉਣਾ ਹੈ।

"ਮੇਰਾ ਫੌਰੀ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰ ਕੰਪਨਸੇਸ਼ਨ ਦੇ ਨਿਯਮਾਂ ਨੂੰ ਸਿਹਤ ਸਬੰਧੀ ਸੁਰੱਖਿਆ ਕਰਕੇ ਪਾਸ ਕਰੇ ਅਤੇ ਸਭ ਤੋਂ ਮਹੱਤਵਪੂਰਣ ਕਦਮ ਅਸੀਂ ਇਸ ਬਹਾਰ ਨੂੰ ਖੇਤਾਂ ਵਿਚ ਜਾ ਕੇ ਵੱਡੇ ਪੱਧਰ ਤੇ ਜਥੇਬੰਦਕ ਮੁਹਿਮ ਚਲਾਂਵਾਂਗੇ।" ਸਰਵਣ ਬੋਲ ਨੇ ਅਗੋਂ ਕਿਹਾ।

"ਵੀਰ ਚੌਹਾਨ ਦੀ ਲਗਾਤਾਰ ਹਿਮਾਇਤ, ਸੀ. ਐਲ. ਸੀ., ਬੀ. ਸੀ. ਫੈਡਰੇਸ਼ਨ ਅਤੇ ਸਾਰੇ ਹਿਮਾਇਤੀਆਂ ਦੀ ਮੱਦਦ ਦੇ ਨਾਲ ਸਾਨੂੰ ਯਕੀਨ ਹੈ ਕਿ ਫਾਰਮ ਵਰਕਰਾਂ ਦਾ ਇਨਸਾਫਪਸੰਦ ਕਾਜ਼ ਅਗੇ ਵਧੇਗਾ।" ਸਰਵਣ ਬੋਲ ਨੇ ਸਿੱਟੇ ਵਜੋਂ ਕਿਹਾ।

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ :
# ਹਿੰਦ-ਪਾਕਿ ਸਬੰਧਾਂ ਦੀ ਰੌਸ਼ਨੀ ਵਿਚ

ਪਿਛਲੇ ਕੁਝ ਅਰਸੇ ਤੋਂ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹੱਕ ਵਲੋਂ ਭਾਰਤ ਦੇ ਨੇੜੇ ਹੋਣ ਦੀਆਂ ਕੋਸ਼ਿਸ਼ਾਂ ਇਕ ਅਜਿਹਾ ਯਤਨ ਸਨ ਜਿਸ ਨਾਲ ਭਾਰਤੀਆਂ ਨੂੰ ਇਸ ਭੰਵਲਭੂਸੇ ਵਿਚ ਪਾਇਆ ਜਾ ਸਕੇ ਕਿ ਉਹ ਵਾਕਏ ਹੀ ਹਿੰਦ ਨਾਲ ਮਿੱਤਰਤਾ ਦੇ ਇੱਛਕ ਹਨ ਪਰ ਅਸਲ ਵਿਚ ਡਿਕਟੇਟਰ ਸਾਹਿਬ ਕੌਮਾਂਤਰੀ ਪੱਧਰ ਉੱਤੇ ਇਸ ਪਰਚਾਰ ਵਿਚ ਲੱਗੇ ਹੋਏ ਸਨ ਕਿ ਪਾਕਿਸਤਾਨ ਅਮਨ ਅਤੇ ਸ਼ਾਂਤੀ ਚਾਹੁੰਦਾ ਹੈ ਪਰ ਭਾਰਤ ਨਹੀਂ ਚਾਹੁੰਦਾ।

ਰਾਜੀਵ ਗਾਂਧੀ ਨਾਲ ਉਸ ਦੀਆਂ ਮੁਲਾਕਾਤਾਂ ਇਸੇ ਸਿਲਸਿਲੇ ਦੀ ਕੜੀ ਸਨ।

ਪਰ ਅਸਲ ਵਿਚ ਪਿਛਲੇ ਅੱਠ ਸਾਲਾਂ ਤੋਂ ਜ਼ਿਆ-ਉਲ-ਹੱਕ ਤੇ ਉਸ ਦੀ ਸਰਕਾਰ ਇਸ ਗੱਲ ਉੱਤੇ ਤੁਲੇ ਹੋਏ ਹਨ ਕਿ ਭਾਰਤ ਨੂੰ ਨੀਵਾਂ ਕਿਵੇਂ ਵਿਖਾਇਆ ਜਾਵੇ। ਜੰਮੂ ਕਸ਼ਮੀਰ ਅਤੇ ਪੰਜਾਬ ਵਰਗੇ ਸਰਹੱਦੀ ਇਲਾਕਿਆਂ ਵਿਚ ਲਗਾਤਾਰ ਬਦਅਮਨੀ ਪੈਦਾ ਕਰਕੇ ਉਹ ਅਜਿਹੇ ਮੌਕੇ ਤਲਾਸ਼ਦੇ ਰਹੇ ਹਨ ਕਿ ਭਾਰਤ ਦਾ ਬਿੰਬ ਸੰਸਾਰ ਵਿਚ ਖਰਾਬ ਕੀਤਾ ਜਾ ਸਕੇ।

1947 ਤੋਂ ਲੈ ਕੇ ਕਸ਼ਮੀਰ ਬਾਰੇ ਪਾਕਿਸਤਾਨ ਭਾਰਤ ਨਾਲ ਕਈ ਵਾਰ ਆਢਾ ਲਾ ਚੁਕਾ ਹੈ। ਅਤੇ ਇਸੇ ਆਸਰੇ ਉਹ ਅਮਰੀਕਾ ਅਤੇ ਹੋਰ ਸਾਮਰਾਜੀ ਦੇਸ਼ਾਂ ਤੋਂ ਲਗਾਤਾਰ ਮਾਇਕ ਸਹਾਇਤਾ ਬਟੋਰਦਾ ਚਲਿਆ ਜਾ ਰਿਹਾ ਹੈ।

ਸਾਮਰਾਜੀ ਦੇਸ਼ ਆਪਣੀ ਪਾਕਿਸਤਾਨੀ ਮੰਡੀ ਨਾਲ ਸੰਤੁਸ਼ਟ ਨਹੀਂ ਹਨ ਅਤੇ ਉਹ ਆਪਣੀਆਂ ਮੰਡੀਆਂ ਦਾ ਘੇਰਾ ਭਾਰਤ ਵਿਚ ਵਧਾਉਣ ਲਈ ਬਹੁਤ ਉਤਸੁਕ ਹਨ। ਪਰ ਭਾਰਤ-ਸੋਵੀਅਤ ਦੀ ਮਿੱਤਰਤਾ ਇਹ ਦਾਲ ਗਲਣ ਨਹੀਂ ਦੇ ਰਹੀ। ਇਸੇ ਕਾਰਨ ਆਏ ਦਿਨ ਪਾਕਿਸਤਾਨ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਭਾਰਤ ਲਈ ਕੋਈ ਨਾ ਕੋਈ ਸਮੱਸਿਆ ਖੜ੍ਹੀ ਕਰੇ।

ਇਸ ਸਮੇਂ ਪੰਜਾਬ ਅਤੇ ਕਸ਼ਮੀਰ ਦੇ ਹਾਲਾਤ ਪਾਕਿਸਤਾਨ ਨੂੰ ਸਾਜ਼ਗਾਰ ਜਾਪਦੇ ਹਨ — ਇਸੇ ਲਈ ਉਹ ਭਾਰਤ ਨਾਲ ਫਿਰ ਦੋ ਚਾਰ ਹੱਥ ਕਰਨ ਦੀ ਤਿਆਰੀ ਵਿਚ ਰੁਝ ਗਿਆ ਜਾਪਦਾ ਹੈ।

ਇਸਦੇ ਸਿੱਟੇ ਨਾ ਪਾਕਿਸਤਾਨ ਲਈ ਪਹਿਲਾਂ ਚੰਗੇ ਨਿਕਲੇ ਹਨ ਅਤੇ ਨਾ ਹੀ ਹੁਣ ਚੰਗੇ ਸਿੱਟਿਆਂ ਦੀ ਸੰਭਾਵਨਾ ਹੈ।

# ਇੰਗਲੈਂਡ ਵਿਚ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਕੇਸ ਸ਼ੁਰੂ

ਲੈਸਟਰ — 1985 ਵਿਚ ਜਦੋਂ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਇੰਗਲੈਂਡ ਆਏ ਸਨ ਉਸ ਸਮੇਂ ਉਨ੍ਹਾਂ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਕਥਿਤ ਦੋਸ਼ ਅਧੀਨ ਚਾਰ ਵਿਅਕਤੀਆਂ ਉੱਤੇ ਇਥੇ ਮੁਕੱਦਮਾ ਸ਼ੁਰੂ ਹੋ ਗਿਆ ਹੈ।

ਦੱਸਿਆ ਗਿਆ ਹੈ ਕਿ ਕਥਿਤ ਦੋਸ਼ੀਆਂ ਪ੍ਰਮਾਤਮਾ ਸਿੰਘ ਮਰਵਾਹਾ (43 ਸਾਲ), ਸੁਖਵਿੰਦਰ ਸਿੰਘ ਗਿੱਲ (30 ਸਾਲ), ਜਰਨੈਲ ਸਿੰਘ ਰਾਣੂਆਂ (46

·X·

·X·

ਸਾਲ) ਅਤੇ ਹਰਮਿੰਦਰ ਸਿੰਘ ਰਾਏ (30 ਸਾਲ) ਨੇ ਕਥਿਤ ਦਹਿਸ਼ਤਪਸੰਦ ਜਥੇਬੰਦੀ ਆਇਰਲੈਂਡ ਰੈਵੋਲਿਊਸ਼ਨਰੀ ਆਰਮੀ ਦੇ ਬੰਦਿਆਂ ਨਾਲ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਕਥਿਤ ਸਾਜ਼ਿਸ਼ ਰਚੀ। ਪਰ ਜਿਨ੍ਹਾਂ ਬੰਦਿਆਂ ਨਾਲ ਇਹ ਗੱਲਬਾਤ ਹੋਈ ਉਹ ਅਸਲ ਵਿਚ ਖੁਫੀਆ ਪੁਲਸ ਦੇ ਹੀ ਕਰਮਚਾਰੀ ਸਨ।

ਉਪਰੋਕਤ ਵਿਅਕਤੀਆਂ ਨੇ ਦੋਸ਼ ਦਾ ਖੰਡਨ ਕਰਦਿਆਂ ਕਿਹਾ ਹੈ ਕਿ ਉਹ ਇਸ ਸਾਜ਼ਿਸ਼ ਵਿਚ ਸ਼ਾਮਲ ਨਹੀਂ ਹਨ ਪਰ ਕੇਸ ਵਿਚ ਟੇਪ ਪੇਸ਼ ਕੀਤੀ ਗਈ ਹੈ ਜਿਸ ਵਿਚ ਮਰਵਾਹਾ ਨਾਂ ਦੇ ਵਿਅਕਤੀ ਨੇ ਕਿਹਾ ਕਿ ਪੈਸਿਆਂ ਦੀ ਕੋਈ ਕਮੀ ਨਹੀਂ ਹੈ। ਮਰਵਾਹਾ ਇੰਟਰਨੈਸ਼ਨਲ ਯੂਥ ਫੈਡਰੇਸ਼ਨ ਦਾ ਖਜ਼ਾਨਚੀ ਦੱਸਿਆ ਗਿਆ ਹੈ। ਪਰ ਮਰਵਾਹਾ ਦੇ ਵਕੀਲ ਨੇ ਕਿਹਾ ਕਿ ਇਹ ਤਾਂ ਇਕ ਮਖੌਲ ਸੀ।



# ਪੰਜਾਬ ਡਾਇਰੀ —

—ਗੁਰਸ਼ਰਨ ਸਿੰਘ—

## ਆਤੰਕਵਾਦੀ ਕੌਣ ਹਨ ? ਪੰਜਾਬ ਦੇ ਮਸਲੇ ਬਾਰੇ ਇਕ ਵਿਚਾਰ

ਅੰਗਰੇਜ਼ੀ ਦੇ ਤਿੰਨ ਸ਼ਬਦ ਹਨ : Terrorist (ਆਤੰਕਵਾਦੀ, ਉਗਰਵਾਦੀ) Extremist (ਅਤਿਵਾਦੀ) ਤੇ Militants (ਖਾੜਕੂ)। ਕਿਸੇ ਸਿਆਸੀ ਘੋਲ ਦੇ ਕੀ ਨਿਸ਼ਾਨੇ ਹਨ ਜਾਂ ਉਸ ਘੋਲ ਨੂੰ ਲੜਨ ਵਾਲਿਆਂ ਵਿਚ ਕਿਹੜਾ ਅੰਸ਼ ਭਾਰੂ ਹੈ ਇਹ ਜਾਨਣਾ ਕਿਸੇ ਘੋਲ ਦਾ ਮੁਲਅੰਕਣ ਕਰਨ ਲਈ ਜ਼ਰੂਰੀ ਹੈ। ਪੰਜਾਬ ਵਿਚ ਇਸ ਵੇਲੇ ਤਿੰਨੇ ਕਿਸਮਾਂ ਦੀਆਂ ਕਾਰਵਾਈਆਂ ਹੋ ਰਹੀਆਂ ਹਨ ? ਕੀ ਇਹ ਇਕੋ ਕਮਾਂਡ ਥੱਲੇ ਹੋ ਰਿਹਾ ਹੈ ? ਜੇ ਨਹੀਂ ਤਾਂ ਫਰਕ ਕਿੱਥੇ ਹੈ ? ਜਾਂ ਇਹਨਾਂ ਦਾ ਆਪਸ ਵਿਚ ਕੀ ਸੰਬੰਧ ਹੈ ? ਇਹ ਜਾਨਣਾ ਜ਼ਰੂਰੀ ਹੈ। ਪੰਜਾਬ ਵਿਚ ਇਹਨਾਂ ਤਿੰਨਾਂ ਨੂੰ ਇਕੋ ਨਾਂ ਦਿਤਾ ਜਾ ਰਿਹਾ ਹੈ, ਇਹ ਠੀਕ ਗੱਲ ਨਹੀਂ ਲਗਦੀ।

ਦਮਦਮੀ ਟਕਸਾਲ ਵਾਲੇ ਲੋਕ ਧਾਰਮਿਕ ਪੱਖ ਤੋਂ ਅਤਿਵਾਦੀ ਕਹੇ ਜਾ ਸਕਦੇ ਹਨ, ਭਿੰਡਰਾਂਵਾਲੇ ਦੇ ਇਹ ਪੈਰੋਕਾਰ ਇਸ ਵਿਚਾਰ ਵਲੋਂ ਜਨੂੰਨ ਦੀ ਹੱਦ ਤਕ ਚਲੇ ਗਏ ਹਨ ਕਿ ਉਹੀ ਸਿਖ ਧਰਮ ਦੇ ਰਖਵਾਲੇ ਹਨ। ਉਹਨਾਂ ਦੀ ਸੋਚ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਜਿਸ ਤਰ੍ਹਾਂ ਜ਼ਿੰਦਗੀ ਦੀ ਚਾਲ ਰੁਕ ਗਈ ਹੈ। ਉਹਨਾਂ ਦਾ ਵੱਸ ਚਲੇ ਉਹ ਇਤਿਹਾਸ ਨੂੰ ਪੁੱਠਾ ਗੇੜ ਦੇਣਾ ਚਾਹੁਣਗੇ। ਉਹਨਾਂ ਦੀ ਸਿਆਸਤ ਵਿਚ ਦਖਲ-ਅੰਦਾਜ਼ੀ ਬੜੀ ਹਾਨੀਕਾਰਕ ਹੈ। ਉਹਨਾਂ ਦੀ ਦ੍ਰਿਸ਼ਟੀ ਬਹੁਤ ਹੀ ਸੀਮਤ ਹੈ। ਉਹਨਾਂ ਦੀ ਸਿਆਸਤ ਵਿਚ ਦਖਲ-ਅੰਦਾਜ਼ੀ ਹਰ ਹਾਲਤ ਵਿਚ ਰੋਕਣੀ ਚਾਹੀਦੀ ਹੈ। ਅੱਜ ਕੱਲ ਉਹ ਕਾਰ ਸੇਵਾ ਵਿਚ ਰੁੱਝੇ ਹੋਏ ਹਨ। ਉਹਨਾਂ ਨੂੰ ਉਥੇ ਰੁਝਾਈ ਰੱਖਣਾ ਚਾਹੀਦਾ ਹੈ। ਇਸ ਮਾਮਲੇ ਵਿਚ ਉਹਨਾਂ ਨਾਲ ਕੋਈ ਸਮਝੌਤਾ ਵੀ ਹੋ ਸਕਦਾ ਹੈ, ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਕਰਾਈਆਂ ਜਾ ਸਕਦੀਆਂ ਹਨ। ਪਰ ਇਸੇ ਕਾਰ ਸੇਵਾ ਨੂੰ ਜੇਕਰ ਉਹ ਸਿਆਸੀ ਰੰਗ ਦੇਣਾ ਚਾਹੁਣ ਤਾਂ ਕੋਈ ਸਮਝੌਤਾ ਨਹੀਂ ਹੋ ਸਕਦਾ। ਉਹਨਾਂ ਦੀ ਜੋ ਧਾਰਮਿਕ ਸੋਚ ਹੈ, ਉਸ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਉਹ ਕਿਸੇ ਕਿਸਮ ਦੀ ਵਿਅਕਤੀਗਤ ਕਤਲੋਗਾਰਤ ਜਾਂ ਖੋਹ ਦੀਆਂ ਵਾਰਦਾਤਾਂ ਵਿਚ ਹਿਸਾ ਨਹੀਂ ਲੈਣਗੇ। ਉਂਝ ਧਾਰਮਿਕ ਜਨੂੰਨ ਕਰਕੇ ਤੇ ਖਾੜਕੂ ਜ਼ਹਿਨੀਅਤ ਦੇ ਹੋਣ ਕਰਕੇ ਕਿਸੇ ਕਿਸਮ ਦੇ ਫਿਰਕੂ ਫਸਾਦ ਵਿਚ ਅਮਨ ਕਾਨੂੰਨ ਲਈ ਇਹ ਖਤਰਨਾਕ ਸਾਬਤ ਹੋ ਸਕਦੇ ਹਨ, ਉਂਝ ਨਹੀਂ। ਖਾਮਖਾਹ ਇਹਨਾਂ ਨੂੰ ਛੇੜਨਾ ਠੀਕ ਨਹੀਂ ਪਰ ਇਹ ਵੀ ਪ੍ਰਭਾਵ ਨਹੀਂ ਬਣਨਾ ਚਾਹੀਦਾ ਕਿ ਇਹਨਾਂ ਦੀ ਆਪ-ਹੁਦਰੀ ਨੂੰ ਰੋਕਣ ਵਾਲਾ ਕੋਈ ਨਹੀਂ। ਲੋੜੀਂਦੀ ਇਤਿਆਦੀ ਕਾਰਵਾਈ ਹੀ ਹੋਣੀ ਚਾਹੀਦੀ ਹੈ, ਇਸ ਤੋਂ ਵੱਧ ਨਹੀਂ।

ਜੇ ਦਮਦਮੀ ਟਕਸਾਲ ਵਾਲੇ ਜਨੂੰਨ ਦੀ ਹੱਦ ਤੱਕ ਧਾਰਮਿਕ ਹਨ ਤਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲੇ ਜਨੂੰਨ ਦੀ ਹੱਦ ਤੱਕ ਫਿਰਕੂ ਸ਼ਾਵਨਵਾਦ ਅਤੇ ਅਤਿਵਾਦ ਦੇ ਸ਼ਿਕਾਰ ਹਨ। ਸਿਖ ਰਾਜ ਦੇ ਇਹ ਧਾਰਨੀ ਹਨ। ਫਿਰਕੂ ਫਸਾਦਾਂ ਵਿਚ ਇਕ ਖਤਰਨਾਕ ਭੂਮਿਕਾ ਦੀ ਇਹਨਾਂ ਕੋਲੋਂ ਉਮੀਦ ਰੱਖੀ ਜਾ ਸਕਦੀ ਹੈ। ਐਜੀਟੇਸ਼ਨ ਦੇ ਦਰਮਿਆਨ ਸਾੜਫੂਕ ਦੀਆਂ ਕਾਰਵਾਈਆਂ ਵੀ ਇਹ ਕਰ ਸਕਦੇ ਹਨ ਪਰ ਵਿਅਕਤੀਗਤ ਕਤਲਾਂ ਜਾਂ ਆਤੰਕਵਾਦੀ ਕਾਰਵਾਈਆਂ ਦਾ ਇਹਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਹਨਾਂ ਨਾਲ ਸਿਆਸੀ ਪੱਧਰ ਤੇ ਗੱਲਬਾਤ ਅਤੇ ਲੋੜ ਪੈਣ ਤੇ ਪ੍ਰਬੰਧਕੀ ਸਖਤੀ ਨਾਲ ਨਜਿਠਿਆ ਜਾ ਸਕਦਾ ਹੈ। ਇਹ ਜਥੇਬੰਦੀ ਦੇ ਤੌਰ ਤੇ ਆਤੰਕਵਾਦੀ ਨਹੀਂ ਹਨ।

ਫੇਰ ਆਤੰਕਵਾਦੀ ਕੌਣ ਹਨ ? ਇਹ ਵਿਅਕਤੀਗਤ ਕਤਲ ਕਰਨ ਵਾਲੇ, ਸਟੇਨਗੰਨਾਂ ਵਰਗੇ ਹਥਿਆਰ ਵਰਤਣ ਵਾਲੇ, ਸਾਰੇ ਪੰਜਾਬ ਵਿਚ ਦਹਿਸ਼ਤ ਫੈਲਾਉਣ ਵਾਲੇ ਕੌਣ ਹਨ ? ਇਹ ਇਕ ਵੱਡਾ ਸਵਾਲ ਹੈ, ਜਿਸਦਾ ਜਵਾਬ ਨਾ ਤਾਂ ਸ਼ਾਇਦ ਹਾਲੇ ਸਰਕਾਰ ਲੱਭ ਸਕੀ ਹੈ ਤੇ ਨਾ ਹੀ ਲੋਕਾਂ ਨੂੰ ਪਤਾ ਲਗ ਸਕਿਆ ਹੈ। ਇਹ ਜਵਾਬ ਲੱਭਣਾ ਬੜਾ ਜ਼ਰੂਰੀ ਹੈ, ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਉਪਰ ਦਸੀਆਂ ਪਹਿਲੀਆਂ ਦੋ ਜਥੇਬੰਦੀਆਂ ਵਿਚੋਂ ਨਹੀਂ ਹਨ ਇਹ ਪੇਸ਼ਾਵਰ ਕਾਤਲ ਕਿਸੇ ਖੁਫੀਆ ਸੰਸਥਾ ਦੀ ਦੇਣ ਹਨ ਜਿਨ੍ਹਾਂ ਦਾ ਤੁਅਲਕ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਵੀ ਹੋ ਸਕਦਾ ਹੈ, ਜੋ ਵਿਉਂਤਬੰਦ ਤਰੀਕੇ ਨਾਲ ਇਸ ਬਾਰਡਰ ਦੇ ਸੂਬੇ ਵਿਚ ਅਸਥਿਰਤਾ ਲਿਆਉਣ ਦਾ ਪਰੋਗਰਾਮ ਰਖਦੀਆਂ ਹੋਣ। ਇਹਨਾਂ ਪੇਸ਼ਾਵਰ ਕਾਤਲਾਂ ਨਾਲ ਕਿਸੇ ਕਿਸਮ ਦੀ ਨਰਮੀ ਵਰਤਣਾ ਘਾਤਕ ਸਾਬਤ ਹੋ ਸਕਦਾ ਹੈ। ਇਹਨਾਂ ਵਿਚੋਂ ਜਿਹੜੇ ਕਾਬੂ ਕੀਤੇ ਜਾ ਸਕੇ ਹਨ, ਉਹਨਾਂ ਤੋਂ ਪੂਰੀ ਪੁੱਛ ਗਿੱਛ ਕਰਕੇ ਸਾਧਾਰਨ ਲੋਕਾਂ ਨੂੰ ਵਿਸ਼ਵਾਸ਼ ਵਿਚ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਦੂਜੀਆਂ ਸੰਸਥਾਵਾਂ 'ਚ ਇਹਨਾਂ ਦੀ ਘੁੱਸਪੈਂਠ ਰੋਕੀ ਜਾ ਸਕੇ। ਸੋ ਕਥਿਤ ਆਤੰਕਵਾਦੀ ਕਾਰਵਾਈਆਂ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਇਸ ਮਾਮਲੇ ਨੂੰ ਨਜਿਠਣ ਵਿਚ ਸਹਾਈ ਹੋਵੇਗਾ। ਕਿਧਰੇ ਧਾਰਮਿਕ ਪੱਧਰ ਤੇ (ਦਮਦਮੀ ਟਕਸਾਲ) ਕਿਧਰੇ ਸਿਆਸੀ ਪੱਧਰ ਤੇ (ਸਿਖ ਸਟੂਡੈਂਟ ਫੈਡਰੇਸ਼ਨ) ਅਤੇ ਕਿਧਰੇ ਸਖਤ ਪ੍ਰਬੰਧਕੀ ਕਾਰਵਾਈ (ਤੀਸਰੀ ਕਿਸਮ ਦੀ ਆਤੰਕਵਾਦੀ ਸੰਸਥਾ) ਦੀ ਲੋੜ ਹੈ। ਪਹਿਲੀਆਂ ਦੋ ਸੰਸਥਾਵਾਂ ਦੇ ਨਾਲ ਦੀਆਂ ਧਾਰਮਿਕ ਤੇ ਫਿਰਕੂ ਜ਼ਹਿਨੀਅਤ ਦੀਆਂ ਸੰਸਥਾਵਾਂ ਹਿੰਦੂਆਂ ਵਿਚ ਵੀ ਹਨ, ਜਿਨ੍ਹਾਂ ਨੂੰ ਸ਼ਿਵ ਸੈਨਾ, ਹਿੰਦੂ ਰਖਸ਼ਾ ਸਮਤੀ ਜਾਂ ਹਿੰਦੂ ਵਿਦਿਆਰਥੀ ਸੰਸਥਾ ਆਦਿਕ ਨਾਮ ਦਿਤਾ ਗਿਆ ਹੈ। ਇਹਨਾਂ ਦੀਆਂ ਕਾਰਵਾਈਆਂ ਨੂੰ ਵੀ ਉਸੇ ਤਰ੍ਹਾਂ ਹਰ ਪੱਧਰ ਤੇ ਨਜਿੱਠਣਾ ਚਾਹੀਦਾ ਹੈ। ਬਿਮਾਰੀ ਦੀ ਅਸਲੀਅਤ ਪਛਾਣਕੇ ਹੀ ਬਿਮਾਰੀ ਵਿਰੁੱਧ ਲੜਿਆ ਜਾ ਸਕਦਾ ਹੈ। ਇਸ ਨਾਜ਼ੁਕ ਘੜੀ ਸੂਝਵਾਨ ਲੋਕਾਂ ਦੀ ਆਪਸੀ ਏਕਤਾ ਅਤੇ ਸਾਂਝੀ ਕਾਰਵਾਈ ਸਮੇਂ ਦੀ ਜ਼ਰੂਰਤ ਹੈ।

## ਦਲੀਲ ਦੀ ਆਵਾਜ਼ :

ਪਹਿਲੇ ਗੁਰਦਾਸਪੁਰ, ਫੇਰ ਨਕੋਦਰ ਅਤੇ ਇਹ ਲਾਈਨਾਂ ਲਿਖਣ ਵੇਲੇ ਬਟਾਲਾ ਦੀ ਵੀ ਖਬਰ ਆ ਗਈ ਹੈ ਕਿ ਹਿੰਦੂ ਸਿੱਖਾਂ ਦੇ ਦਰਮਿਆਨ ਫਸਾਦਾਂ ਵਾਲੀ ਹਾਲਤ ਵਾਲਾ ਖਿਚਾਅ ਪੈਦਾ ਹੋ ਗਿਆ ਹੈ। ਸ਼ੈਤਾਨੀ ਅਨਸਰ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਿਚ ਜ਼ਹਿਰ ਘੋਲਣ ਵਿਚ ਕਿਸ ਤਰ੍ਹਾਂ ਕਾਮਯਾਬ ਹੋ ਜਾਂਦੇ ਹਨ, ਇਹਦੀ ਮਿਸਾਲ ਗੁਰਦਾਸਪੁਰ ਅਤੇ ਨਕੋਦਰ ਵਿਚ ਮਿਲਦੀ ਹੈ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਰਕਰਾਂ ਨੇ ਦੋਨੋਂ ਥਾਵਾਂ ਤੇ ਵਾਪਰੀਆਂ ਘਟਨਾਵਾਂ ਦੀ ਅਜ਼ਾਦਾਨਾ ਤੌਰ ਤੇ ਘੋਖ ਪੜਤਾਲ ਕੀਤੀ ਹੈ। ਗੁਰਦਾਸਪੁਰ ਦਾ ਸਾਰਾ ਫਸਾਦ ਦੋ ਗੁੰਡੇ ਨੁਮਾ ਵਿਅਕਤੀਆਂ ਦੇ ਆਪਸੀ ਵਿਰੋਧ ਦੀ ਦੇਣ ਹੈ। ਦੋਨੋਂ ਕਿਸੇ ਵੇਲੇ ਇਕ ਸਨ ਤੇ ਮਿਲਕੇ ਲੋਕਾਂ ਦੀ ਖਾਲੀ ਪਈ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨ ਦਾ ਧੰਦਾ ਕਰਦੇ ਸਨ। ਕਿਸੇ ਗੱਲੋਂ ਆਪਸ ਵਿਚ ਹਿੱਸੇ ਵੰਡਦਿਆਂ ਲੜ ਪਏ, ਇਕ ਮੰਦਰ ਦੀ ਜ਼ਮੀਨ ਉੱਤੇ ਇਹਨਾਂ ਦੋਹਾਂ ਨਜਾਇਜ਼ ਤਰੀਕੇ ਨਾਲ ਖੋਖੇ ਪਾਏ ਹੋਏ ਸਨ। ਇਹਨਾਂ ਗੁੰਡਿਆਂ ਵਿਚੋਂ ਇਕ ਹਿੰਦੂ ਸੀ ਅਤੇ ਇਕ ਸਿਖ ਸੀ। ਮੰਦਰ ਦੀ ਜ਼ਮੀਨ ਦੀ ਗੱਲ ਸੀ, ਇਸ ਲਈ ਝਗੜਾ ਵਧਦਾ ਵਧਦਾ ਹਿੰਦੂ ਸਿਖ ਝਗੜਾ ਬਣ ਗਿਆ। ਪ੍ਰਿੰਸੀਪਲ ਸੁਜਾਨ ਸਿੰਘ ਵਰਗੇ ਸੁਘੜ ਬੰਦਿਆਂ ਨੇ ਜਦੋਂ ਸਾਰੀ ਪੜਤਾਲ ਕਰਕੇ ਵਿਚ ਵਿਚੋਲਾ ਕੀਤਾ ਤਾਂ ਦੋਨੋਂ ਧੜੇ ਠੰਡੇ ਹੋ ਗਏ ਪਰ ਉਸ ਵੇਲੇ ਤੱਕ ਇਹ ਜਾਨੀ ਅਤੇ ਮਾਲੀ ਨੁਕਸਾਨ ਹੋ ਚੁਕਿਆ ਸੀ। ਜੋ ਗੱਲ ਪ੍ਰਿੰਸੀਪਲ ਸੁਜਾਨ ਸਿੰਘ ਤੇ ਜਮਹੂਰੀ ਅਧਿਕਾਰ ਸਭਾ ਦੇ ਹੋਰ ਸਾਥੀ ਕਰ ਸਕੇ ਉਹ ਆਸਾਨੀ ਨਾਲ ਸ਼ਰਕਾਰੀ ਅਧਿਕਾਰੀ ਵੀ ਕਰ ਸਕਦੇ ਸਨ, ਪਰ ਸਰਕਾਰੀ ਅਧਿਕਾਰੀਆਂ ਨੇ ਸਗੋਂ ਗੋਲੀ ਚਲਾ ਕੇ ਤੇ ਇਕ ਵਿਅਕਤੀ ਨੂੰ ਹਲਾਕ ਕਰਕੇ ਗੱਲ ਨੂੰ ਹੋਰ ਵੀ ਵਿਗਾੜ ਦਿਤਾ। ਨਕੋਦਰ ਵੀ ਗੁਰਦੁਆਰੇ ਦੇ ਇਕ ਕਮਰੇ ਵਿਚ ਜਿਥੇ ਗੁਰੂ ਗਰੰਥ ਸਾਹਿਬ ਦੀਆਂ ਬੀੜਾ ਪਈਆਂ ਹੋਈਆਂ ਸਨ, ਅੱਗ ਅਚਾਨਕ ਲੱਗੀ। ਗੁਰਦੁਆਰੇ ਦੇ ਭਾਈ ਜੀ ਦੀ ਬੀਵੀ ਇਸ ਦੀ ਚਸ਼ਮਦੀਦ ਗਵਾਹ ਹੈ। ਬੜੀ ਆਸਾਨੀ ਨਾਲ ਅਰਦਾਸ ਕਰਕੇ ਅੱਧਸੜੀਆਂ ਬੀੜਾਂ ਨੂੰ ਜਲ ਪ੍ਰਵਾਹ ਕੀਤਾ ਜਾ ਸਕਦਾ ਸੀ, ਪਰ ਉਥੇ ਵੀ ਸ਼ਰਾਰਤੀ ਅਨਸਰ ਭੜਕਾਹਟ ਪੈਦਾ ਕਰਨ ਵਿਚ ਕਾਮਯਾਬ ਹੋ ਗਏ। ਚਾਰ ਜਾਨਾਂ ਦਾ ਅਤੇ ਹੋਰ ਕਿਨਾਂ ਸਾਰਾ ਮਾਲੀ ਨੁਕਸਾਨ ਹੋਇਆ। ਉਥੇ ਵੀ ਸਰਕਾਰੀ ਅਧਿਕਾਰੀ ਹਾਲਤ ਨੂੰ ਕਾਬੂ ਕਰਨ ਦੀ ਥਾਂ ਵਿਗਾੜਣ ਵਾਲੇ ਹੀ ਸਿੱਧ ਹੋਏ। ਜੋ ਕੁਝ ਗੁਰਦਾਸਪੁਰ ਨਕੋਦਰ ਹੋਇਆ ਹੈ, ਉਹ ਭਾਰਤ ਦੇ ਹੋਰ ਹਿੱਸਿਆਂ ਵਿਚ ਹੋ ਰਿਹਾ ਹੈ। ਅਯੁਧਿਆ ਦੇ ਇਕ ਮੰਦਰ ਮਸੀਤ ਦੇ ਝਗੜੇ ਨੂੰ ਲੈ ਕੇ ਕਈ ਥਾਂ ਹਿੰਦੂ-ਮੁਸਲਮਾਨ ਫਸਾਦ ਹੋਏ ਹਨ। ਇਹਨਾਂ ਫਸਾਦਾਂ ਦੇ ਹੋਰ ਛੋਟੇ-ਮੋਟੇ ਕਾਰਨ ਵੀ ਹੋ ਸਕਦੇ ਹਨ ਪਰ ਵੱਡਾ ਕਾਰਨ ਧਾਰਮਿਕ ਜਨੂੰਨ ਹੈ, ਜੋ ਚੰਗੇ ਭਲੇ ਸਿਆਣੇ ਲੋਕਾਂ ਨੂੰ ਭੜਕਾਉਣ ਵਿਚ ਸਫਲ ਹੋ ਜਾਂਦਾ ਹੈ। ਇਸ ਜਨੂੰਨ ਪਿਛੇ ਉਹ ਸ਼ਾਵਨਵਾਦੀ ਸੋਚ ਹੈ ਕਿ ਸਾਡੇ ਪੈਗੰਬਰ ਜਾਂ ਅਵਤਾਰ ਜੋ ਕਹਿ ਗਏ ਹਨ ਉਹ ਆਖਰੀ ਸੱਚ ਹੈ। ਹਜ਼ਾਰਾਂ ਸਾਲ ਪਹਿਲੇ ਹਿੰਦੂ ਵੇਦ ਲਿਖੇ ਗਏ, ਇਸਾਈਆਂ ਦੀ ਅੰਜੀਲ 2000 ਸਾਲ ਪਹਿਲੇ ਲਿਖੀ ਗਈ, ਕੁਰਾਨ ਸ਼ਰੀਫ ਲਿਖਿਆ ਗਿਆ, 500 ਸਾਲ ਪਹਿਲਾਂ ਸਿੱਖ ਧਰਮ ਨੇ ਜਨਮ ਲਿਆ। ਇਹ ਸਭ ਬਾਣੀਆਂ ਈਸ਼ਵਰ, ਖੁਦਾ, ਅਲ੍ਹਾ, ਵਾਹਿਗੁਰੂ ਦੀਆਂ ਇਲਾਹੀ ਬਾਣੀਆਂ ਨਾਲ ਜਾਣੀਆਂ ਜਾਂਦੀਆਂ ਹਨ, ਇਸ ਲਈ ਇਹਨਾਂ ਨੂੰ ਆਪਣੀ ਆਪਣੀ ਥਾਂ ਅੰਤਮ ਸੱਚ ਦਾ ਦਰਜਾ ਦਿਤਾ ਜਾਂਦਾ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਸੋਚ ਉਥੇ ਨਹੀਂ ਖਲੋਤੀ ਜਿਥੇ ਸਾਲ ਪਹਿਲੇ ਜਾਂ ਦੋ ਹਜ਼ਾਰ ਸਾਲ ਪਹਿਲੇ ਖਲੋਤੀ ਸੀ ਤੇ ਇਹ ਉਥੇ ਵੀ ਨਹੀਂ ਖਲੋਤੀ ਜਿਥੇ ਪੰਜ ਸੌ ਸਾਲ ਪਹਿਲੇ ਸੀ। ਇਹ ਗੱਲ ਮਾਰਕਸਵਾਦੀਆਂ ਉੱਤੇ ਵੀ ਲਾਗੂ ਹੁੰਦੀ ਹੈ। ਉਹ ਵੀ ਕਈ ਵਾਰ ਧਾਰਮਿਕ ਜਨੂੰਨੀਆਂ ਵਾਂਗ ਹੀ ਵਰਤਾਰਾ ਕਰਦੇ ਹਨ। ਦੁਨੀਆਂ ਉਥੇ ਨਹੀਂ ਖਲੋਤੀ ਹੋਈ, ਜਿਥੇ ਸੌ ਸਾਲ ਪਹਿਲੇ ਖਲੋਤੀ ਸੀ। ਆਪਣੇ ਇਸ਼ਟ ਨੂੰ 'ਆਖਰੀ ਸੱਚ' ਦਾ ਦਰਜਾ ਦੇਣਾ ਇਕ ਜਨੂੰਨ ਹੈ, ਇਹ ਜਨੂੰਨ ਮਨੁੱਖੀ ਭਾਈਚਾਰੇ ਦਾ ਸਾਰਿਆਂ ਨਾਲੋਂ ਵੱਧ ਘਾਤਕ ਰੋਗ ਹੈ। ਇਸ ਰੋਗ ਵਿਰੁੱਧ ਸਿਰਫ ਦਲੀਲ ਨੂੰ ਹੀ ਆਧਾਰ ਬਣਾ ਕੇ ਲੜਿਆ ਜਾ ਸਕਦਾ ਹੈ।

## ਇਸ ਵੇਲੇ ਦਰਬਾਰ ਸਾਹਿਬ ਕੀ ਹੋ ਰਿਹਾ ਹੈ ?

16 ਫਰਵਰੀ ਅਨੰਦਪੁਰ ਦੇ ਹੋਏ ਸਰਬਤ ਖਾਲਸਾ ਇਕੱਠ ਦੇ ਰੈਜ਼ੂਲੇਸ਼ਨਾਂ ਤੋਂ ਜਾਂ ਅਖਬਾਰਾਂ ਵਿਚ ਨਿਕਲਦੀਆਂ ਖਬਰਾਂ ਤੋਂ ਇਸ ਤਰ੍ਹਾਂ ਪ੍ਰਭਾਵ ਪੈਂਦਾ ਹੈ, ਜਿਸ ਤਰ੍ਹਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਗ਼ਦਰ ਪਿਆ ਹੋਇਆ ਹੈ। ਹਥਿਆਰਬੰਦ ਅਤਿਵਾਦੀਆਂ ਨੇ ਉਥੇ ਕਬਜ਼ਾ ਕੀਤਾ ਹੋਇਆ ਹੈ ਅਤੇ ਸਾਧਾਰਨ ਬੰਦੇ ਦਾ ਉਥੇ ਜਾਣਾ ਖਤਰੇ ਤੋਂ ਖਾਲੀ ਨਹੀਂ, ਪਰ ਇਹ ਪ੍ਰਭਾਵ ਬਿਲਕੁਲ ਗਲਤ ਹੈ। ਦਰਬਾਰ ਸਾਹਿਬ ਵਿਚ ਅਮਨ ਅਮਾਨ ਨਾਲ ਕਾਰ ਸੇਵਾ ਹੋ ਰਹੀ ਹੈ। ਹਰਿਮੰਦਰ ਸਾਹਿਬ ਤੋਂ ਉਸੇ ਤਰ੍ਹਾਂ ਕੀਰਤਨ ਹੋ ਰਿਹਾ ਹੈ। ਹੋਰ ਵੀ ਸਾਰੀ ਕਾਰਵਾਈ ਸਾਧਾਰਨ ਦਿਨਾਂ ਵਾਕੁਨ ਹੋ ਰਹੀ ਹੈ। ਹਾਲਤ ਕੋਈ ਇਹੋ ਜਿਹੇ ਨਹੀਂ ਕਿ ਕਿਸੇ ਕਿਸਮ ਦੀ ਫੌਰੀ ਪੁਲੀਸ ਕਾਰਵਾਈ ਦੀ ਲੋੜ ਹੈ। ਟੌਹੜਾ ਹੋਣੀ ਜੇਕਰ ਕੋਈ ਸ਼ਹੀਦੀ ਜੱਥਾ ਲੈ ਕੇ ਜਾਣਗੇ ਤਾਂ ਨਤੀਜੇ ਕੋਈ ਚੰਗੇ ਨਹੀਂ ਨਿਕਲਣਗੇ। ਹਾਂ ਜੇਕਰ ਕੁਝ ਨਿਰਪੱਖ ਕਿਸਮ ਦੇ ਲੋਕ ਭਾਵੇਂ ਉਹ ਫੌਜੀ ਜਰਨੈਲ ਹੋਣ, ਭਾਵੇਂ ਵਕੀਲ ਹੋਣ, ਭਾਵੇਂ ਬੁਧੀਜੀਵੀ ਹੋਣ, ਉਹ ਜੇਕਰ ਕੋਈ ਜੱਥਾ ਲੈ ਕੇ ਜਾਣ ਤੇ ਕੁਝ ਘੱਟ ਤੋਂ ਘੱਟ ਮੰਗਾਂ ਮੰਨਵਾ ਕੇ ਜਿਸਦੇ ਨਾਲ ਦੋਨੋਂ ਧਿਰਾਂ ਦਾ ਵਕਾਰ ਕਾਇਮ ਰਹਿ ਸਕੇ, ਬੜੀ ਆਸਾਨੀ ਨਾਲ ਸਮਝੌਤਾ ਕਰਾਇਆ ਜਾ ਸਕਦਾ ਹੈ। ਏਨੇ ਸਾਰੇ ਸਿੱਖ ਫੋਰਮ ਬਣੇ ਹੋਏ ਹਨ। ਹਰ ਦੂਜੇ ਦਿਨ ਉਹ ਕੋਈ ਨਾ ਕੋਈ ਬਿਆਨ ਅਖਬਾਰ ਵਿਚ ਦੇ ਦੇਂਦੇ ਹਨ। ਕਦੀ ਕੇਂਦਰੀ ਸਰਕਾਰ ਦੀ ਨਿਖੇਧੀ ਕਰ ਦੇਂਦੇ ਹਨ, ਕਦੀ ਵਰਤਮਾਨ ਸਰਕਾਰ ਨੂੰ ਨੇਕ ਸਲਾਹ ਦੇ ਦੇਂਦੇ ਹਨ ਪਰ ਜਿਥੇ ਉਹਨਾਂ ਦੀ ਲੋੜ ਹੁੰਦੀ ਹੈ, ਉਥੇ ਉਹ ਮੂੰਹ ਨਹੀਂ ਦਿਖਾਂਦੇ। ਇਸ ਮਾਮਲੇ ਵਿਚ ਉਹਨਾਂ ਨੂੰ ਪਹਿਲ ਕਦਮੀ ਕਰਨੀ ਚਾਹੀਦੀ ਹੈ। ਹਾਲੀ ਕੁਝ ਨਹੀਂ ਵਿਗੜਿਆ ਪਰ ਵਿਗਾੜ ਹੋ ਸਕਦਾ ਹੈ। ਜਿਨ੍ਹਾਂ ਕੋਲ ਹਰਿਮੰਦਰ ਸਾਹਿਬ ਦੇ ਕੰਪਲੈਕਸ ਦਾ ਕਬਜ਼ਾ ਹੈ, ਉਹਨਾਂ ਕੋਲੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਹਰ ਵੇਲੇ ਹੀ ਜ਼ਬਤ ਵਿਚ ਰਹਿਣ। ਪਹਿਲੇ ਅਕਾਲ ਤਖਤ ਦਾ ਨੁਕਸਾਨ ਹੋਇਆ ਸੀ, ਹੁਣ ਹਰਿਮੰਦਰ ਸਾਹਿਬ ਵੀ ਹੋ ਸਕਦਾ ਹੈ। ਪੰਜਾਬ ਦੀ ਅਮਨ ਸ਼ਾਂਤੀ ਲਈ ਜ਼ਰੂਰੀ ਹੈ ਕਿ ਦਰਬਾਰ ਸਾਹਿਬ ਦੇ ਕੰਪਲੈਕਸ ਦਾ ਮਾਮਲਾ ਅਮਨ ਸ਼ਾਂਤੀ ਨਾਲ ਨਜਿਠਿਆ ਜਾਏ।

ਵਿਛੜਣ ਦੀ ਦਾਸਤਾਂ ਸੀ ਜਾਂ ਉਮਰ ਭਰ ਦੀ ਤਿਹਾ ।
ਖਿਜ਼ਾਂ ਬਣ ਕੇ ਰਹਿ ਗਈ ਮਹੁੱਬਤ ਦੀ ਸਾਰੀ ਫ਼ਿਜ਼ਾ ।

# ਜਗਮੋਹਨ ਦੀ ਰਿਪੋਰਟ ਪਿਛੋਂ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ

ਨਵੀਂ ਦਿੱਲੀ — ਮਾਨਵ ਸਾਧਨ ਵਿਕਾਸ ਮੰਤਰੀ ਸ੍ਰੀ ਪੀ. ਵੀ. ਨਰਸਿਮਹਾ ਰਾਓ ਨੇ ਲੋਕ ਸਭਾ ਵਿਚ ਦੱਸਿਆ ਕਿ ਜੰਮੂ-ਕਸ਼ਮੀਰ ਵਿਚ ਸੰਵਿਧਾਨਿਕ ਮਸ਼ੀਨਰੀ ਦੇ ਫੇਲ੍ਹ ਹੋ ਜਾਣ ਪਿਛੋਂ ਹੀ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਹੈ। ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਦੀ ਥਾਂ ਲੋਕ ਸਭਾ ਵਿਚ ਬਿਆਨ ਦਿੰਦਿਆਂ ਸ੍ਰੀ ਰਾਓ ਨੇ ਦੱਸਿਆ ਕਿ ਰਾਜ ਦੇ ਗਵਰਨਰ ਸ੍ਰੀ ਜਗਮੋਹਨ ਨੇ ਰਾਸ਼ਟਰਪਤੀ ਨੂੰ ਜੰਮੂ-ਕਸ਼ਮੀਰ ਦੀਆਂ ਸਿਆਸੀ ਸਰਗਰਮੀਆਂ ਬਾਰੇ ਰਿਪੋਰਟ ਭੇਜੀ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਜੀ. ਐਮ. ਸ਼ਾਹ ਸਰਕਾਰ ਨੂੰ ਬਹੁਮਤ ਦਾ ਸਮਰਥਨ ਪ੍ਰਾਪਤ ਨਹੀਂ ਰਿਹਾ। ਗਵਰਨਰ ਨੇ ਆਪਣੀ ਰਿਪੋਰਟ ਵਿਚ ਇਹ ਵੀ ਕਿਹਾ ਕਿ ਸੀ ਕਿ ਰਾਜ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਗਈ ਹੈ ਅਤੇ ਸੁਰੱਖਿਆ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਸ੍ਰੀ ਜਗਮੋਹਨ ਸਿੰਘ ਨੇ ਕਿਹਾ ਸੀ ਕਿ ਉਹ ਇਸ ਨਤੀਜੇ ਉਤੇ ਪੁੱਜੇ ਹਨ ਕਿ ਰਾਜ ਵਿਚ ਜੋ ਹਾਲਾਤ ਪੈਦਾ ਹੋ ਰਹੇ ਹਨ ਉਨ੍ਹਾਂ ਨੂੰ ਵੇਖਦਿਆਂ ਸਰਕਾਰ ਰਾਜ ਦੇ ਸੰਵਿਧਾਨ ਹੇਠ ਕੰਮ ਨਹੀਂ ਕਰ ਸਕਦੀ। ਸ੍ਰੀ ਜਗਮੋਹਨ ਨੇ ਜੰਮੂ-ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 92 ਹੇਠ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਵੀ ਕੀਤੀ ਸੀ। ਇਸ ਉਪਰੰਤ ਰਾਸ਼ਟਰਪਤੀ ਵਲੋਂ ਉਸੇ ਦਿਨ ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਪ੍ਰਵਾਨਗੀ ਦੇ ਿ ਦੱਤੀ ਗਈ।

ਸਵਾਲਾਂ ਦੇ ਸਮੇਂ ਨੈਸ਼ਨਲ ਕਾਨਫਰੰਸ (ਫ) ਦੇ ਸ੍ਰੀ ਸੈਫਉਦੀਨ ਸੋਜ਼ ਨੇ ਰਾਜ ਵਿਚ ਰਾਸ਼ਟਰਪਤੀ ਲਾਗੂ ਕੀਤੇ ਜਾਣ ਦੀ ਸਰਾਹਨਾ ਕੀਤੀ ਪਰ ਨਾਲ ਹੀ ਵਿਧਾਨ ਸਭਾ ਭੰਗ ਕਰਕੇ ਨਵੀਆਂ ਚੋਣਾ ਕਰਾਏ ਜਾਣ ਦੀ ਮੰਗ ਵੀ ਕੀਤੀ। ਉਨ੍ਹਾਂ ਨੇ ਸ਼ਾਹ ਸਰਕਾਰ ਦੇ 'ਭ੍ਰਿਸ਼ਟਾਚਾਰ' ਦੀ ਜਾਂਚ ਲਈ ਕਮਿਸ਼ਨ ਕਾਇਮ ਕੀਤੇ ਜਾਣ ਦੀ ਮੰਗ ਵੀ ਕੀਤੀ। ਸ੍ਰੀ ਜਾਖੜ ਨੇ ਸ੍ਰੀ ਸੋਜ਼ ਨੂੰ ਇਹ ਵਿਚਾਰ ਲਿਖਤੀ ਰੂਪ ਵਿਚ ਦੇਣ ਦੀ ਸਲਾਹ ਦਿਤੀ।

ਵਿਰੋਧੀ ਮੈਂਬਰਾਂ ਨੇ ਸਰਕਾਰ ਨੂੰ ਕਿਹਾ ਕਿ ਉਹ ਰਾਜ ਵਿਚ ਰਾਸ਼ਟਰਪਤੀ ਰਾਜ ਜਾਰੀ ਰੱਖਣ ਲਈ ਸਮਾਂ ਮਿਥ ਦੇਵੇ। ਪਰ ਸਰਕਾਰ ਵਲੋਂ ਇਸ ਸਬੰਧ ਵਿਚ ਕੋਈ ਸਪਸ਼ਟ ਉਤਰ ਨਹੀਂ ਦਿਤਾ ਗਿਆ।

ਭਾਜਪਾ ਦੇ ਸ੍ਰੀ ਐਲ. ਕੇ. ਅਡਵਾਨੀ ਨੇ ਧਾਰਾ 370 ਨੂੰ ਖਤਮ ਕਰਨ ਅਤੇ ਰਾਜ ਵਿਚ ਹੋਏ ਦੰਗਿਆਂ ਦੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ।

# ਬਾਦਲ ਤੇ ਹੋਰਾਂ ਵਲੋਂ ਬਜਟ ਦਾ ਸੁਆਗਤ

ਚੰਡੀਗੜ੍ਹ — ਪੰਜਾਬ ਦੇ ਵਿੱਤ ਮੰਤਰੀ ਸ੍ਰੀ ਬਲਵੰਤ ਸਿੰਘ ਵਲੋਂ ਪੇਸ਼ ਕੀਤੇ ਗਏ ਬਜਟ ਉਤੇ ਰਲਵਾਂ ਮਿਲਵਾਂ ਪ੍ਰਤੀਕਰਮ ਹੋਇਆ ਹੈ। ਪੰਜਾਬ ਦੇ ਸਾਬਕਾ ਮਾਲ ਮੰਤਰੀ ਸ੍ਰੀ ਆਤਮਾ ਸਿੰਘ ਨੇ ਬਜਟ ਨੂੰ ਕਿਸਾਨ ਵਿਰੋਧੀ ਕਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਪਹਿਲਾਂ ਹੀ ਆਰਥਿਕ ਤੋਰ ਉਤੇ ਕਮਜ਼ੋਰ ਲੋਕਾਂ ਸਿਰ ਹੋਰ ਬੋਝ ਪਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ 5000 ਰੁਪਏ ਤੱਕ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਪੂਰਾ ਕਰਨ ਵਿਚ ਅਸਫਲ ਰਹੀ ਹੈ।

ਕਾਂਗਰਸ (ਆਈ) ਵਿਧਾਇਕਾਂ ਨੇ ਕਿਹਾ ਹੈ ਕਿ ਇਸ ਨਾਲ ਰਾਜ ਦੇ ਲੋਕਾਂ ਨੂੰ ਨਿਰਾਸ਼ਤਾ ਹੋਈ ਹੈ। ਆਮ ਲੋਕਾਂ ਨੂੰ ਵੀ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਤ ਮੰਤਰੀ ਨੇ ਆਰਥਿਕ ਨੀਤੀ ਵਿਚ ਵੀ ਫਿਰਕੂ ਪਹੁੰਚ ਅਪਣਾਈ ਹੈ। ਇਨ੍ਹਾਂ ਵਿਧਾਇਕਾਂ ਵਿਚ ਕਰਪਾਲ ਸਿੰਘ ਢਿੱਲੋਂ, ਓਮ ਪ੍ਰਕਾਸ਼ ਗੁਪਤਾ, ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਅਤੇ ਕਈ ਹੋਰ ਸ਼ਾਮਲ ਹਨ।

ਸਾਬਕਾ ਮੁਖ ਮੰਤਰੀ ਸ੍ਰੀ ਪ੍ਰਕਾਸ਼ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ ਅਤੇ ਆਰ. ਕੇ. ਕਟਾਰੀਆ ਨੇ ਕਿਹਾ ਹੈ ਕਿ ਬਜਟ ਅਕਾਲੀ ਦਲ ਦੇ ਰਾਜ ਦੇ ਵਿਕਾਸ ਪਰੋਗਰਾਮ ਦੀ ਝਲਕ ਦਿੰਦਾ ਹੈ। ਇਸ ਨਾਲ ਖੇਤੀ ਅਤੇ ਸਨਅਤੀ ਖੇਤਰ ਵਿਕਾਸ ਕਰਨਗੇ।

ਸ੍ਰੀ ਚਰਨਜੀਤ ਸਿੰਘ ਵਾਲੀਆ ਐਮ. ਪੀ. ਪ੍ਰਧਾਨ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨੇ ਬਜਟ ਵਿਚ ਤੀਜੇ ਤਨਖਾਹ ਕਮਿਸ਼ਨ ਦੀ ਨਿਯੁਕਤੀ ਦਾ ਸੁਆਗਤ ਕੀਤਾ ਹੈ।

ਸ੍ਰੀ ਪ੍ਰੇਮ ਗੁਪਤਾ ਤੇ ਸ੍ਰੀ ਸੁਰਜੀਤ ਸਿੰਘ ਮਿਨਹਾਸ ਨੇ ਕਿਹਾ ਹੈ ਕਿ ਬਜਟ ਨੇ ਪੰਜਾਬ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਕੀਤਾ ਹੈ। ਦੰਗਾ ਪੀੜਤ ਫੌਜੀਆਂ ਅਤੇ ਯੁਵਕਾਂ ਲਈ ਰਾਹਤ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਅਕਾਲੀ ਵਿਧਾਇਕਾਂ ਨੇ ਕਿਹਾ ਹੈ ਕਿ ਰਾਹਤ ਸਕੀਮਾਂ ਦਾ ਐਲਾਨ ਕਰ ਕੇ ਅਕਾਲੀ ਸਰਕਾਰ ਵਾਅਦੇ ਉਤੇ ਪੂਰੀ ਉਤਰੀ ਹੈ। ਅਕਾਲੀ ਆਗੂ ਮਨਜੀਤ ਸਿੰਘ ਖਹਿਰਾ ਨੇ ਵੀ ਬਜਟ ਦਾ ਸੁਆਗਤ ਕੀਤਾ ਹੈ। ਭਾਜਪਾ ਆਗੂਆਂ ਹਿਤ ਅਭਿਲਾਸ਼ੀ ਅਤੇ ਕ੍ਰਿਸ਼ਨ ਲਾਲ ਨੇ ਨਵੇਂ ਟੈਕਸ ਫੌਰੀ ਤੌਰ ਉਤੇ ਵਾਪਸ ਲੈਣ ਦੀ ਮੰਗ ਕੀਤੀ ਹੈ।

# ਪੰਜਾਬ ਸਰਕਾਰ ਕਤਲਾਂ ਨੂੰ ਰੋਕੇ — ਜਾਖੜ

ਰਤਲਾਮ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਇਥੇ ਕਿਹਾ ਕਿ ਪੰਜਾਬ ਸਰਕਾਰ ਨੂੰ ਦਹਿਸ਼ਤਪਸੰਦਾਂ ਵਿਰੁਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਬੇਦੋਸ਼ਿਆਂ ਦੇ ਕਤਲ ਤੁਰਤ ਰੋਕੇ ਜਾਣੇ ਚਾਹੀਦੇ ਹਨ। ਰਾਜਸਥਾਨ ਤੇ ਮੱਧ ਪ੍ਰਦੇਸ਼ ਦੀ ਦੋ-ਰੋਜ਼ਾ ਯਾਤਰਾ ਪਿਛੋਂ ਨਵੀਂ ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਜਾਖੜ ਨੇ ਕਿਹਾ ਕਿ ਚੁਣੀ ਹੋਈ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਮ ਲੋਕਾਂ ਦੀ ਹਿਫਾਜ਼ਤ ਯਕੀਨੀ ਬਣਾਵੇ।

# ਹੁਸ਼ਿਆਰਪੁਰ ਨੇੜੇ ਛਾਉਣੀ ਵਿਰੁੱਧ ਅੰਦੋਲਨ ਮੁੜ ਸ਼ੁਰੂ ਹੋਵੇਗਾ

ਹੁਸ਼ਿਆਰਪੁਰ — ਛਾਉਣੀ ਯੋਜਨਾ ਤੋਂ ਪ੍ਰਭਾਵਿਤ 12 ਪਿੰਡਾਂ ਦੇ ਲੋਕਾਂ ਦੀ ਐਕਸ਼ਨ ਕਮੇਟੀ ਨੇ ਆਪਣਾ ਅੰਦੋਲਨ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਇਹ ਅੰਦੋਲਨ ਇਕ ਮਹੀਨਾ ਪਹਿਲਾਂ ਮੁੱਖ ਮੰਤਰੀ ਦੀ ਅਪੀਲ ਉਤੇ ਮੁਲਤਵੀ ਕਰ ਦਿਤਾ ਗਿਆ ਸੀ। ਐਕਸ਼ਨ ਕਮੇਟੀ ਦੇ ਪ੍ਰਧਾਨ ਅਤੇ ਸਾਬਕਾ ਐਮ ਐਲ ਏ ਦਰਸ਼ਨ ਸਿੰਘ ਕੈਨੇਡੀਅਨ ਨੇ ਦੱਸਿਆ ਕਿ ਮੁੱਖ ਮੰਤਰੀ ਦੀ ਹਦਾਇਤ 'ਤੇ ਡਿਪਟੀ ਕਮਿਸ਼ਨਰ ਨੇ ਪ੍ਰਭਾਵਿਤ ਪਿੰਡਾਂ ਦਾ ਪਤਾ ਲਗਾਉਣ ਲਈ ਇਕ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਜਿਸ ਨੇ ਸਿਰਫ ਤਿੰਨ ਪਿੰਡਾਂ ਨੂੰ ਛਾਉਣੀ ਦੇ ਘੇਰੇ ਵਿਚੋਂ ਕੱਢਣ ਦੀ ਸਿਫਾਰਿਸ਼ ਕੀਤੀ। ਬਾਕੀ ਦੇ ਛੇ ਪਿੰਡਾਂ ਦੀ ਉਪਜਾਊ ਧਰਤੀ ਅਜੇ ਵੀ ਛਾਉਣੀ ਦੀ ਮਾਰ ਹੇਠਾਂ ਹੈ।

ਸਾਥੀ ਦਰਸ਼ਨ ਸਿੰਘ ਨੇ ਕਿਹਾ ਕਿ ਇਨ੍ਹਾਂ ਪਿੰਡਾਂ ਦੇ ਆਸੇ ਪਾਸੇ ਵੱਡੀ ਮਾਤਰਾ ਵਿਚ ਬੰਜਰ ਜ਼ਮੀਨ ਪਈ ਹੈ ਤੇ ਇਸ ਨੂੰ ਆਸਾਨੀ ਨਾਲ ਛਾਉਣੀ ਖੇਤਰ ਅਧੀਨ ਲਿਆਂਦਾ ਜਾ ਸਕਦਾ ਹੈ। ਇਨ੍ਹਾਂ 13 ਮਾਰਚ ਨੂੰ ਵਿਧਾਨ ਸਭਾ ਅੱਗੇ ਧਰਨਾ ਕੀਤਾ ਅਤੇ ਮੁੱਖ ਮੰਤਰੀ ਨੂੰ ਯਾਦ ਪੱਤਰ ਵੀ ਦਿਤਾ।

# ਸੇਖੋਂ ਦੇ ਘਰ ਗੋਲੀ ਚਲਾਉਣ ਦੀ ਨਿੰਦਾ

ਅੰਮ੍ਰਿਤਸਰ — ਯੂਨਾਈਟਿਡ ਅਕਾਲੀ ਦਲ ਦੇ ਐਕਟਿੰਗ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੇ ਪਾਰਟੀ ਦੇ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਸੇਖੋਂ ਦੇ ਘਰ ਉਤੇ ਗੋਲੀਆਂ ਚਲਾਉਣ ਦੀ ਸਖਤ ਨਿੰਦਾ ਕੀਤੀ ਹੈ ਤੇ ਸ਼ਰਾਰਤੀ ਅਨਸਰਾਂ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਗਲਤ ਕੰਮਾਂ ਤੋਂ ਬਾਜ਼ ਆਉਣ ਨਹੀਂ ਤਾਂ ਇਸ ਦੇ ਗੰਭੀਰ ਨਤੀਜੇ ਨਿਕਲਣਗੇ। ਬਿਆਨ ਅਨੁਸਾਰ ਬਾਬਾ ਜੋਗਿੰਦਰ ਸਿੰਘ ਸ. ਸੇਖੋਂ ਦੇ ਘਰ ਗਏ ਅਤੇ ਉਨ੍ਹਾਂ ਦੇ ਘਰ ਦੀਆਂ ਕੰਧਾਂ ਉਤੇ ਗੋਲੀਆਂ ਦੇ ਨਿਸ਼ਾਨ ਦੇਖੇ।

ਸੋਚ ਜਦ ਵੀ ਹਸ਼ਰ ਅਪਣਾ ਤੜਪਦੀ ਹੈ ਆਤਮਾ,
ਸਾਥ ਛੱਡ ਗਏ ਸਾਥੀਆਂ ਦਾ ਪੈਂਦਾ ਝਾਉਲਾ ਜਿਹਾ।

## ਖਰਬੂਜ਼ੇ ਹੀ ਖਰਬੂਜ਼ੇ

ਸਮੇਂ ਦੇ ਗੇੜ ਨਿਰਾਲੇ ਹਨ। ਜਿਹੜੇ ਕੱਲ੍ਹ ਵਜ਼ੀਰ ਬਣ ਕੇ ਝੰਡੀਆਂ ਵਾਲੀਆਂ ਕਾਰਾਂ ਵਿਚ ਚੜ੍ਹੇ ਫਿਰਦੇ ਸਨ ਉਹ ਹੁਣ ਕਈ ਵਾਰ ਅਸੈਂਬਲੀ ਵਿਚ ਭੁੱਜੇ ਬੈਠੇ ਜਾਪਦੇ ਹਨ। ਸਾਰਿਆਂ ਤੋਂ ਦੁਖੀ ਅਜਿਹੇ ਲੀਡਰਾਂ ਦੀ ਨੇਤਾ ਸ੍ਰੀਮਤੀ ਗੁਰਬਿੰਦਰ ਕੌਰ ਬਰਾੜ ਹੈ ਜਿਸ ਨੂੰ "ਵਾਕਆਊਟ" ਦਾ ਸਾਰਾ ਡਰਾਮਾ ਕਰਨ ਤੋਂ ਪਿਛੋਂ ਇਹ ਬਿਆਨ ਦੇਣਾ ਪਿਆ ਕਿ ਸਾਡਾ ਮਨੋਰਥ ਕਿਸੇ ਤਰ੍ਹਾਂ ਵੀ ਗਵਰਨਰ ਸਾਹਿਬ ਦਾ ਅਪਮਾਨ ਕਰਨਾ ਨਹੀਂ ਸੀ। ਰਾਜਪਾਲ ਦੇ ਤਾਂ ਅਸੀਂ ਪੂਰੇ ਪੂਰੇ ਵਫਾਦਾਰ ਹਾਂ ਪਰ ਸੰਸਾਰ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਪੰਜਾਬ ਵਿਚ ਲਾਅ ਐਂਡ ਆਰਡੇਰ ਦੀ ਹਾਲਤ ਖਰਾਬ ਹੈ। ਇਸ ਨੂੰ ਦ੍ਰਿੜਤਾ ਨਾਲ ਸੋਧਿਆ ਜਾਣਾ ਚਾਹੀਦਾ ਹੈ।

ਕਾਂਗਰਸੀ ਲੀਡਰਾਂ ਨੂੰ ਲਾਅ ਐਂਡ ਆਰਡਰ ਬਾਰੇ ਬੜਾ ਲੇਟ ਪਤਾ ਲੱਗਾ ਹੈ ਅਤੇ ਇਸ ਗੱਲ ਦਾ ਸ਼ਾਇਦ ਅੱਜ ਤਕ ਪਤਾ ਨਹੀਂ ਲੱਗਾ ਕਿ ਗੜਬੜ ਕਿਸ ਨੇ ਸ਼ੁਰੂ ਕੀਤੀ ਸੀ। ਗੜਬੜ ਕਰਨ ਪਿਛੋਂ ਉਹ ਬੰਦਾ ਜਿਹੜਾ ਆਪਣੇ ਆਪ ਨੂੰ ਜਵਾਹਰ ਲਾਲ ਨਹਿਰੂ ਤੋਂ ਵੀ ਵੱਡਾ ਸਮਝਦਾ ਸੀ, ਅੱਜ ਕੱਲ੍ਹ ਕਿਥੇ ਛੁਪਿਆ ਹੋਇਆ ਹੈ।

ਜਿਵੇਂ ਖਰਬੂਜ਼ੇ ਨੂੰ ਵੇਖ ਕੇ ਖਰਬੂਜ਼ਾ ਰੰਗ ਬਦਲਦਾ ਹੈ ਏਸੇ ਤਰ੍ਹਾਂ ਬੀ. ਜੇ. ਪੀ. ਦੇ ਮੈਂਬਰਾਂ ਨੇ ਵੀ ਕਾਂਗਰਸੀਆਂ ਦਾ ਨਾਟਕ ਵੇਖਣ ਪਿਛੋਂ "ਵਾਕਆਊਟ" ਕਰਕੇ ਸਾਬਤ ਕਰ ਦਿੱਤਾ ਹੈ ਕਿ ਜੇ ਉਨ੍ਹਾਂ ਨੂੰ ਰੱਬ ਨੇ ਪੰਜਾਬ ਦੀ ਹਾਲਤ ਉਤੇ ਹੰਝੂ ਸੁੱਟਣ ਲਈ ਦੋ ਦੋ ਅੱਖਾਂ ਬਖਸ਼ੀਆਂ ਹਨ ਤਾਂ "ਵਾਕਆਊਟ" ਕਰਨ ਵਾਸਤੇ ਟੰਗਾਂ ਵੀ ਦਿੱਤੀਆਂ ਹਨ।

— ਚਾਚਾ ਚੰਡੀਗੜ੍ਹੀਆ

# ਲਾਕਾਨੂੰਨੀ ਲਈ ਬਰਨਾਲਾ ਸਰਕਾਰ "ਜ਼ਿੰਮੇਵਾਰ"

ਜਲੰਧਰ — ਜਨਤਾ ਪਾਰਟੀ ਦੀ ਸੂਬਾਈ ਕਾਰਜਕਾਰਨੀ ਨੇ ਪੰਜਾਬ ਵਿਚ ਲਾਕਾਨੂੰਨੀ ਲਈ ਬਰਨਾਲਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਨਾਲ ਹੀ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਸ ਨੇ ਪੰਜਾਬ ਸਮਝੌਤੇ 'ਤੇ ਅਮਲ ਵਿਚ ਢਿੱਲ-ਮੱਠ ਵਿਖਾ ਕੇ ਪੰਜਾਬ ਵਿਚ ਦਹਿਸ਼ਤਪਸੰਦੀ ਨੂੰ ਸ਼ਹਿ ਦਿੱਤੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ ਇਥੇ ਹੋਈ ਜਿਸ ਵਿਚ ਪਾਸ ਕੀਤੇ ਸਿਆਸੀ ਮਤੇ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਵਿਚ ਕੇਂਦਰ ਵਲੋਂ ਕੀਤੀ ਗਈ ਦੇਰੀ ਨੇ ਰਾਜ ਦੇ ਲੋਕਾਂ ਦੇ ਮਨਾਂ ਵਿਚ ਕੇਂਦਰ ਦੀ ਨੀਅਤ ਪ੍ਰਤੀ ਤਰ੍ਹਾਂ ਤਰ੍ਹਾਂ ਦੇ ਖਦਸ਼ੇ ਪੈਦਾ ਕੀਤੇ ਹਨ। ਕਾਰਜਕਾਰਨੀ ਨੇ ਮੰਗ ਕੀਤੀ ਕਿ ਚੰਡੀਗੜ੍ਹ ਤੁਰਤ ਪੰਜਾਬ ਹਵਾਲੇ ਕੀਤਾ ਜਾਵੇ ਅਤੇ ਪੰਜਾਬ ਤੇ ਹਰਿਆਣਾ ਵਿਚਲੇ ਪੰਜਾਬੀ ਤੇ ਹਿੰਦੀ ਬੋਲਦੇ ਇਲਾਕਿਆਂ ਦੇ ਤਬਾਦਲੇ ਨੂੰ ਸੰਭਵ ਬਣਾਉਣ ਲਈ ਤੁਰਤ ਇਕ ਨਵਾਂ ਕਮਿਸ਼ਨ ਕਾਇਮ ਕੀਤਾ ਜਾਵੇ।

ਪਾਰਟੀ ਨੇ ਪੰਜਾਬ ਦੀ ਬਰਨਾਲਾ ਸਰਕਾਰ ਤੋਂ ਮੰਗ ਕੀਤੀ ਕਿ ਉਹ ਦਹਿਸ਼ਤਪਸੰਦਾਂ ਨੂੰ ਸਖਤੀ ਨਾਲ ਕੁਚਲ ਦੇਵੇ ਅਤੇ ਇਹ ਭਰਮ ਦੂਰ ਕਰੇ ਕਿ ਉਹ ਸਿਆਸੀ ਹਿੰਸਾ 'ਤੇ ਕਾਬੂ ਪਾਉਣ ਵਿਚ ਅਸਮਰਥ ਹੈ। ਕਾਰਜਕਾਰਨੀ ਨੇ ਆਪਣੇ ਆਰਥਿਕ ਮਤੇ ਵਿਚ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਅਤੇ ਇਨ੍ਹਾਂ ਨੂੰ ਪੂੰਜੀਪਤੀ ਪੱਖੀ ਕਰਾਰ ਦਿੱਤਾ। ਪਾਰਟੀ ਦੀ ਸੂਬਾਈ ਕਾਨਫਰੰਸ 5-6 ਅਪਰੈਲ ਨੂੰ ਰੋਪੜ ਵਿਚ ਹੋਵੇਗੀ ਜਿਸ ਵਿਚ ਪਾਰਟੀ ਪ੍ਰਧਾਨ, ਕਾਰਜਕਾਰੀ ਮੈਂਬਰਾਂ ਅਤੇ ਕੌਮੀ ਕੌਂਸਲ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ।

# ਛੋਟੇ ਸਨਅਤਕਾਰਾਂ ਵਲੋਂ ਪੰਜਾਬ ਭਰ ਵਿਚ ਹੜਤਾਲ

ਚੰਡੀਗੜ੍ਹ — ਪੰਜਾਬ ਵਿਚ ਵੱਖ ਵੱਖ ਥਾਵਾਂ ਉਤੇ ਛੋਟੇ ਸਨਅਤਕਾਰਾਂ ਨੇ ਕੇਂਦਰੀ ਆਬਕਾਰੀ ਡਿਊਟੀ ਤੋਂ ਛੋਟ ਦੀ ਸੀਮਾ 20 ਲੱਖ ਤੋਂ ਘਟਾ ਕੇ 7.5 ਲੱਖ ਕੀਤੇ ਜਾਣ ਵਿਰੁਧ ਰੋਸ ਵਜੋਂ ਮੁਕੰਮਲ ਬੰਦ ਰੱਖਿਆ। ਬੰਦ ਦਾ ਸੱਦਾ ਪੰਜਾਬ ਇੰਡਸਟਰੀਜ਼ ਐਸੋ: ਤੇ ਫੈਡਰੇਸ਼ਨ ਆਫ ਪੰਜਾਬ ਇੰਡਸਟਰੀਜ਼ ਨੇ ਦਿੱਤਾ ਸੀ। ਲੁਧਿਆਣਾ ਵਿਚ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਸਾਰੀਆਂ ਸਨਅਤੀ ਇਕਾਈਆਂ ਬੰਦ ਰਹੀਆਂ। ਸਨਅਤਕਾਰਾਂ ਦੀ ਇਕ ਰੈਲੀ ਕੁਆਲਟੀ ਮਾਰਕੀਟਿੰਗ ਸੈਂਟਰ ਵਿਖੇ ਹੋਈ ਜਿਸ ਵਿਚ ਆਬਕਾਰੀ ਤੋਂ ਛੋਟ-ਦੀ ਸੀਮਾ ਪੰਜਾਹ ਲੱਖ ਰੁਪਏ ਕਰਨ ਦੀ ਮੰਗ ਕੀਤੀ ਗਈ। ਬੁਲਾਰਿਆਂ ਨੇ ਪ੍ਰਧਾਨ ਮੰਤਰੀ ਤੇ ਕੇਂਦਰੀ ਵਿੱਤ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਛੋਟੀਆਂ ਸਨਅਤਾਂ ਨੂੰ ਤਬਾਹੀ ਤੋਂ ਬਚਾਉਣ।

ਬਟਾਲਾ ਵਿਚ ਵੀ ਸਾਰੀਆਂ ਛੋਟੀਆਂ ਸਨਅਤੀ ਇਕਾਈਆਂ ਵਿਚ ਮੁਕੰਮਲ ਹੜਤਾਲ ਰਹੀ। ਸਨਅਤਕਾਰਾਂ ਨੇ ਕੇਂਦਰੀ ਵਿੱਤ ਮੰਤਰਾਲੇ ਦੀਆਂ ਨੀਤੀਆਂ ਵਿਰੁੱਧ ਰੋਸ ਵਜੋਂ ਜਲੂਸ ਵੀ ਕੱਢਿਆ। ਪੁਲੀਸ ਨੇ 35 ਸਨਅਤਕਾਰਾਂ ਨੂੰ ਦਫਾ 144 ਦੀ ਉਲੰਘਣਾ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ।

ਜਲੰਧਰ ਨਹਿਰੂ ਗਾਰਡਨ ਵਿਚ ਛੋਟੇ ਸਨਅਤਕਾਰਾਂ ਨੇ ਇਕ ਰੈਲੀ ਕੀਤੀ ਜਿਸ ਵਿਚ ਕੇਂਦਰੀ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਵਿਰੁਧ ਸਖਤ ਰੋਸ ਪ੍ਰਗਟ ਕੀਤਾ ਗਿਆ। ਰੈਲੀ ਨੂੰ ਸਨਅਤਕਾਰਾਂ ਦੀ ਐਕਸ਼ਨ ਕਮੇਟੀ ਦੇ ਚੇਅਰਮੈਨ ਮਿਹਰ ਸਿੰਘ ਖਾਲਸਾ ਤੇ ਹੋਰ ਸਨਅਤੀ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਜਲੰਧਰ ਦੂਰਦਰਸ਼ਨ ਕੇਂਦਰ ਦੇ ਬਾਹਰ ਮੁਜ਼ਾਹਰਾ ਵੀ ਕੀਤਾ।

# ਸੰਯੁਕਤ ਦਲ ਦਾ "ਤੱਕੜੀ" 'ਤੇ ਦਾਅਵਾ

ਅੰਮ੍ਰਿਤਸਰ — ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਹੇਠਲੇ ਸੰਯੁਕਤ ਅਕਾਲੀ ਦਲ ਨੇ ਅਕਾਲੀ ਦਲ (ਲੌਂਗੋਵਾਲ) ਦੇ ਅਜੋਕੇ ਚੋਣ ਨਿਸ਼ਾਨ "ਤੱਕੜੀ" ਉਪਰ ਆਪਣਾ ਹੱਕ ਹੋਣ ਦਾ ਦਾਅਵਾ ਕੀਤਾ ਹੈ। ਸੰਯੁਕਤ ਦਲ ਦੇ ਸਕੱਤਰ ਮਨਮੋਹਨ ਸਿੰਘ ਨੇ ਮੁਖ ਚੋਣ ਕਮਿਸ਼ਨ ਅਤੇ ਮੁਖ ਚੋਣ ਅਫਸਰ ਪੰਜਾਬ ਨੂੰ ਵੱਖ ਵੱਖ ਤਾਰਾਂ ਭੇਜੀਆਂ ਹਨ ਤੇ ਕਿਹਾ ਹੈ ਕਿ ਬਾਬਾ ਦੀ ਅਗਵਾਈ ਹੇਠਲਾ ਸ਼੍ਰੋਮਣੀ ਅਕਾਲੀ ਦਲ ਹੀ "ਅਸਲ ਅਕਾਲੀ ਦਲ" ਹੈ। ਕਿਉਂ ਜੋ ਲੌਂਗੋਵਾਲ ਅਤੇ ਤਲਵੰਡੀ ਧੜੇ ਇਸ ਵਿਚ ਸ਼ਾਮਲ ਹੋ ਗਏ ਸਨ ਤੇ ਲਿਖਤੀ ਸਹਿਮਤੀ ਵੀ ਪ੍ਰਗਟਾਈ ਗਈ ਸੀ। ਸਕੱਤਰ ਨੇ ਚੋਣ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਸੰਯੁਕਤ ਦਲ ਨੂੰ ਚੋਣ ਨਿਸ਼ਾਨ "ਤੱਕੜੀ" ਅਲਾਟ ਕੀਤਾ ਜਾਵੇ।

# ਟੋਰੀ ਬਜਟ



ਚਰਨਪਾਲ ਗਿੱਲ

ਬਜਟ ਬਾਰੇ ਗੱਲ ਕਰਨ ਤੋਂ ਪਹਿਲੋਂ ਮੈਂ ਆਪ ਨਾਲ ਇਹ ਗੱਲ ਸਾਂਝੀ ਕਰ ਲਵਾਂ ਕਿ ਬਜਟ ਹੈ ਕੀ ਬਲਾ। ਬਜਟ ਮੁਲਕ ਦੀ ਆਮਦਨ ਤੇ ਖਰਚੇ ਦੀ ਪਲਾਨ ਤੇ ਸਕੀਮ ਹੈ। ਜਿਵੇਂ ਕਿ ਇਨਸਾਨ ਦਾ ਦਿਲ ਪੰਪ ਕਰਕੇ, ਸਰੀਰ ਦੀਆਂ ਨਾਲੀਆਂ ਰਾਹੀਂ ਥਾਂ ਥਾਂ ਤੇ ਖੂਨ ਪਹੁੰਚਾਉਂਦਾ ਹੈ ਇਸੇ ਤਰ੍ਹਾਂ ਹੀ ਮੁਲਕ ਦਾ ਬਜਟ ਇਕ ਦਿਲ ਹੈ, ਇਕ ਧੜਕਣ ਹੈ ਤੇ ਇਕ ਜਾਨ ਹੈ। ਇਹ ਇਕ ਢਾਂਚਾ ਹੈ ਜਿਸ ਰਾਹੀਂ ਮੁਲਕ ਦੇ ਪੈਸੇ ਵੱਖੋ ਵਖਰੀਆਂ ਮਨਿਸਟਰੀਆਂ, ਪਰਾਜੈਕਟ, ਸਕੀਮਾਂ, ਖੋਜਾਂ, ਡੀਫੈਂਸ, ਟਰਾਂਸਪੋਰਟੇਸ਼ਨ, ਸੋਸ਼ਲ ਪਰੋਗਰਾਮ ਬਗੈਰਾ ਬਗੈਰਾ ਤੇ ਖਰਚੇ ਜਾਂਦੇ ਹਨ ਅੱਜ ਅਸੀਂ ਜਨਰਲ ਨੁਕਤਾਚੀਨੀ ਕਰ ਸਕਦੇ ਹਾਂ ਕਿ ਟੋਰੀ ਬਜਟ ਲੋਕਾਂ ਦੇ ਹਿਤਾਂ ਦੀ ਰਾਖੀ ਕਰਦਾ ਹੈ ਜਾਂ ਅਮੀਰਾਂ ਦੇ ਹੋਰ ਢਿੱਡ ਭਰਦਾ ਹੈ।

ਕਿਸੇ ਭੀ ਮੁਲਕ ਜਾਂ ਲੋਕਾਂ ਦਾ ਸਟੈਂਡਰਡ ਦੇਖਣਾ ਹੋਵੇ ਤਾਂ ਸਾਨੂੰ ਡੂੰਘੀ ਝਾਤ ਮਾਰਨੀ ਪੈਣੀ ਹੈ ਕਿ ਉਹ ਗਰੀਬ, ਬਜ਼ੁਰਗ ਤੇ ਬੇਆਸਰੇ ਲੋਕਾਂ ਦੀ ਸੰਭਾਲ ਕਿਸ ਤਰ੍ਹਾਂ ਕਰਦੇ ਹਨ। ਤੇ ਇਨ੍ਹਾਂ ਦੀ ਰਖਿਆ ਲਈ ਕਿਹੋ ਜਿਹੇ ਸੋਸ਼ਿਲ ਪਰੋਗਰਾਮ ਹਨ। ਅੱਜ ਦੇ ਪਰੋਗਰਾਮ ਵਿਚ ਅਸੀਂ ਬੱਜਟ ਵਿਚ ਜੋ ਕੁਝ ਪੈਸਾ ਸੋਸ਼ਿਲ ਪਰੋਗਰਾਮ ਲਈ ਨਿਯੁਕਤ ਕੀਤਾ ਹੈ ਉਸਦੀ ਪੜਤਾਲ ਕਰਾਂਗੇ।

ਮੁਲਕਾਂ ਨੂੰ ਟੈਕੀਂ ਤੋਂ ਆਮਦਨੀ ਹੁੰਦੀ ਹੈ। ਜੇ ਕੋਈ ਗਰੀਬ ਜਾਂ ਮਜ਼ਦੂਰ ਟੈਕਸ ਨਾ ਦੇਵੇ ਤਾਂ ਸਰਕਾਰ ਉਸਦੇ ਗੱਲ ਵਿਚ ਝੱਟ ਰੱਸਾ ਪਾ ਲੈਂਦੀ ਹੈ। ਪਰ ਇਸ ਮੁਲਕ ਦੇ ਅਮੀਰਾਂ ਨੇ ਪੌਣੇ ਤਿੰਨ ਬਿਲੀਅਨ ਡਾਲਰ ਟੈਕਸ ਨਹੀਂ ਦਿਤੇ। 313 ਕੰਪਨੀਆਂ ਜੋ ਕਿ ਕਾਫੀ ਵੱਡੀਆਂ ਕੰਪਨੀਆਂ ਹਨ ਅਪਰਾਧੀ ਕਰਾਰ ਦੇ ਦਿੱਤੀਆਂ ਹਨ। ਇਕ ਬਿਲੀਅਨ ਡਾਲਰ ਇਨ੍ਹਾਂ ਨੂੰ ਮੁਆਫ ਕਰ ਦਿਤਾ ਹੈ ਕਿਉਂਕਿ ਕੰਪਨੀਆਂ ਦੀਵਾਲਾ ਕੱਢ ਗਈਆਂ ਤੇ ਸਰਕਾਰ ਪੈਸੇ ਉਗਰਾਹ ਨਹੀਂ ਸਕਦੀ। ਪਰ ਇਸ ਸਰਕਾਰ ਨੇ ਕਿਸੇ ਮਜ਼ਦੂਰ ਨੂੰ ਕਦੇ ਇਕ ਛਾਲਾ ਭੀ ਮੁਆਫ ਨਹੀਂ ਕੀਤਾ। ਜੇ ਗਰੀਬ ਮਰ ਭੀ ਜਾਵੇ ਤਾਂ ਸਰਕਾਰ ਟੈਕਸ ਉਗਰਾਹੁਣ ਲਈ ਕਬਰ ਪੁਟਣ ਤੱਕ ਜਾਂਦੀ ਹੈ। ਚੁਸਤ ਲੋਕਾਂ ਨੇ ਪੈਸੇ ਬਚਾਉਣ ਲਈ ਟੈਕਸ ਬਿਲ ਵਿਚ ਬਹੁਤ ਊਣਤਾਈਆਂ ਲੱਭ ਲਈਆਂ ਹਨ। ਇਸ ਸਰਕਾਰ ਤੋਂ ਅਜੇ ਤੱਕ ਇਸ ਟੈਕਸ ਬਿਲ ਦੀਆਂ ਗਲੀਆਂ ਬੰਦ ਨਹੀਂ ਹੋਈਆਂ। ਪਰ ਜੋ 15,000 ਤੇ 40,000 ਦੇ ਦਰਮਿਆਨ ਪੈਸੇ ਕਮਾਉਂਦੇ ਹਨ ਉਨ੍ਹਾਂ ਦੇ ਟੈਕਸ 23 ਪਰਸੈਂਟ ਵਧਾ ਦਿਤਾ ਹੈ ਲਗ ਭਗ 1300 ਕੰਮ ਕਰਨ ਵਾਲੇ ਲੋਕਾਂ ਤੇ ਹੋਰ ਭਾਰ ਪਾ ਦਿਤਾ ਹੈ।

ਇਸ ਮੁਲਕ ਵਿਚ ਸਭ ਤੋਂ ਗਰੀਬ ਨੌਜੁਆਨ ਹਨ ਜਾਂ ਬਜ਼ੁਰਗ ਹਨ। ਬਜ਼ੁਰਗ ਗਰੀਬ ਇਸ ਕਰਕੇ ਹਨ ਕਿ ਉਨ੍ਹਾਂ ਦੀ ਬੁਢਾਪੇ ਵਿਚ ਆਮਦਨ ਘੱਟ ਜਾਂਦੀ ਹੈ। ਬਜ਼ੁਰਗਾਂ ਦਾ ਸਭ ਤੋਂ ਬਹੁਤ ਖਰਚਾ ਕਿਰਾਏ ਤੇ ਹੁੰਦਾ ਹੈ ਕਿਉਂਕਿ ਇਸ ਠੰਡੇ ਮੁਲਕ ਵਿਚ ਘਰ ਦੀ ਬਹੁਤ ਜ਼ਰੂਰਤ ਹੈ। ਫੈਡਰਲ ਸਰਕਾਰ ਸ਼ੋਸ਼ਲ ਹਾਊਸਿੰਗ ਤੇ ਕਾਫੀ ਖਰਚ ਕਰਦੀ ਸੀ ਤਾਂਕਿ ਬਜ਼ੁਰਗ ਤੇ ਘੱਟ ਆਮਦਨ ਵਾਲੇ ਲੋਕਾਂ ਨੂੰ 40 ਪਰਸੈਂਟ ਤੋਂ ਜ਼ਿਆਦਾ ਪੈਸੇ ਨਾ ਖਰਚਣੇ ਪੈਣ। ਹੁਣ ਇਹ ਜ਼ਿੰਮੇਵਾਰੀ ਪਰਾਵਿੰਸਾਂ ਨੂੰ ਦੇ ਦਿੱਤੀ ਹੈ। ਬੀ. ਸੀ. ਵਿਚ ਸੋਕਰਡ ਸਰਕਾਰ ਇਸ ਜ਼ਿੰਮੇਵਾਰੀ ਨੂੰ ਹੁਣ ਬਿਜ਼ਨਿਸ ਲੋਕਾਂ ਦੇ ਹੱਥ ਦੇ ਰਹੀ ਹੈ। ਡਰ ਇਹ ਹੈ ਕਿ ਬਿਜ਼ਨਿਸ ਲੋਕ ਇਹ ਘਰ ਲੋਕਾਂ ਦੀ ਮਦਦ ਜਾਂ ਹਮਦਰਦੀ ਲਈ ਨਹੀਂ ਬਨਾਉਣੇ ਸਗੋਂ ਉਨ੍ਹਾਂ ਇਨਾਂ ਪਰਾਜੈਕਟਾਂ ਨੂੰ ਮੁਨਾਫੇ ਲਈ ਵਰਤਣਾ ਹੈ। ਹੁਣ ਸਰਕਾਰ ਨੇ ਕਈ ਪਰਾਜੈਕਟ ਕੈਂਸਲ ਕਰ ਦਿਤੇ ਹਨ। ਪਿਕਸ ਸੁਸਾਇਟੀ ਦੀ ਭਾਰਤੀ ਬਜ਼ੁਰਗਾਂ ਨੂੰ ਘੱਟ ਕਿਰਾਏ ਵਾਲੇ ਘਰ ਬਨਾਉਣ ਦੀ ਸਕੀਮ ਹੈ। ਸਰਕਾਰ ਦੀ ਨਵੀਂ ਪਾਲਿਸੀ ਕਰਕੇ ਇਸ ਵਿਚ ਕਾਫੀ ਦਿਕਤ ਪੇਸ਼ ਆਵੇਗੀ। ਇਹ ਬੜੀ ਸ਼ਰਮਨਾਕ ਗੱਲ ਨੂੰ ਕਿ ਸਰਕਾਰ ਇਸ ਸਕੀਮ ਨੂੰ ਪਰਾਈਵੇਟ ਹੱਥਾਂ ਵਿਚ ਦੇ ਰਹੀ ਹੈ।

ਇਸ ਤਰ੍ਹਾਂ ਜੋ ਨੌਜੁਆਨਾਂ ਲਈ ਪਰੋਗਰਾਮ ਸਨ ਉਹ ਭੀ ਕੱਟੇ ਜਾ ਰਹੇ ਹਨ ਕਿਟੀਮਾਵਿਕ ਪਰੋਗਰਾਮ, ਜਿਸਦਾ 20 ਕਰੋੜ ਦਾ ਬਜਟ ਸੀ, ਨੌਜੁਆਨਾਂ ਨੂੰ ਦੇਸ਼ ਦੀ ਜਾਣਕਾਰੀ ਲਈ ਤੇ ਨੌਕਰੀਆਂ ਲਈ ਤਿਆਰ ਕਰਨਾ ਸੀ। ਇਹ ਪਰੋਗਰਾਮ ਹਰ ਸਾਲ 2,000 ਨੌਜੁਆਨਾਂ ਨੂੰ ਲੋਕ ਸੇਵਾਵਾਂ ਲਈ ਮੌਕਾ ਦੇਂਦਾ ਸੀ ਤੇ ਉਨ੍ਹਾਂ ਨੂੰ ਕੰਮ ਕਰਨ ਦੇ ਤਜਰਬੇ ਦਾ ਸਰਟੀਫਿਕੇਟ ਭੀ ਮਿਲਦਾ ਸੀ। ਕਿਉਂਕਿ ਬਹੁਤ ਨੌਜੁਆਨਾਂ ਨੂੰ ਕੰਮ ਲੱਭਣ ਵਿਚ ਮੁਸ਼ਕਲਾਂ ਪੇਸ਼ ਆਉਂਦੀਆਂ ਸਨ

ਕਿਉਂਕਿ ਹਰ ਮਾਲਕ ਉਨ੍ਹਾਂ ਨੂੰ ਇਹ ਪੁੱਛਦਾ ਹੈ ਕਿ ਕੀ ਆਪ ਕੋਲ ਕੈਨੇਡੀਅਨ ਤਜਰਬਾ ਹੈ? ਸਿਰਫ ਏਨਾ ਹੀ ਨਹੀਂ ਟੋਰੀ ਸਰਕਾਰ ਨੇ ਨੌਜੁਆਨਾਂ ਦੇ ਪਰੋਗਰਾਮ ਵਿਚ ਇਕ ਸੌ ਕਰੋੜ ਦੀ ਕਟੌਤੀ ਕੀਤੀ। ਕੈਨੇਡਾ ਵਿਚ ਛੇ ਲੱਖ ਨੌਜਵਾਨ ਜੋ ਸਮਰ ਵਿਚ ਨੌਕਰੀਆਂ ਦੀ ਭਾਲ ਵਿਚ ਹੋਣਗੇ, ਉਨ੍ਹਾਂ ਨੂੰ ਇਹ ਸਰਕਾਰ ਕੀ ਜਵਾਬ ਦੇਵੇਗੀ? ਨੌਜੁਆਨਾਂ ਵੱਲੋਂ ਇਨ੍ਹਾਂ ਧੱਕੇਸ਼ਾਹੀਆਂ ਨੂੰ ਨਾ ਸਹਾਰਦਿਆਂ ਹੋਇਆਂ ਸੈਨੇਟਰ ਜੇਕਸ ਹੇਬਰਟ ਨੇ ਪਾਰਲੀਮੈਂਟ ਬਿਲਡਿੰਗ ਵਿਚ ਮਰਨ ਵਰਤ ਰੱਖ ਲਿਆ ਤਾਂਕਿ ਕੈਨੇਡਾ ਨਿਵਾਸੀਆਂ ਨੂੰ ਭਲੀਭਾਂਤ ਜਾਣਕਾਰੀ ਹੋ ਜਾਵੇ ਕਿ ਇਹ ਸਰਕਾਰ ਨੌਜੁਆਨਾਂ ਨਾਲ ਕਿੰਨੀ ਕੁ ਬੇ ਇਨਸਾਫੀ ਕਰਦੀ ਹੈ।

ਪਰਾਈਮ ਮਨਿਸਟਰ ਬਰਾਇਨ ਮਲਰੂਨੀ ਨੇ ਵਾਅਦਾ ਕੀਤਾ ਸੀ ਕਿ ਸੋਸ਼ਲ ਪਰੋਗਰਾਮ ਪਵਿਤਰ ਹਨ ਇਨ੍ਹਾਂ ਨੂੰ ਛੇੜਿਆ ਨਹੀਂ ਜਾਵੇਗਾ। ਪਰ ਪਿਛਲੇ ਸਾਲ ਬਜ਼ੁਰਗਾਂ ਦੀ ਪੈਨਸ਼ਨ ਤੇ ਫੈਮਲੀ ਅਲਾਊਂਸ ਚੈਕਾਂ ਵਿਚ ਇਹ ਸਰਕਾਰ ਕਟੌਤੀ ਕਰਨ ਲਗੀ ਸੀ ਪਰ ਜਦ ਬਜ਼ੁਰਗਾਂ ਨੇ ਕਮਰਕਸੇ ਕੱਸ ਲਏ ਤੇ ਜ਼ੋਰਦਾਰ ਪਰੋਟੈਸਟ ਕੀਤਾ ਤਾਂ ਸਰਕਾਰ ਨੇ ਬਿਲ ਵਾਪਸ ਕਰ ਲਿਆ। ਜੇ ਅਸੀਂ ਚੇਤੰਨ ਨਾ ਰਹੇ ਸੁੱਤੇ ਪਏ ਰਹੇ ਤਾਂ ਸਰਕਾਰ ਤੁਹਾਡੇ ਖੀਸੇ ਕੱਟਣ ਤੱਕ ਜਾਵੇਗੀ। ਸਿਆਸਤਦਾਨਾਂ ਦਾ ਕਹਿਣੇ ਦਾ ਇਤਬਾਰ ਨਹੀਂ ਪਰ ਅਮਲਾਂ ਦਾ ਇਤਬਾਰ ਕਰਨਾ ਚਾਹੀਦਾ ਹੈ। ਕਿਉਂਕਿ ਇਹ ਕਹਿੰਦੇ ਕੁਝ ਹਨ ਤੇ ਕਰਦੇ ਕੁਝ ਹੋਰ ਹਨ। ਇਨ੍ਹਾਂ ਦੇ ਪਰੋਗਰਾਮਾਂ ਦੇ ਅਸਰ ਨਾਲ ਸਮਾਜਕ ਤੇ ਆਰਥਿਕ ਬਰਾਬਰਤਾ ਤਾਂ ਕੀ ਹੋਣੀ ਸੀ ਪਰ ਅਮੀਰ ਗਰੀਬ ਵਿਚ ਪਾੜਾ ਵਧ ਰਿਹਾ ਹੈ। ਪਾਬਰਟੀ ਲਾਈਨ ਤੋਂ ਥੱਲੇ ਪਹਿਲੋਂ ਸਾਡੇ 14 ਪਰਸੈਂਟ ਲੋਕ ਸਨ ਪਰ ਹੁਣ 18 ਪਰਸੈਂਟ। ਪਾਬਰਟੀ ਲਾਈਨ ਜਿਸਨੂੰ ਕਿ ਗਰੀਬੀ ਦੀ ਲਾਈਨ ਕਹਿੰਦੇ ਹਨ ਸਾਡੇ ਭਾਰਤੀ ਲੋਕ 75 ਪਰਸੈਂਟ ਇਸ ਤੋਂ ਥੱਲੇ ਰਹਿੰਦੇ ਹਨ। ਜੇ ਆਪ ਦੇ ਪਰਵਾਰ ਵਿਚ ਚਾਰ ਮੈਂਬਰ ਹਨ ਤੇ ਆਪ ਦੀ ਆਮਦਨ 21,1500 ਤੋਂ ਥੱਲੇ ਹੈ ਤਾਂ ਆਪ ਇਸ ਅਮੀਰ ਮੁਲਕ ਵਿਚ ਗਰੀਬਾਂ ਦੀ ਦੁਨੀਆਂ ਵਿਚ ਰਹਿ ਰਹੇ ਹੋ। 1984 ਦੇ ਇਨਕਮ ਸਟੈਟਿਸ ਦੇ ਅਨੁਕੂਲ ਭਾਰਤੀ ਲੋਕਾਂ ਦੀ ਆਮਦਨ ਸਿਰਫ ਆਦਿਵਾਸੀਆਂ ਤੋਂ ਉਪਰ ਹੈ ਤੇ ਹੋਰ ਸਾਰਿਆਂ ਤੋਂ ਥੱਲੇ, ਇਕ ਪਾਸੇ ਗਰੀਬੀ ਵਧ ਰਹੀ ਹੈ ਦੂਜੇ ਪਾਸੇ ਇਸ ਸਮੇਂ ਵਿਚ ਇਕ ਲੱਖ ਤੋਂ ਉਪਰ ਕਮਾਉਣ ਵਾਲਿਆਂ ਵਿਚ ਦੋ ਫੀ ਸਦੀ ਵਾਧਾ ਹੋਇਆ ਹੈ।

ਫੈਡਰਲ ਸਰਕਾਰ ਨੇ ਆਪਦੀ ਜਾਣਕਾਰੀ ਲਈ ਬਹੁਤ ਰੀਪੋਰਟਾਂ ਤਿਆਰ ਕੀਤੀਆਂ ਜਿਸ ਵਿਚ ਬਹੁਤ ਸਾਰੀਆਂ ਸਿਫਾਰਸ਼ਾਂ ਹੋਈਆਂ। ਉਨ੍ਹਾਂ ਵਿਚ Abella commission report, equality now and equality for all ਕਾਫੀ ਪ੍ਰਸਿੱਧ ਹਨ। ਕੀ ਇਨ੍ਹਾਂ ਸਿਫਾਰਸ਼ਾਂ ਨਾਲ ਸਰਕਾਰ ਦੇ ਕੰਨ ਤੇ ਜੂੰ ਸਰਕੀ। ਬਿਲਕੁਲ ਨਹੀਂ। ਸਗੋਂ ਕੰਮ ਇਸ ਤੋਂ ਉਲਟ ਹੋ ਰਿਹਾ ਹੈ। ਨਵੀਆਂ ਨੌਕਰੀਆਂ ਲਈ ਕੋਈ ਖਾਸ ਸਕੀਮ ਤਿਆਰ ਨਹੀਂ। ਬੇਰੁਜ਼ਗਾਰੀ ਖਾਸ ਕਰਕੇ ਬੀ ਸੀ ਵਿਚ ਬਹੁਤ ਵੱਧ ਰਹੀ ਹੈ। ਅੱਗੇ ਸਿਆਸੀ ਰਫੂਜੀ ਇਥੇ ਆ ਕੇ ਦਰਖਾਸਤ ਦੇ ਸਕਦੇ ਸਨ ਪਰ ਹੁਣ ਉਨ੍ਹਾਂ ਨੂੰ ਬਾਹਰੋਂ ਦਰਖਾਸਤ ਦੇਣੀ ਪਿਆ ਕਰੇਗੀ। ਰਫੂਜੀਆਂ ਦੇ ਬੰਦੋਬਸਤ ਲਈ ਜਾਂ ਨਵੇਂ ਇਮੀਗਰੈਂਟਾਂ ਨੂੰ ਸਹੂਲਤਾਂ ਵਿਚ ਬਿਲਕੁਲ ਵਾਧਾ ਨਹੀਂ ਹੋਇਆ। ਸਗੋਂ ਇਨ੍ਹਾਂ ਪਰੋਗਰਾਮਾਂ ਵਿਚ ਕਟੌਤੀ ਹੋ ਰਹੀ ਹੈ।

ਘੱਟ ਗਿਣਤੀ ਤੇ ਰੰਗਦਾਰ ਲੋਕਾਂ ਨੂੰ ਜੋ ਵਾਅਤੇ ਕੀਤੇ ਸਨ ਉਹ ਪੂਰੇ ਨਹੀਂ ਕੀਤੇ। ਇਹ ਬਜਟ ਸਾਡੇ ਲਈ ਖੁਸ਼ਹਾਲੀ ਨਹੀਂ ਲਿਆਵੇਗਾ ਸਗੋਂ ਸਾਡੀਆਂ ਤਕਲੀਫਾਂ ਵਿਚ ਵਾਧਾ ਕਰੇਗਾ। ਅਗਾਂਹ ਨੂੰ ਜਦ ਵੋਟ ਪਾਉਣੀ ਹੈ ਤਾਂ ਕਿਸੇ ਨਾਲ ਹੱਥ ਮਿਲਾ ਕੇ ਜਾਂ ਮਿਤਰਚਾਰੀ ਕਰਕੇ ਨਾ ਪਾਉਣੀ ਸਗੋਂ ਮੌਕੇ ਦੀ ਸਰਕਾਰ ਦੀਆਂ ਪਾਲਿਸੀਆਂ ਨੂੰ ਸਮਝਕੇ ਪਾਉਣੀ।

ਰੋੜੇ ਇੱਟਾਂ 'ਚ ਬਦਲ ਗਿਆ, ਇਕਰਾਰ ਦਾ ਕੋਈ ਮਹੱਲ,
ਵਾ ਵਰੋਲਾ ਸੀ ਕੋਈ ਉਹ, ਜਾਂ ਪੁਰੇ ਦੀ ਸੀ ਹਵਾ।


ਜਿਸ ਪੌਦੇ ਨੂੰ ਹੋਈ ਸੀ, ਕਦੇ ਕਿਸੇ ਦਾਮਨ ਦੀ ਛਾਂ,
ਰੁੱਖ ਬਣਕੇ ਉਹੀ ਪੌਦਾ ਚੌਕ 'ਚ ਸੁਕਿਆ ਪਿਆ।

# ਥੀਨ ਦੇ ਕਾਮਿਆਂ ਨੂੰ ਵਿਸ਼ੇਸ਼ ਸਹੂਲਤਾਂ

ਥੀਨ (ਗੁਰਦਾਸਪੁਰ)— ਪੰਜਾਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਥੀਨ ਡੈਮ ਉਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਉਹ ਹੀ ਸਹੂਲਤਾਂ ਦੇਣ ਦਾ ਐਲਾਨ ਕੀਤਾ ਹੈ ਜੋ ਕਿ ਭਾਖੜਾ ਤੇ ਬਿਆਸ ਡੈਮ ਉਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਦਿੱਤੀਆਂ ਜਾਂਦੀਆਂ ਸਨ। 750 ਕਰੋੜ ਦੀ ਲਾਗਤ ਵਾਲੇ ਥੀਨ ਡੈਮ ਦੀ ਰਾਵੀ ਦਾ ਪਾਣੀ ਮੋੜਨ ਵਾਲੀ ਪਹਿਲੀ ਸੁਰੰਗ ਦੇ ਧਮਾਕਾਖੇਜ਼ ਮਾਦੇ ਨਾਲ ਪੁਟਾਈ ਮੁਕੰਮਲ ਕਰਨ ਸਮੇਂ ਉਥੇ ਜੁੜੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ. ਬਰਨਾਲਾ ਨੇ ਕਿਹਾ ਕਿ ਇਸ ਪ੍ਰਾਜੈਕਟ ਉਤੇ ਪ੍ਰਧਾਨ ਮੰਤਰੀ ਦੀ ਪਿਛਲੇ ਸਾਲ ਫੇਰੀ ਤੋਂ ਪਿਛੋਂ ਕੰਮ ਤੇਜ਼ ਕਰ ਦਿਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਡੈਮ ਦੀ ਉਸਾਰੀ ਤੋਂ ਪਿਛੋਂ ਪਾਕਿਸਤਾਨ ਨੂੰ ਜਾਂਦਾ ਪਾਣੀ ਜੰਮੂ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀ ਵਰਤੋਂ ਵਿਚ ਆਇਗਾ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਮੁਕੰਮਲ ਹੋਣ ਤੋਂ ਪਿਛੋਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਬਿਜਲੀ ਦਾ ਉਨ੍ਹਾਂ ਦਾ ਬਣਦਾ ਹਿਸਾ ਵੀ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾਂ ਕ ਫੰਡਜ਼ ਦੀ ਘਾਟ ਕਾਰਨ ਸੁਰੰਗ ਦੀ ਪੁਟਾਈ ਦਾ ਕੰਮ ਮੱਠਾ ਚਲ ਰਿਹਾ ਸੀ ਪਰ ਹੁਣ ਫੰਡਜ਼ ਉਪਲੱਬਧ ਹੋਣ ਕਾਰਨ ਕੰਮ ਤੇਜ਼ੀ ਨਾਲ ਚਲੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਮਨੋਰਥ ਲਈ ਹੋਰ ਫੰਡਜ਼ ਵੀ ਪ੍ਰਾਪਤ ਹੋਣਗੇ ਤੇ ਇਸ ਕੰਮ ਨੂੰ ਛੇਤੀ ਤੋਂ ਛੇਤੀ ਮੁਕਾਉਣ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਾਡੇ ਇੰਜੀਨੀਅਰ ਇਕ ਤੋਂ ਦੂਸਰੇ ਪ੍ਰਾਜੈਕਟ ਉਤੇ ਕੰਮ ਕਰਦੇ ਆ ਰਹੇ ਹਨ ਤੇ ਇਹ ਦੁਨੀਆਂ ਦੇ ਸਭ ਤੋਂ ਵਧੀਆ ਇੰਜੀਨੀਅਰ ਹਨ।

ਇਸ ਤੋਂ ਪਹਿਲਾਂ ਸ. ਬਰਨਾਲਾ ਨੇ ਪਾਣੀ ਮੋੜੂ ਪਹਿਲੀ ਸੁਰੰਗ ਦੀ ਖੁਦਾਈ ਮੁਕੰਮਲ ਕਰਨ ਲਈ ਬਟਨ ਦਬਾ ਕੇ ਧਮਾਕਾ ਕੀਤਾ। ਉਨ੍ਹਾਂ ਨੇ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਇਲਾਕੇ ਦੀ ਭਲਾਈ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣਗੇ ਤੇ ਸਥਾਨਕ ਲੋਕਾਂ ਨੂੰ ਯੋਗ ਰੁਜ਼ਗਾਰ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵਰਕਰਾਂ ਨੇ ਸ. ਬਰਨਾਲਾ ਨਾਲ ਮੁਲਾਕਾਤ ਕੀਤੀ ਤੇ ਉਹ ਸਾਰੀਆਂ ਸਹੂਲਤਾਂ ਮੰਗੀਆਂ ਜੋ ਕਿ ਭਾਖੜਾ ਤੇ ਬਿਆਸ ਪ੍ਰਾਜੈਕਟ ਉਤੇ ਕੰਮ ਕਰਨ ਵਾਲੇ ਵਰਕਰਾਂ ਨੂੰ ਮਿਲਦੀਆਂ ਸਨ। ਇਨ੍ਹਾਂ ਸਹੂਲਤਾਂ ਵਿਚ ਡਾਕਟਰੀ ਸਹੂਲਤਾਂ, ਪ੍ਰਾਜੈਕਟ ਅਲਾਊਂਸ, ਹਾਦਸਾ ਛੁੱਟੀ ਤੇ ਤਨਖਾਹ ਦੇ ਨਵੇਂ ਸਕੇਲ ਸ਼ਾਮਲ ਹਨ। ਬਾਅਦ ਵਿਚ ਲੇਬਰ ਯੂਨੀਅਨ ਦੇ ਤਰਜਮਾਨ ਨੇ ਦੱਸਿਆ ਕਿ ਸ੍ਰੀ ਬਰਨਾਲਾ ਦੇ ਐਲਾਨ ਨਾਲ ਹਰ ਵਰਕਰ ਨੂੰ 100 ਤੋਂ 300 ਰੁਪਏ ਮਾਸਿਕ ਤਕ ਲਾਭ ਹੋਵੇਗਾ ਸ. ਬਰਨਾਲਾ ਦੇ ਨਾਲ ਰਾਜ ਮੰਤਰੀ ਸੁੱਚਾ ਸਿੰਘ ਛੋਟੇਪੁਰ ਅਤੇ ਨੱਥਾ ਸਿੰਘ ਦਾਲਮ ਵੀ ਸਨ।

ਸ. ਬਰਨਾਲਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਵਿਚ ਭਰਾਵਾਂ ਵਾਂਗ ਰਹਿਣ ਤਾਂ ਕਿ ਅਜਿਹੇ ਹੋਰ ਪਰਾਜੈਕਟ ਸ਼ੁਰੂ ਕੀਤੇ ਜਾ ਸਕਣ। ਉਨ੍ਹਾਂ ਨੇ ਬਟਾਲਾ ਤੇ ਗੁਰਦਾਸਪੁਰ ਵਰਗੇ ਸ਼ਹਿਰਾਂ ਵਿਚ ਹੋਏ ਫਿਰਕੂ ਫਸਾਦਾਂ ਦੀ ਨਿੰਦਾ ਕੀਤੀ ਤੇ ਭਾਜਪਾ ਵਿਧਾਇਕ ਮੋਹਨ ਲਾਲ ਵਲੋਂ ਫਿਰਕੂ ਏਕਤਾ ਲਈ ਕੀਤੇ ਕੰਮ ਦੀ ਸ਼ਲਾਘਾ ਕੀਤੀ।



ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਰਣਜੀਤ ਸਾਗਰ ਡੈਮ (ਥੀਨ ਡੈਮ) ਦੀ ਪਹਿਲੀ ਸੁਰੰਗ ਨੂੰ ਮੁਕੰਮਲ ਕਰਨ ਵਾਸਤੇ ਐਤਵਾਰ ਨੂੰ ਬਾਰੂਦੀ ਧਮਾਕੇ ਲਈ ਬਟਨ ਦਬਾਉਂਦੇ ਹੋਏ। (ਫੋਟੋ: ਕਰਮ ਸਿੰਘ)

## ਸ੍ਰੀਮਤੀ ਪ੍ਰੀਤਮ ਕੌਰ ਨੂੰ ਪ੍ਰਧਾਨ ਚੁਣਿਆ

ਅੰਮ੍ਰਿਤਸਰ — ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੀ. ਏ. ਸ. ਰਛਪਾਲ ਸਿੰਘ ਦੀ ਵਿਧਵਾ ਸ੍ਰੀਮਤੀ ਪ੍ਰੀਤਮ ਕੌਰ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਕਾਹਲੋਂ ਧੜਾ) ਦੀ ਇਸਤਰੀ ਵਿੰਗ ਦੀ ਪ੍ਰਧਾਨ ਚੁਣਿਆ ਗਿਆ। ਇਸ ਸਮੇਂ ਸ੍ਰੀਮਤੀ ਪ੍ਰੀਤਮ ਕੌਰ ਜੋਧਪੁਰ ਜੇਲ੍ਹ ਵਿਚ ਹੈ।

ਮੈਂ ਤਾਂ ਐਵੇਂ ਰਾਤ ਭਰ ਸੁਪਨੇ ਹੀ ਲੈਂਦਾ ਰਿਹਾ,
ਸੁਬਹ ਉਠਿਆ ਤਾਂ ਇੱਕਲੀ ਜਾਨ ਸੀ ਮੇਰੀ ਸਭਾ।
ਵਕਤ ਨੇ ਨਪੀੜ ਦਿੱਤਾ ਸੋਚ ਵੀ ਤੇ ਜਿਸਮ ਵੀ,
ਮੇਰੀ ਜ਼ਿੰਦਗੀ ਦਾ ਮਹਿਲ ਬਣ ਗਿਆ ਖੰਡਰ ਜਿਹਾ।

## ਡੈਮ ਦਾ ਨਾਂ ਬਾਬਾ ਬੰਦਾ ਬਹਾਦਰ ਦੇ ਨਾਂ 'ਤੇ ਰੱਖੋ

ਅੰਮ੍ਰਿਤਸਰ — ਅਕਾਲ ਤਖਤ ਸਕੱਤਰੇਤ ਦੀ ਸਕੱਤਰ ਸ੍ਰੀਮਤੀ ਬਿਮਲ ਕੌਰ ਖਾਲਸਾ ਨੇ ਮੰਗ ਕੀਤੀ ਕਿ ਥੀਨ ਡੈਮ ਦਾ ਨਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਉਤੇ ਰੱਖਿਆ ਜਾਵੇ ਕਿਉਂਕਿ ਦੇਸ਼ ਦਾ ਇਹ ਮਹਾਨ ਸਪੂਤ ਇਸ ਇਲਾਕੇ ਦਾ ਰਹਿਣ ਵਾਲਾ ਸੀ ਜਿਥੇ ਡੈਮ ਦੀ ਉਸਾਰੀ ਕੀਤੀ ਜਾ ਰਹੀ ਹੈ।

## ਵਿਦਿਆਰਥੀਆਂ ਵਲੋਂ ਜ਼ਮਾਨਤ ਭਰਨੋਂ ਨਾਂਹ

ਲੁਧਿਆਣਾ, (ਵਿਸ਼ੇਸ਼ ਪ੍ਰਤੀਨਿਧ) - ਪੰਜਾਬ ਜ਼ਰਾਇਤੀ ਯੂਨੀਵਰਸਿਟੀ ਦੇ ਗ੍ਰਿਫਤਾਰ ਕੀਤੇ ਸਾਰੇ 234 ਵਿਦਿਆਰਥੀਆਂ ਨੇ ਜ਼ਮਾਨਤ ਭਰਨੋਂ ਨਾਂਹ ਕਰ ਦਿੱਤੀ ਜਿਸ ਕਾਰਨ ਉਨ੍ਹਾਂ ਨੂੰ ਡਿਊਟੀ ਮੈਜਿਸਟਰੇਟ ਨੇ ਅਦਾਲਤੀ ਹਿਰਾਸਤ ਵਿਚ ਭੇਜ ਦਿੱਤਾ।

ਇਨ੍ਹਾਂ ਅੰਡਰਗੈਜੂਏਟ ਵਿਦਿਆਰਥੀਆਂ ਨੂੰ ਪੁਲੀਸ ਨੇ ਉਪ ਕੁਲਪਤੀ ਦੇ ਦਫਤਰ ਦੇ ਬਾਹਰ ਧਰਨੇ ਦੌਰਾਨ ਗ੍ਰਿਫਤਾਰ ਕੀਤਾ ਸੀ। ਧਰਨਾ ਦੂਜੀ ਤਿਮਾਹੀ ਪ੍ਰੀਖਿਆ ਵਿਚ ਗਰੇਡਾਂ ਸਬੰਧੀ ਮੰਗ ਮੰਨਵਾਉਣ ਲਈ ਦਿੱਤਾ ਗਿਆ ਸੀ।

ਇਸੇ ਦੌਰਾਨ ਯੂਨੀਵਰਸਿਟੀ ਦੇ ਪੋਸਟ ਗੈਜੂਏਟ ਵਿਦਿਆਰਥੀਆਂ ਨੇ ਕੱਲ੍ਹ ਕੀਤੀਆਂ ਗਈਆਂ ਗ੍ਰਿਫਤਾਰੀਆਂ ਦੀ ਸਖਤ ਨਿਖੇਧੀ ਕਰਦਿਆਂ ਗ੍ਰਿਫਤਾਰ ਵਿਦਿਆਰਥੀਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ ਹੈ। ਪੋਸਟ ਗੈਜੂਏਟ ਵਿਦਿਆਰਥੀਆਂ ਨੇ ਗ੍ਰਿਫਤਾਰੀਆਂ ਵਿਰੁਧ ਰੋਸ ਪ੍ਰਗਟ ਕਰਨ ਲਈ ਅੱਧੀ ਰਾਤ ਤੋਂ ਤੜਕੇ ਤਿੰਨ ਵਜੇ ਤਕ ਉਪ ਕੁਲਪਤੀ ਦੇ ਘਰ ਦੇ ਬਾਹਰ ਧਰਨਾ ਵੀ ਦਿੱਤਾ। ਉਨ੍ਹਾਂ ਨੇ ਅੱਜ ਯੂਨੀਵਰਸਿਟੀ ਕੈਂਪਸ ਵਿਚ ਰੋਸ ਜਲੂਸ ਵੀ ਕੱਢਿਆ।

## ਅਤਿਵਾਦ 'ਚ ਵਾਧੇ 'ਤੇ ਚਿੰਤਾ ਦਾ ਪ੍ਰਗਟਾਵਾ

ਜਲੰਧਰ — ਪੰਜਾਬ ਦੇ ਆਜ਼ਾਦੀ ਘੁਲਾਟੀਆਂ ਦੀ ਜਥੇਬੰਦੀ - ਪੰਜਾਬ ਬਚਾਓ ਲਹਿਰ ਨੇ ਰਾਜ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਵਿਚ ਵਾਧੇ ਉਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਬਰਨਾਲਾ ਸਰਕਾਰ ਨੂੰ ਕਿਹਾ ਹੈ ਕਿ ਉਹ ਜਾਂ ਤਾਂ ਸੁਚੱਜੇ ਢੰਗ ਨਾਲ ਪ੍ਰਸ਼ਾਸਨ ਚਲਾਵੇ ਅਤੇ ਜਾਂ ਫਿਰ ਗੱਦੀ ਤਿਆਗ ਦੇਵੇ ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਅਕਾਲੀ ਸਰਕਾਰ ਨੂੰ ਪਾਰਟੀ ਹਿਤਾਂ ਚੋਂ ਉਚਾ ਉਠ ਕੇ ਰਾਜ ਦੀਆਂ ਸਮੱਸਿਆਵਾਂ ਨਾਲ ਨਜਿੱਠਣਾ ਚਾਹੀਦਾ ਹੈ।

# ਲਿੰਕ ਨਹਿਰ ਦੀ ਵੀ 'ਕਾਰ ਸੇਵਾ' ਹੋਏਗੀ

ਅੰਮ੍ਰਿਤਸਰ — ਦਮਦਮੀ ਟਕਸਾਲ ਦੀ ਪੰਜ ਮੈਂਬਰੀ 'ਕੈਬਨਿਟ' ਵਲੋਂ ਇਥੇ ਪੰਜਾਬ ਦੇ ਇਲਾਕੇ ਵਿਚੋਂ ਪੁੱਟੀ ਗਈ ਸਤਲੁਜ-ਯਮਨਾ ਲਿੰਕ ਨਹਿਰ ਨੂੰ 'ਕਾਰ ਸੇਵਾ' ਰਾਹੀਂ ਭਰਨ ਦੀ ਧਮਕੀ ਦਿਤੀ ਗਈ ਹੈ। ਇਸ ਗੱਲ ਦਾ ਪ੍ਰਗਟਾਵਾ 'ਕੈਬਨਿਟ' ਦੇ ਪੰਜ ਮੈਂਬਰਾਂ — ਭਾਈ ਧੰਨਾ ਸਿੰਘ, ਭਾਈ ਵਸਣ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਗੁਰਬਚਨ ਸਿੰਘ ਅਤੇ ਭਾਈ ਅਰੂੜ ਸਿੰਘ ਵਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਅੰਦਰ ਕੀਤਾ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ "ਪੰਜਾਬ ਦੇ ਕੁਦਰਤੀ ਸੋਮਿਆਂ ਦੇ ਅਸਲ ਵਾਰਸ ਅਤੇ ਰਖਵਾਲੇ ਇਸ ਦੇ ਪਾਣੀਆਂ ਦਾ ਲਾਭ ਦੂਸਰੇ ਰਾਜਾਂ ਦੇ ਫਿਰਕੂ ਬ੍ਰਾਹਮਣ-ਬਾਣੀਆਂ ਵਰਗਾਂ ਦੇ ਹੱਥਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਦੇਣਗੇ।" ਪ੍ਰੰਤੂ ਬਿਆਨ ਵਿਚ ਨਾਲ ਹੀ ਸਪਸ਼ਟ ਕੀਤਾ ਗਿਆ ਹੈ ਕਿ ਦੇਸ਼ ਭਰ ਦੇ ਸਮੂਹ ਮਿਹਨਤਕਸ਼ ਅਤੇ ਗਰੀਬ ਲੋਕਾਂ ਦੀ ਹਾਲਤ ਸੁਧਾਰਨ ਲਈ ਪ੍ਰਤੀਬੱਧ ਅਤੇ ਇਨਸਾਫ ਦੇ ਕਾਜ ਦੇ ਝੰਡਾ ਬਰਦਾਰ ਹੋਣ ਦੇ ਨਾਤੇ ਸਿਖ ਆਪਣੀਆਂ ਜ਼ਰੂਰਤਾਂ ਤੋਂ ਫਾਲਤੂ ਪਾਣੀ ਅਤੇ ਹੋਰ ਕੁਦਰਤੀ ਸੋਮੇਂ ਦੂਸਰੇ ਰਾਜਾਂ ਵਿਚ ਰਹਿ ਰਹੇ ਆਮ ਲੋਕਾਂ ਨਾਲ ਵੰਡਣ ਤੋਂ ਗੁਰੇਜ਼ ਨਹੀਂ ਕਰਨਗੇ। ਬੇਸ਼ੱਕ ਦੇਸ਼ ਦੇ ਕਾਨੂੰਨ ਦੇ ਤਹਿਤ ਅਜਿਹਾ ਕਰਦੇ ਸਮੇਂ ਵਾਜਬ ਕੀਮਤ ਦੀ ਤਵੱਕੋ ਜ਼ਰੂਰ ਕੀਤੀ ਜਾਵੇਗੀ।

ਨਹਿਰ ਭਰਨ ਲਈ ਸ਼ੁਰੂ ਕੀਤੀ ਜਾਣ ਵਾਲੀ 'ਕਾਰ ਸੇਵਾ' ਬਾਰੇ ਅੱਗੇ ਆਖਿਆ ਗਿਆ ਹੈ ਕਿ ਇਹ ਕਾਰ ਸੇਵਾ 'ਸਿਖ ਸੰਤਾਂ' ਵਲੋਂ ਕੈਬਨਿਟ ਦੀ ਦੇਖ ਰੇਖ ਹੇਠਾਂ ਕਰਵਾਈ ਜਾਵੇਗੀ। ਬਿਆਨ ਵਿਚ ਕਿਹਾ ਗਿਆ ਹੈ ਕਿ ਕੈਬਨਿਟ ਵਲੋਂ ਇਸ ਮਹੱਤਵਪੂਰਨ ਪੰਜਾਬੀ ਕਾਜ ਦੀ ਪੂਰਤੀ ਲਈ ਉਨ੍ਹਾਂ ਸਿਖ ਸੰਤਾਂ ਤਕ ਪਹੁੰਚ ਕੀਤੀ ਜਾ ਰਹੀ ਹੈ। 'ਕੈਬਨਿਟ' ਨੇ ਉਮੀਦ ਪ੍ਰਗਟ ਕੀਤੀ ਹੈ ਕਿ ਇਸ ਕਾਜ ਦੀ ਪੂਰਤੀ ਖਾਤਰ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਅਤੇ ਅਕਾਲੀ ਦਲ ਦੇ ਸਮੂਹ ਵਿਧਾਇਕਾਂ ਤੋਂ ਛੁੱਟ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੇ ਮੁਦਈ ਹੋਣ ਦਾ ਦਾਅਵਾ ਕਰਦੇ ਆ ਰਹੇ ਸਭ ਬੁੱਧੀਜੀਵੀਆਂ ਵਲੋਂ ਵੀ ਸਹਿਯੋਗ ਦਾ ਹੱਥ ਵਧਾਇਆ ਜਾਵੇਗਾ। ਅਖੀਰ ਵਿਚ ਕੈਬਨਿਟ ਨੇ ਆਖਿਆ ਹੈ ਕਿ ਇਸ ਸਮੇਂ ਪੰਥ ਅੱਗੇ ਜੋ ਸਭ ਤੋਂ ਅਹਿਮ ਮਸਲੇ ਹਨ, ਉਨ੍ਹਾਂ ਵਿਚ "ਅਕਾਲ ਤਖਤ ਦੀ ਮੁੜ ਉਸਾਰੀ, ਸਿੱਖ ਪੰਥ ਦਾ ਕਾਇਆ ਕਲਪ ਅਤੇ ਮੌਜੂਦਾ ਗੁਲਾਮੀ ਦੀਆਂ ਜ਼ੰਜ਼ੀਰਾਂ ਤੋਂ ਮੁਕਤ ਕਰਵਾ ਕੇ ਪੰਜਾਬ ਦੇ ਸਰਬਪੱਖੀ ਆਰਥਿਕ ਵਿਕਾਸ ਦੇ ਕੰਮ ਸਭ ਤੋਂ ਵਧੇਰੇ ਮਹੱਤਵਪੂਰਨ" ਹਨ ਅਤੇ ਇਹ ਸਾਰੇ ਨਿਸ਼ਾਨੇ ਸਿਖ ਨੌਜਵਾਨਾਂ ਵਲੋਂ 'ਨਿਸ਼ਚੇ ਕਰ ਆਪਣੀ ਜੀਤ ਕਰੂੰ' ਦੇ ਵਾਕ ਨੂੰ ਮਨਾਂ ਅੰਦਰ ਵਸਾ ਕੇ ਪੂਰੇ ਕੀਤੇ ਜਾਣਗੇ।

# ਅਕਾਲੀ ਸਿਆਸਤ ਦੀ ਤਿਲਕਣਬਾਜ਼ੀ

**ਜ. ਸ. ਸਿੱਧੂ**

ਚੰਡੀਗੜ੍ਹ — ਅਕਾਲੀ ਦਲ ਦੀ ਸਿਆਸਤ ਦੇ ਇਕ ਵਾਰ ਫਿਰ ਨਵੀਂ ਕਰਵਟ ਲੈਣ ਦੀ ਸੰਭਾਵਨਾ ਹੈ। ਦਲ ਦੀ ਲੀਡਰਸ਼ਿਪ ਵਿਚਲੀ ਸਫਬੰਦੀ ਵਿਚ ਅਦਲਾ ਬਦਲੀ ਹੋਣ ਦੇ ਇਮਕਾਨ ਪੈਦਾ ਹੋ ਗਏ ਹਨ। ਪਿਛਲੇ ਪੰਜ ਮਹੀਨਿਆਂ ਦੌਰਾਨ ਪਹਿਲੀ ਵਾਰ ਅਕਾਲੀ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਅਤੇ ਪ੍ਰਕਾਸ਼ ਸਿੰਘ ਬਾਦਲ ਇਕ ਦੂਜੇ ਦੇ ਨੇੜੇ ਆ ਰਹੇ ਹਨ ਅਤੇ ਵਿੱਤ ਮੰਤਰੀ ਬਲਵੰਤ ਸਿੰਘ ਦੀ ਪਹਿਲਾਂ ਵਾਲੀ ਮਜ਼ਬੂਤ ਪੁਜ਼ੀਸ਼ਨ ਨਹੀਂ ਰਹੀ। ਗੁਰਚਰਨ ਸਿੰਘ ਟੌਹੜਾ ਪਹਿਲਾਂ ਹੀ ਪ੍ਰਧਾਨਗੀ ਤੋਂ ਵੱਖ ਹੋ ਚੁੱਕੇ ਹਨ। ਦਲ ਦੇ ਸੂਤਰਾਂ ਅਨੁਸਾਰ ਪਾਰਟੀ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਤੇ ਸ. ਪ੍ਰਕਾਸ਼ ਸਿੰਘ ਬਾਦਲ ਪਿਛਲੇ ਦਿਨਾਂ ਦੀਆਂ ਘਟਨਾਵਾਂ ਵਿਚ ਇਕ ਦੂਜੇ ਦੇ ਕਾਫੀ ਨੇੜੇ ਆਏ ਹਨ ਅਤੇ ਉਨ੍ਹਾਂ ਪੈਦਾ ਹੋਏ ਭੁਲੇਖਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ।

ਇਸ ਨਾਲ ਅਕਾਲੀ ਵਜ਼ਾਰਤ ਵਿਚ ਨੰਬਰ ਦੋ ਉਤੇ ਸਮਝੇ ਜਾਂਦੇ ਵਜ਼ੀਰ ਬਲਵੰਤ ਸਿੰਘ ਦੀ ਪੁਜ਼ੀਸ਼ਨ ਕੁਝ ਮਾਂਦੀ ਹੋਈ ਹੈ। ਉਨ੍ਹਾਂ ਦੇ ਨੇੜਲੇ ਹਲਕਿਆਂ ਦਾ ਕਹਿਣਾ ਹੈ ਕਿ ਕੇਂਦਰ-ਅਕਾਲੀ ਸਮਝੌਤੇ ਤੋਂ ਪਿਛੋਂ ਇਹ ਪਹਿਲੀ ਵਾਰ ਹੈ ਕਿ ਪਾਰਟੀ ਦੇ ਦੋ ਅਹਿਮ ਫੈਸਲਿਆਂ ਦਾ ਪਤਾ ਉਨ੍ਹਾਂ ਨੂੰ ਕੁਝ ਘੰਟੇ ਪਹਿਲਾਂ ਹੀ ਲੱਗਾ।

ਇਹ ਵੀ ਪਤਾ ਲੱਗਾ ਹੈ ਕਿ ਆਖਰੀ ਮੌਕੇ ਉਤੇ ਉਨ੍ਹਾਂ ਗੁਰਚਰਨ ਸਿੰਘ ਟੌਹੜਾ ਨੂੰ 'ਆਖਰੀ ਨੁੰਮਣਾ' ਦੇਣ ਦਾ ਵੀ ਯਤਨ ਕੀਤਾ ਤਾਂ ਜੋ ਤਵਾਜ਼ਨ ਉਨ੍ਹਾਂ ਦੇ ਹੱਥ ਰਹੇ।

ਸ੍ਰੀ ਬਰਨਾਲਾ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਕਾਲੀ ਦਲ ਦੀ ਕਾਰਜਕਾਰਨੀ ਅਤੇ ਵਜ਼ਾਰਤ ਵਿਚ ਵਾਧੇ ਦੇ ਦੋ ਅਹਿਮ ਫੈਸਲਿਆਂ ਸਮੇਂ ਕਿਸੇ ਨੂੰ ਵੀ ਭਰੋਸੇ ਵਿਚ ਨਹੀਂ ਲਿਆ। ਉਨ੍ਹਾਂ ਜਥੇਦਾਰ ਟੌਹੜਾ ਦੇ ਗਰੁਪ ਦੇ ਦੋ ਵਜ਼ੀਰਾਂ ਮੇਜਰ ਸਿੰਘ ਉਬੋਕੇ ਅਤੇ ਸ. ਬਸੰਤ ਸਿੰਘ ਖਾਲਸਾ ਨੂੰ ਕਾਰਜਕਾਰਨੀ ਵਿਚੋਂ ਬਾਹਰ ਰੱਖਿਆ। ਸਿੱਖਿਆ ਮੰਤਰੀ ਸੁਖਜਿੰਦਰ ਸਿੰਘ ਵੀ ਇਸੇ ਗਰੁੱਪ ਵਿਚੋਂ ਸਮਝੇ ਜਾਂਦੇ ਹਨ ਅਤੇ ਕਾਰਜਕਾਰਨੀ ਵਿਚ ਸ਼ਾਮਲ ਹਨ। ਪ੍ਰੰਤੂ ਸ. ਟੌਹੜਾ ਦੇ ਹੀ ਹਮਾਇਤੀਆਂ ਦਾ ਕਹਿਣਾ ਹੈ ਕਿ ਸ. ਸੁਖਜਿੰਦਰ ਸਿੰਘ ਉਤੇ ਮੁਕੰਮਲ ਭਰੋਸਾ ਨਹੀਂ ਕੀਤਾ ਜਾ ਸਕਦਾ ਅਤੇ ਉਹ ਕਈ ਮਸਲਿਆਂ ਉਤੇ ਆਜ਼ਾਦ ਸਟੈਂਡ ਰੱਖਦੇ ਹਨ। ਕਾਰਜਕਾਰਨੀ ਵਿਚ ਉਨ੍ਹਾਂ ਦੇ ਬਹੁਤੇ ਬੰਦੇ ਨਾ ਲੈਣ ਕਾਰਨ ਜਥੇਦਾਰ ਟੌਹੜਾ ਦਾ ਧੜਾ ਨਾਰਾਜ਼ ਹੈ।

ਅਕਾਲੀ ਹਲਕਿਆਂ ਨੇ ਸ. ਟੌਹੜਾ ਦਾ ਅਸਤੀਫਾ ਰੋਕਣ ਵਿਚ ਬਲਵੰਤ ਸਿੰਘ ਵਲੋਂ ਲਈ ਗਈ ਦਿਲਚਸਪੀ ਨੂੰ ਹੈਰਾਨੀ ਨਾਲ ਲਿਆ ਹੈ। ਇਨ੍ਹਾਂ ਸੂਤਰਾਂ ਅਨੁਸਾਰ ਇਹ ਯਤਨ ਵੀ ਕੀਤਾ ਗਿਆ ਕਿ ਅਸਤੀਫੇ ਬਾਰੇ ਆਖਰੀ ਫੈਸਲਾ ਸ. ਬਰਨਾਲਾ ਉਤੇ ਛੱਡ ਦਿਤਾ ਜਾਵੇ। ਪਰ ਸ. ਬਰਨਾਲਾ ਨੇ ਕਾਰਜਕਾਰਨੀ ਦੀ ਬੈਠਕ ਤੋਂ ਪਹਿਲਾਂ ਕਿਸੇ ਨੂੰ ਆਪਣਾ ਮਨ ਹੀ ਨਹੀਂ ਦੱਸਿਆ।

ਅਕਾਲੀ ਹਲਕਿਆਂ ਦਾ ਕਹਿਣਾ ਹੈ ਕਿ ਕਾਰਜਕਾਰਨੀ ਵਿਚ ਵਾਧੇ ਬਾਰੇ ਸ. ਬਲਵੰਤ ਸਿੰਘ ਨੂੰ ਇਕ ਦਿਨ ਪਹਿਲਾਂ ਪਤਾ ਲੱਗ ਗਿਆ ਸੀ। ਪ੍ਰੰਤੂ ਉਨ੍ਹਾਂ ਰੋਸ ਵਜੋਂ ਕਾਰਜਕਾਰਨੀ ਵਿਚ ਆਪਣੇ ਹਮਾਇਤੀ ਪੁਆਉਣ ਲਈ ਜ਼ੋਰ ਨਹੀਂ ਦਿੱਤਾ। ਯੁਵਾ ਅਕਾਲੀ ਦਲ ਦੇ ਪ੍ਰਧਾਨ ਸ. ਪ੍ਰੇਮ ਸਿੰਘ ਚੰਦੂ ਮਾਜਰਾ ਦਾ ਵਿਰੋਧ ਦੇ ਬਾਵਜੂਦ ਸੂਚੀ ਵਿਚ ਨਾਂ ਸ਼ਾਮਲ ਰਿਹਾ।

ਸਭ ਤੋਂ ਦਿਲਚਸਪ ਘਟਨਾ ਵਜ਼ਾਰਤ ਵਿਚ ਵਾਧੇ ਵਾਲੇ ਦਿਨ ਵਾਪਰੀ ਜਦੋਂ ਪੱਤਰਕਾਰਾਂ ਨੇ ਬਲਵੰਤ ਸਿੰਘ ਨੂੰ ਵਜ਼ਾਰਤ ਵਿਚ ਸ਼ਾਮਲ ਹੋ ਰਹੇ ਨਵੇਂ ਵਜ਼ੀਰਾਂ ਬਾਰੇ ਪੁੱਛਿਆ ਤਾਂ ਉਹ ਦੱਸ ਨਾ ਸਕੇ। ਉਦੋਂ ਨਵੇਂ ਵਜ਼ੀਰਾਂ ਦੀ ਸਹੁੰ ਚੁੱਕਣ ਵਿਚ ਕੁਝ ਘੰਟੇ ਹੀ ਰਹਿੰਦੇ ਸਨ। ਸਮਝਿਆ ਜਾਂਦਾ ਹੈ ਕਿ ਇਸ ਸੂਚੀ ਨੂੰ ਮੁੱਖ ਮੰਤਰੀ ਨੇ ਏਨਾ ਗੁਪਤ ਰੱਖਿਆ ਕਿ ਬਨਣ ਵਾਲੇ ਵਜ਼ੀਰਾਂ ਨੂੰ ਵੀ ਸਹੁੰ ਚੁਕਣ ਤੋਂ ਪਹਿਲਾਂ ਰਾਤ ਨੂੰ ਹੀ ਸੁਨੇਹੇ ਮਿਲੇ। ਜਿਨ੍ਹਾਂ ਵਿਚ ਇਹ ਸਪਸ਼ਟ ਨਹੀਂ ਸੀ ਕਿ ਉਹ ਮੰਤਰੀ ਬਣਾਏ ਜਾ ਰਹੇ ਹਨ। ਕਈ ਤਾਂ ਸੁਨੇਹੇ ਮਿਲਣ ਪਿਛੋਂ ਅਕਾਲੀ ਦਲ ਦੀ ਵਰਤਮਾਨ ਸਥਿਤੀ ਨੂੰ ਵੇਖ ਕੇ ਇਹ ਸਮਝਣ ਲੱਗੇ ਕਿ ਕੋਈ ਹੋਰ ਧਮਾਕਾ ਹੋਣ ਲੱਗਾ ਹੈ।

ਅਕਾਲੀ ਹਲਕਿਆਂ ਅਨੁਸਾਰ ਪਿਛਲੇ ਦੋ ਦਿਨ ਅਸੈਂਬਲੀ ਵਿਚ ਮੁੱਖ ਮੰਤਰੀ ਸ. ਬਰਨਾਲਾ ਦੇ ਭਾਸ਼ਨ ਨੇ ਇਹ ਸਪਸ਼ਟ ਕਰ ਦਿਤਾ ਹੈ ਕਿ ਅਕਾਲੀ ਦਲ ਦੇ ਦੋ ਸੀਨੀਅਰ ਨੇਤਾ ਬਾਦਲ ਤੇ ਬਰਨਾਲਾ ਨੇੜੇ ਹੋਏ ਹਨ।

ਇਹ ਵੀ ਸਮਝਿਆ ਜਾਂਦਾ ਹੈ ਕਿ ਸ. ਬਾਦਲ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਤੋਂ ਸ. ਬਰਨਾਲਾ ਨੂੰ ਕੋਈ ਖਤਰਾ ਨਹੀਂ ਸਮਝਣਾ ਚਾਹੀਦਾ।

ਸ. ਟੌਹੜਾ ਦੇ ਨੇੜਲੇ ਹਲਕੇ ਇਨ੍ਹਾਂ ਘਟਨਾਵਾਂ ਵਿਚ 'ਸਰਬੱਤ ਖਾਲਸਾ ਸੰਮੇਲਨ' ਸਮੇਂ ਆਨੰਦਪੁਰ ਸਾਹਿਬ ਵਿਚ ਸ. ਬਾਦਲ ਵਲੋਂ ਦਿੱਤੇ ਬਿਆਨ ਨੂੰ ਵੀ ਬੜਾ ਮਹੱਤਵਪੂਰਨ ਸਮਝਦੇ ਹਨ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਦਮਦਮੀ ਟਕਸਾਲ ਅਤੇ ਸਿੱਖ ਫੈਡਰੇਸ਼ਨ ਦੇ ਕਬਜ਼ੇ ਬਾਰੇ ਕਿਹਾ ਸੀ, "ਜੋ ਗੁਰਦੁਆਰੇ ਦਾ ਗਰੰਥੀ ਠੀਕ ਨਾ ਲੱਗੇ ਤਾਂ ਉਸ ਨੂੰ ਬਦਲ ਲੈਣਾ ਚਾਹੀਦਾ ਹੈ। ਗੁਰਦੁਆਰਾ ਢਾਹੁਣ ਦੀ ਲੋੜ ਨਹੀਂ।" ਇਨ੍ਹਾਂ ਦੀ ਰਾਇ ਹੈ ਕਿ ਆਖਰ ਸ. ਬਾਦਲ "ਗ੍ਰੰਥੀ" ਬਦਲਣ ਵਿਚ ਕਾਮਯਾਬ ਹੋ ਗਏ।

ਇਹ ਵੀ ਸਮਝਿਆ ਜਾਂਦਾ ਹੈ ਕਿ ਕਈ ਅਹਿਮ ਮਹਿਕਮੇ ਅਜੇ ਮੁੱਖ ਮੰਤਰੀ ਨੇ ਆਪਣੇ ਕੋਲ ਇਸ ਕਰਕੇ ਰੱਖੇ ਹੋਏ ਹਨ ਤਾਂ ਜੋ ਉਨ੍ਹਾਂ ਵਿਚੋਂ ਸ. ਬਾਦਲ ਗਰੁੱਪ ਨੂੰ ਕੁਝ ਮਹਿਕਮੇ ਦਿਤੇ ਜਾ ਸਕਣ।

# ਜਾਅਲੀ ਵਸੀਅਤ ਦਿਖਾ ਕੇ ਜ਼ਮੀਨ 'ਤੇ ਕਬਜ਼ੇ ਦਾ ਦੋਸ਼

ਮੋਰਿੰਡਾ — ਇਥੇ ਕਾਈਨੌਰ ਪਿੰਡ ਦੇ ਇਕ ਵਿਅਕਤੀ ਦੀ ਜ਼ਮੀਨ ਕਥਿਤ ਤੌਰ 'ਤੇ ਜਾਅਲੀ ਵਸੀਅਤ ਦਿਖਾ ਕੇ ਵੇਚਣ ਦਾ ਸਮਾਚਾਰ ਮਿਲਿਆ ਹੈ ਪ੍ਰਾਪਤ ਜਾਣਕਾਰੀ ਅਨੁਸਾਰ ਕਾਈਨੌਰ ਦਾ ਵਸਨੀਕ ਦਲੀਪ ਸਿੰਘ ਕਾਫੀ ਸਮੇਂ ਤੋਂ ਮਲੇਸ਼ੀਆ ਵਿਚ ਰਹਿੰਦਾ ਸੀ। ਕੁਝ ਸਾਲ ਹੋਏ ਉਹ ਵਾਪਸ ਆਪਣੇ ਪਿੰਡ ਆ ਕੇ ਰਹਿਣ ਲੱਗਾ। ਉਸ ਦੀ 13 ਏਕੜ ਜ਼ਮੀਨ ਪਿੰਡ ਬੁਚੜੇ ਤਹਿਸੀਲ ਸਰਹੰਦ ਵਿਚ ਸੀ। ਦਲੀਪ ਸਿੰਘ ਦੇ ਕੋਈ ਔਲਾਦ ਨਾ ਹੋਣ ਕਾਰਨ ਉਸ ਆਪਣੀ ਵਸੀਅਤ ਬਸਤਾ ਸਿੰਘ ਨਾਮੀ ਵਿਅਕਤੀ ਦੇ ਨਾਂ ਕਰਵਾ ਦਿੱਤੀ ਕਿਉਂਕਿ ਬਸਤਾ ਸਿੰਘ ਨੇ ਉਸ ਦੀ ਆਖਰੀ ਉਮਰ ਵਿਚ ਦੇਖ ਭਾਲ ਕੀਤੀ ਸੀ। ਦਲੀਪ ਸਿੰਘ ਦੀ ਮੌਤ ਤੋਂ ਬਾਅਦ ਬਸਤਾ ਸਿੰਘ ਪਿੰਡ ਬੁਚੜੇ ਦੀ ਜ਼ਮੀਨ ਦਾ ਇੰਤਕਾਲ ਆਪਣੇ ਨਾਂ ਕਰਵਾਉਣ ਲਈ ਤਹਿਸੀਲਦਾਰ ਫਤਹਿਗੜ੍ਹ ਸਾਹਿਬ ਕੋਲ ਗਿਆ ਤਾਂ ਮਲੇਸ਼ੀਆ ਤੋਂ ਆਏ ਇਕ ਵਿਅਕਤੀ ਕਰਮ ਸਿੰਘ ਨੇ, ਜੋ ਦਲੀਪ ਸਿੰਘ ਦਾ ਭਤੀਜਾ ਸੀ, ਇਕ ਹੋਰ ਵਸੀਅਤ ਅਦਾਲਤ ਵਿਚ ਪੇਸ਼ ਕਰ ਦਿਤੀ ਤੇ ਦੱਸਿਆ ਕਿ ਉਹ ਦਲੀਪ ਸਿੰਘ ਦਾ ਪੁੱਤਰ ਹੈ। ਇਸ 'ਤੇ ਤਹਿਸੀਲਦਾਰ ਫਤਹਿਗੜ੍ਹ ਸਾਹਿਬ ਨੇ ਕੇਸ ਮੁਤਨਾਜਾ ਕਰ ਕੇ ਐਸ. ਡੀ. ਐਮ. ਫਤਹਿਗੜ੍ਹ ਦੀ ਅਦਾਲਤ ਵਿਚ ਭੇਜ ਦਿਤਾ।

ਇਸ ਮੁੱਕਦਮੇ ਦੀ ਸੁਣਵਾਈ 6 ਮਾਰਚ ਨੂੰ ਅਦਾਲਤ ਫਤਹਿਗੜ੍ਹ ਸਾਹਿਬ ਨੇ ਕਰਨੀ ਸੀ। ਪਰ ਇਸੇ ਦੌਰਾਨ ਹੀ ਕਰਮ ਸਿੰਘ ਨੇ ਜ਼ਮੀਨ ਦੀ ਰਜਿਸਟਰੀ ਉਸੇ ਤਹਿਸੀਲਦਾਰ ਤੋਂ ਕਰਵਾ ਲਈ ਅਤੇ ਜ਼ਮੀਨ ਵੇਚ ਦਿਤੀ ਤੇ ਵਿਦੇਸ਼ ਰਵਾਨਾ ਹੋ ਗਿਆ। ਪੰਜਾਬ ਦੇ ਮਾਲ ਮੰਤਰੀ ਮੇਜਰ ਸਿੰਘ ਉਬੋਕੇ ਨੂੰ ਲਿਖੇ ਪੱਤਰ ਵਿਚ ਬਸਤਾ ਸਿੰਘ ਨੇ ਮਾਲ ਅਧਿਕਾਰੀਆਂ ਦੀ ਕਥਿਤ ਹੇਰਾਫੇਰੀ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁਕੱਦਮਾ ਐਸ. ਡੀ. ਐਮ. ਅਦਾਲਤ ਵਿਚ ਚਲਦਾ ਹੋਣ ਕਰਕੇ ਤਹਿਸੀਲਦਾਰ ਜ਼ਮੀਨ ਦੀ ਰਜਿਸਟਰੀ ਨਹੀਂ ਸੀ ਕਰ ਸਕਦਾ।

# ਖਾਲਿਸਤਾਨ ਕਮਾਂਡੋ ਫੋਰਸ ਨੇ ਗੋਲੀ ਕਾਂਡ ਦੀ ਜ਼ਿੰਮੇਵਾਰੀ ਲਈ

ਅੰਮ੍ਰਿਤਸਰ — ਕਪੂਰਥਲਾ ਗੋਲੀ ਕਾਂਡ ਜਿਸ ਵਿਚ ਸੱਤ ਆਦਮੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਸਨ ਅਤੇ 14 ਹੋਰ ਜ਼ਖਮੀ ਹੋ ਗਏ ਸਨ, ਦੀ ਜ਼ਿੰਮੇਵਾਰੀ 'ਖਾਲਿਸਤਾਨ ਕਮਾਂਡੋਜ਼ ਫੋਰਸ' ਨਾਂ ਦੀ ਇਕ ਹੋਰ ਜਥੇਬੰਦੀ ਨੇ ਵੀ ਆਪਣੇ ਸਿਰ ਲੈ ਲਈ ਹੈ। ਆਪਣੇ ਆਪ ਨੂੰ ਇਸ 'ਖਾਲਿਸਤਾਨ ਫੋਰਸ' ਦਾ ਕਮਾਂਡਰ ਹੋਣ ਦਾ ਦਾਅਵਾ ਕਰਨ ਵਾਲੇ ਭਾਈ ਹਰੀ ਸਿੰਘ ਨੇ ਫੋਨ ਰਾਹੀਂ ਖਬਰ ਦਿੰਦਿਆਂ ਦਾਅਵਾ ਕੀਤਾ ਕਿ ਇਸ ਵਾਰਦਾਤ ਬਾਰੇ ਜਿੰਮੇਵਾਰੀ ਸਬੰਧੀ ਦਸ਼ਮੇਸ਼ ਰਜਮੈਂਟ ਦਾ ਦਾਅਵਾ ਸਹੀ ਨਹੀਂ ਹੈ। ਉਨ੍ਹਾਂ ਅਗੇ ਦੱਸਿਆ ਕਿ ਸਾਡੇ 'ਕਮਾਂਡੋ ਦਸਤੇ' ਵਲੋਂ ਇਸ ਵਾਰਦਾਤ ਦੌਰਾਨ ਐਸ. ਐਲ. ਆਰ., ਏ. ਕੇ. ਥਾਮਸ ਗੰਨ, 9 ਐਮ. ਐਮ. ਫੋਲਡਿੰਗ ਗੰਨ, ਐਸ. ਐਮ. ਜੀ., 300 ਬੋਰ ਗੰਨ, .32 ਬੋਰ ਮੌਜਰ ਗੰਨ ਅਤੇ .455 ਬੋਰ ਰਿਵਾਲਵਰ ਆਦਿ ਹਥਿਆਰਾਂ ਦੀ ਵਰਤੋਂ ਕੀਤੀ ਗਈ। ਇਹ ਪੁੱਛੇ ਜਾਣ 'ਤੇ ਕਿ ਡੀ. ਐਸ. ਪੀ. ਬਰਾੜ ਦਾ 'ਗੁਨਾਹ' ਕੀ ਸੀ, ਉਨ੍ਹਾਂ ਦੱਸਿਆ ਕਿ ਇਸ ਪੁਲੀਸ ਅਧਿਕਾਰੀ ਨੇ 10 ਜਨਵਰੀ ਦੇ 'ਰਸਤਾ ਰੋਕੋ' ਅੰਦੋਲਨ ਤੋਂ ਦੋ ਦਿਨ ਪਹਿਲਾਂ ਤਿੰਨ ਬੇਗੁਨਾਹ 'ਅੰਮ੍ਰਿਤਧਾਰੀ ਬੀਬੀਆਂ' ਨੂੰ ਕੁੱਟ ਮਾਰ ਕੇ ਬੇਇੱਜ਼ਤ ਕੀਤਾ ਸੀ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਦਸਤੇ ਦੇ ਮੈਂਬਰਾਂ ਨੇ ਪੁਲੀਸ ਅਧਿਕਾਰੀ ਨੂੰ ਵੰਗਾਰ ਕੇ ਉਸ ਉਪਰ ਗੋਲੀਆਂ ਚਲਾਈਆਂ।

ਇਸੇ ਦੌਰਾਨ ਅਕਾਲ ਤਖਤ ਦੀ ਪੰਜ-ਮੈਂਬਰੀ 'ਕੈਬਨਿਟ' ਨੇ ਭਾਈ ਸੁਰਿੰਦਰ ਸਿੰਘ ਪਟਨੇ ਵਾਲਿਆਂ ਵਿਰੁੱਧ ਪਿਛਲੇ ਦਿਨੀਂ ਪੰਜਾਬ, ਹਰਿਆਣਾ ਅਤੇ ਕਸ਼ਮੀਰ ਵਿਚ ਕੋਈ ਵੀਹ ਦੇ ਕਰੀਬ ਕੇਸ ਦਰਜ ਕੀਤੇ ਜਾਣ ਅਤੇ ਉਨ੍ਹਾਂ ਦੀ ਬਾਰਾਂ ਵਰ੍ਹਿਆਂ ਦੀ ਉਮਰ ਦੀ ਬੱਚੀ ਨੂੰ 'ਗ੍ਰਿਫਤਾਰ' ਕਰ ਲਏ ਜਾਣ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ। ਕੈਬਨਿਟ ਵਲੋਂ ਜਾਰੀ ਕੀਤੇ ਬਿਆਨ ਵਿਚ ਦੋਸ਼ ਲਗਾਇਆ ਹੈ ਕਿ ਪੰਜਾਬ ਸਰਕਾਰ ਵਲੋਂ ਕੇਂਦਰ ਦੀ ਫਿਰਕਾਪ੍ਰਸਤ ਸਰਕਾਰ ਦੇ ਇਸ਼ਾਰੇ 'ਤੇ ਸਿੱਖਾਂ ਦੀ ਆਵਾਜ਼ ਉਨ੍ਹਾਂ ਦੀ 'ਬੋਲ ਅਤੇ ਬਾਣੀ' ਨੂੰ ਦਬਾਉਣ ਲਈ ਅਜਿਹੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਬਿਆਨ ਵਿਚ ਬੱਚੀ ਦੀ ਫੌਰੀ ਰਿਹਾਈ 'ਤੇ ਜ਼ੋਰ ਦਿੱਤਾ ਹੈ।

## ਰਾਜ - ਪੰਛੀ ਸ਼ਿਕਰਾ

ਉਗਣ ਖੰਭ ਤਾਂ ਅਲਵਿਦਾ ਆਲ੍ਹਣੇ ਨੂੰ,
ਹੁੰਦੇ ਬਿਰਖਾਂ ਦੇ ਨਹੀਂ ਮੁਥਾਜ ਪੰਛੀ
ਕਰਦੇ ਆਏ ਨੇ ਰੋਲ ਹਰਕਾਰਿਆਂ ਦਾ,
ਰੱਖਦੇ ਆਏ ਨੇ ਇਸ਼ਕ ਦੀ ਲਾਜ ਪੰਛੀ
ਦਿੱਤਾ ਜਨਮ ਸੁਰਖਾਬ ਨੂੰ ਕਲਪਨਾ ਨੇ,
ਸ਼ਾਹੀ ਸਿਰਾਂ ਦਾ ਬਣ ਗਿਆ ਤਾਜ ਪੰਛੀ।
ਸ਼ਿਵ ਨੇ ਜੀਹਨੂੰ ਨਿਵਾਜਿਆ ਯਾਰ ਕਹਿ ਕੇ,
ਸ਼ਿਕਰਾ ਬਣਨ ਲੱਗਾ ਸਾਡਾ, ਰਾਜ-ਪੰਛੀ।

# ਕਾਂਗਰਸੀ ਨੇਤਾ ਗੋਲੀ ਨਾਲ ਜ਼ਖਮੀ

ਬਟਾਲਾ — ਡੇਰਾ ਬਾਬਾ ਨਾਨਕ ਬਲਾਕ ਕਾਂਗਰਸ (ਆਈ) ਦੇ ਸਾਬਕਾ ਪ੍ਰਧਾਨ ਮੰਗਤ ਰਾਮ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। ਉਸ ਨੂੰ ਤੁਰੰਤ ਹਸਪਤਾਲ ਵਿਚ ਗੰਭੀਰ ਹਾਲਤ ਵਿਚ ਦਾਖਲ ਕਰਾਇਆ ਗਿਆ ਹੈ। ਮੰਗਤ ਰਾਮ (55) ਨੂੰ ਜ਼ਖਮੀ ਕਰਨ ਦੀ ਘਟਨਾ ਪਿੰਡ ਰਾਏ ਚੱਕ ਨੇੜੇ ਸਾਢੇ ਦਸ ਵਜੇ ਦੇ ਕਰੀਬ ਵਾਪਰੀ। ਮੁਢਲੀਆਂ ਖਬਰਾਂ ਵਿਚ ਕਿਹਾ ਗਿਆ ਸੀ ਕਿ ਸ੍ਰੀ ਮੰਗਤ ਰਾਮ ਦੀ ਮੌਕੇ ਉਤੇ ਹੀ ਮੌਤ ਹੋ ਗਈ।

ਬਟਾਲੇ ਦੇ ਆਲੇ ਦੁਆਲੇ ਇਸ ਘਟਨਾ ਤੋਂ ਇਲਾਵਾ ਤਿੰਨ ਹੋਰ ਘਟਨਾਵਾਂ ਵਾਪਰੀਆਂ। ਇਨ੍ਹਾਂ ਵਿਚ ਇਕ ਬੈਂਕ ਦੇ ਖਜ਼ਾਨਚੀ ਤੋਂ ਪੰਜਾਹ ਹਜ਼ਾਰ ਰੁਪਏ ਖੋਹੇ, ਪਿਸਤੌਲ ਦੀ ਨੋਕ ਉਤੇ ਇਕ ਸਕੂਟਰ ਖੋਹਿਆ ਅਤੇ ਇਕ ਥਾਣੇਦਾਰ ਤੋਂ ਉਸ ਦਾ ਸਰਵਿਸ ਰੀਵਾਲਵਰ ਖੋਹ ਲਿਆ।

ਅੰਮ੍ਰਿਤਸਰ ਜ਼ਿਲੇ ਵਿਚ ਪੱਟੀ ਦੇ ਨੇੜੇ ਸੋਹਨ ਲਾਲ ਨਾਂ ਦੇ ਇਕ ਵਿਅਕਤੀ ਨੂੰ ਖੇਤਾਂ ਵਿਚ ਹੀ ਕੁਝ ਅਣਪਛਾਤੇ ਬੰਦਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਸਖਤ ਫੱਟੜ ਕਰ ਦਿੱਤਾ ਜਿਸ ਦੀ ਬਾਅਦ ਵਿਚ ਹਸਪਤਾਲ ਜਾ ਕੇ ਮੌਤ ਹੋ ਗਈ।

ਜਲੰਧਰ ਤੋਂ 'ਪੰਜਾਬੀ ਟ੍ਰਿਬਿਊਨ ਬਿਊਰੋ' ਅਨੁਸਾਰ ਬਿਜਲੀ ਬੋਰਡ ਦੇ ਦੋ ਕਰਮਚਾਰੀਆਂ ਤੋਂ ਨਕੋਦਰ ਦੇ ਨੇੜੇ ਸ਼ਾਹਕੋਟ ਨੇੜੇ ਪਿੰਡ ਢੰਡੋਵਾਲ ਨੇੜੇ ਦੋ ਸਕੂਟਰ ਸਵਾਰ ਨੌਜਵਾਨਾਂ ਨੇ ਸੱਠ ਹੰਾਰ ਲੁੱਟ ਲਏ। ਇਸ ਤੋਂ ਇਲਾਵਾ ਜਲੰਧਰ ਜ਼ਿਲੇ ਵਿਚ ਅੱਗ ਲੱਗਣ ਦੀਆਂ ਤਿੰਨ ਘਟਨਾਵਾਂ ਦਾ ਸਮਾਚਾਰ ਮਿਲਿਆ ਹੈ। ਮਾਡਲ ਹਾਊਸ ਇਲਾਕੇ ਵਿਚ ਕੁਝ ਅਛਪਛਾਤੇ ਬੰਦਿਆਂ ਨੇ ਦੋ ਦੁਕਾਨਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਇਕ ਦੁਕਾਨ ਨੂੰ ਕੁਝ ਨੁਕਸਾਨ ਪਹੁੰਚਿਆ ਜਦ ਕਿ ਦੂਜੀ ਦੁਕਾਨ ਨੂੰ ਲੱਗੀ ਅੱਗ ਬੁਝਾ ਦਿਤੀ ਗਈ।

ਕੋਟਲੀ ਥਾਨ ਸਿੰਘ ਪਿੰਡ ਵਿਚ ਕੋਲਡ ਸਟੋਰੇਜ ਨੂੰ ਅੱਗ ਲੱਗਣ ਨਾਲ ਭਾਰੀ ਨੁਕਸਾਨ ਪਹੁੰਚਿਆ ਨੂੰ ਜਦ ਕਿ ਨਕੋਦਰ — ਕਪੂਰਥਲਾ ਸੜਕ ਉਤੇ ਤਲਵੰਡੀ ਪਿੰਡ ਵਿਚ ਇਕ ਹੋਰ ਕੋਲਡ ਸਟੋਰੇਜ ਨੂੰ ਵੀ ਅੱਗ ਲੱਗਣ ਦਾ ਸਮਾਚਾਰ ਮਿਲਿਆ ਹੈ। ਇਨ੍ਹਾਂ ਦੋਵਾਂ ਘਟਨਾਵਾਂ ਦੇ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ।

ਬਟਾਲਾ ਤੋਂ ਮਿਲੇ ਵੇਰਵਿਆਂ ਅਨੁਸਾਰ ਸ਼ਹਿਰ ਦੇ ਆਲੇ ਦੁਆਲੇ 4 ਵੱਖ ਵੱਖ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚੋਂ ਪਹਿਲੀ ਵਿਚ ਖੰਡ ਮਿਲ ਦੇ ਨੇੜੇ ਕੋਆਪਰੇਟਿਵ ਬੈਂਕ ਦੇ ਕੈਸ਼ੀਅਰ ਸ੍ਰੀ ਪ੍ਰੇਮ ਪਾਲ ਕੋਲੋਂ ਦੋ ਵਿਅਕਤੀਆਂ ਵਲੋਂ ਪਿਸਤੌਲ ਦੀ ਨੋਕ ਉਤੇ ਪੰਜਾਹ ਹਜ਼ਾਰ ਰੁਪਿਆ ਖੋਹ ਲਿਆ ਗਿਆ। ਦੂਜੀ ਘਟਨਾ ਵਿਚ ਬਟਾਲਾ - ਕਾਹਨੂੰਵਾਲ ਸੜਕ ਉਤੇ ਪੈਂਦੇ ਪਿੰਡ ਮਲਿਕਪੁਰ ਨੇੜੇ ਸ੍ਰੀ ਬਖਸ਼ੀਸ਼ ਸਿੰਘ ਤੋਂ ਪਿਸਤੌਲ ਦੀ ਨੋਕ ਉਤੇ ਉਸ ਦਾ ਸਕੂਟਰ ਖੋਹ ਲਿਆ ਗਿਆ। ਫਤਹਿਗੜ੍ਹ ਚੂੜੀਆਂ ਦਾ ਏ. ਐਸ. ਆਈ. ਸ੍ਰੀ ਉਪਦੇਸ਼ ਕੁਮਾਰ ਜੋ ਬਟਾਲਾ ਤੋਂ ਫਤਹਿਗੜ੍ਹ ਚੂੜੀਆਂ ਜਾ ਰਿਹਾ ਸੀ, ਕੋਲੋਂ ਦੋ ਅਣਪਛਾਤੇ ਵਿਅਕਤੀਆਂ ਵਲੋਂ ਉਸ ਦਾ ਸਰਵਿਸ ਰਿਵਾਲਵਰ ਖੋਹ ਲਿਆ ਗਿਆ। ਇਕ ਹੋਰ ਘਟਨਾਂ ਵਿਚ ਥਾਣਾ ਡੇਰਾ ਬਾਬਾ ਨਾਨਕ ਦੇ ਪਿੰਡ ਰਾਏ ਚੱਕ ਦੇ ਸ੍ਰੀ ਮੰਗਤ ਰਾਮ ਸਾਬਕਾ ਪ੍ਰਧਾਨ ਬਲਾਕ ਕਾਂਗਰਸ (ਆਈ) ਕਮੇਟੀ ਨੂੰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਹਲਾਕ ਕਰ ਦਿਤਾ।

# ਸ਼ਾਹ ਸਮਰਥਕ ਮੈਂਬਰਾਂ ਵਲੋਂ ਵੱਖਰਾ ਧੜਾ ਕਾਇਮ

ਜੰਮੂ — ਸ਼ਾਹ ਸਮਰਥਕ ਸਾਬਕ ਮੰਤਰੀਆਂ ਅਤੇ ਵਿਧਾਇਕਾਂ ਨੇ ਡਾ: ਫਾਰਕੂ ਅਬਦੁੱਲਾ ਨੂੰ ਹਮਾਇਤ ਦੇਣ ਦੀ ਪੇਸ਼ਕਸ਼ ਵਾਪਸ ਲੈ ਲਈ ਹੈ ਅਤੇ ਉਨ੍ਹਾਂ ਨੇ ਵੱਖਰਾ ਗਰੁੱਪ ਬਣਾਉਣ ਦਾ ਐਲਾਨ ਕੀਤਾ ਹੈ। ਸਾਬਕਾ ਮੁਖ ਮੰਤਰੀ ਜੀ. ਐਮ. ਸ਼ਾਹ ਨੇ ਦਸ ਮੰਤਰੀਆਂ ਦੇ ਦਸਤਖਤਾਂ ਵਾਲਾ ਪੱਤਰ ਰਾਜਪਾਲ ਸ੍ਰੀ ਜਗਮੋਹਨ ਨੂੰ ਦਿੱਤਾ ਸੀ ਜਿਸ ਵਿਚ ਨੈਸ਼ਨਲ ਕਾਨਫਰੰਸ ਦੇ ਨੇਤਾ ਡਾ. ਫਾਰੂਕ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਸੀ। ਰਾਜਪਾਲ ਨੂੰ ਡਾ. ਫਾਰੂਕ ਨੂੰ ਮੁਖ ਮੰਤਰੀ ਬਨਾਉਣ ਲਈ ਸੱਦਾ ਦੇਣ ਲਈ ਬੇਨਤੀ ਕੀਤੀ ਸੀ। ਇਨ੍ਹਾਂ ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਨੇ ਡਾ. ਫਾਰੂਕ ਦੀ ਅਗਵਾਈ ਹੇਠਲੀ ਨੈਸ਼ਨਲ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਐਲਾਨ ਵੀ ਕੀਤਾ ਸੀ।


ਡਾ. ਫਾਰੂਕ ਨੇ ਹਜ਼ਰਤਬਲ ਮਸਜਿਦ ਵਿਚ ਜੁੰਮੇ ਦੀ ਨਿਮਾਜ਼ ਸਮੇਂ ਜੁੜੀ ਭੀੜ ਵਿਚ ਕਿਹਾ ਸੀ ਕਿ ਇਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਬਾਰੇ ਕੋਈ ਵੀ ਫੈਸਲਾ ਪਾਰਟੀ ਦੀ ਵਰਕਿੰਗ ਕਮੇਟੀ ਵਲੋਂ ਹੀ ਕੀਤਾ ਜਾਵੇਗਾ। ਸ਼ਾਹ ਸਰਕਾਰ ਦੇ ਸਾਬਕਾ ਮੰਤਰੀਆਂ ਨੇ ਇਕ ਮੀਟਿੰਗ ਵਿਚ ਫੈਸਲਾ ਕੀਤਾ ਕਿ ਉਹ ਕੇਂਦਰ ਵਿਰੋਧੀ ਨੀਤੀ ਅਪਨਾਉਣ ਵਾਲੀ ਫਾਰੂਕ ਕਾਨਫਰੰਸ ਨਾਲ ਕੋਈ ਸਬੰਧ ਨਹੀਂ ਰੱਖਣਗੇ ਅਤੇ ਕਸ਼ਮੀਰੀਆਂ ਦੇ ਹਿਤਾਂ ਲਈ ਕੰਮ ਕਰਨ ਵਾਲੀਆਂ ਪਾਰਟੀਆਂ ਦੀ ਮਦਦ ਕਰਨਗੇ। ਬਹੁਤ ਸਾਬਕਾ ਵਜ਼ੀਰ ਸਾਬਕਾ ਮੁੱਖ ਮੰਤਰੀ ਸ਼ਾਹ ਨਾਲ ਇਸ ਗੱਲੋਂ ਨਾਰਾਜ਼ ਸਨ ਕਿ ਸਾਬਕਾ ਮੁਖ ਮੰਤਰੀ ਆਪਣੇ ਹਿਤਾਂ ਨੂੰ ਹੀ ਧਿਆਨ ਵਿਚ ਰਖ ਰਹੇ ਹਨ ਅਤੇ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲੈ ਰਹੇ। ਉਨ੍ਹਾਂ ਦਾ ਇਹ ਦੋਸ਼ ਸੀ ਕਿ ਸ੍ਰੀ ਸ਼ਾਹ ਡਾ, ਫਾਰਕੂ ਨਾਲ ਮਤਭੇਦ ਨਿਪਟਾਉਣ ਦੇ ਯਤਨਾਂ ਵਿਚ ਹਨ ਅਤੇ ਬਾਕੀਆਂ ਨੂੰ ਹਨੇਰੇ ਵਿਚ ਰੱਖ ਰਹੇ ਹਨ। ਸ਼ਾਹ ਨੇ ਡਾ. ਫਾਰੂਕ ਦੀ ਨੈਸ਼ਨਲ ਕਾਨਫਰੰਸ ਵਿਚ ਸ਼ਮੂਲੀਅਤ ਹੋਣ ਦਾ ਭਾਂਡਾ ਸਾਬਕਾ ਮਾਲ ਮੰਤਰੀ ਗੁਨਾਮ ਨਬੀ ਕੋਚਕ ਦੇ ਸਿਰ ਭੰਨਣਾ ਚਾਹਿਆ ਪਰ ਬਾਕੀ ਮੈਂਬਰ ਸ਼ਾਹ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ। ਇਕ ਪਾਸੇ ਸ਼ਾਹ ਸਮਰਥਕਾਂ ਨੇ ਵੱਖਰਾ ਗਰੁੱਪ ਬਣਾ ਲਿਆ ਹੈ ਅਤੇ ਦੂਜੇ ਪਾਸੇ ਰਾਜ ਵਿਧਾਨ ਸਭਾ ਅਜੇ ਭੰਗ ਨਹੀਂ ਕੀਤੀ ਗਈ। ਇਸ ਲਈ ਹੁਣ ਕਾਂਗਰਸ (ਆਈ) ਹੀ ਅਜਿਹੀ ਪਾਰਟੀ ਰਹਿ ਗਈ ਹੈ ਜੋ ਸਰਕਾਰ ਬਣਾਉਣ ਲਈ ਦਾਅਵਾ ਕਰ ਸਕਦੀ ਹੈ। ਇਸ ਸਮੇਂ ਵਿਧਾਨ ਸਭਾ ਵਿਚ ਕਾਂਗਰਸ (ਆਈ) ਦੇ 26 ਮੈਂਬਰ ਹਨ ਅਤੇ ਫਾਰੂਕ ਸਮਰਥਕਾਂ ਦੀ ਮਦਦ ਨਾਲ ਸਰਕਾਰ ਬਣਾ ਸਕਦੀ ਹੈ।

# ਪੰਜਾਬ ਭਾਜਪਾ ਨੂੰ ਵਧ ਰਹੀ ਲਾਕਾਨੂੰਨੀ 'ਤੇ ਚਿੰਤਾ

ਲੁਧਿਆਣਾ — ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨੇ ਪੰਜਾਬ ਵਿਚ ਅਮਨ-ਕਾਨੂੰਨ ਦੀ ਸਥਿਤੀ ਵਿਚ ਨਿਘਾਰ ਅਤੇ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਨੂੰ ਠੱਲ੍ਹ ਪਾਉਣ ਵਿਚ ਬਰਨਾਲਾ ਸਰਕਾਰ ਦੀ ਅਸਫਲਤਾ 'ਤੇ ਚਿੰਤਾ ਦਾ ਇਜ਼ਹਾਰ ਕੀਤਾ ਹੈ। ਪਾਰਟੀ ਦੀ ਸੂਬਾਈ ਕਾਰਜਕਾਰੀ ਦੀ ਮੀਟਿੰਗ ਇਥੇ ਡਾ. ਬਲਦੇਵ ਪ੍ਰਕਾਸ਼ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਗਿਆ ਕਿ ਰਾਜ ਦੇ ਲੋਕਾਂ ਦੀ ਬਹੁਗਿਣਤੀ ਦੀ ਹਮਾਇਤ ਹਾਸਲ ਹੋਣ ਦੇ ਬਾਵਜੂਦ ਪੰਜਾਬ ਦੀ ਅਕਾਲੀ ਸਰਕਾਰ ਲਾਕਾਨੂੰਨੀ ਖਾਸ ਕਰਕੇ ਦਹਿਸ਼ਤਪਸੰਦੀ ਨਾਲ ਨਜਿੱਠਣ ਵਿਚ ਅਸਫਲ ਰਹੀ ਹੈ।

ਮੀਟਿੰਗ ਪਿਛੋਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਡਾ. ਬਲਦੇਵ ਪ੍ਰਕਾਸ਼ ਨੇ ਦੱਸਿਆ ਕਿ ਮੀਟਿੰਗ ਨੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੇ ਇਸ ਬਿਆਨ ਦਾ ਸਖਤ ਨੋਟਿਸ ਲਿਆ ਕਿ ਪੰਜਾਬ ਵਿਚਲੀਆਂ ਹੱਤਿਆਵਾਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਸਿੱਖਾਂ 'ਤੇ ਹੋਏ ਅਤਿਆਚਾਰਾਂ ਨਾਲ ਜੁੜੀਆਂ ਹੋਈਆਂ ਹਨ। ਮੀਟਿੰਗ ਦੀ ਰਾਏ ਸੀ ਕਿ ਮੁੱਖ ਮੰਤਰੀ ਨੂੰ ਅਜਿਹੇ ਗੈਰ-ਜ਼ਿੰਮੇਵਾਰਨਾ ਬਿਆਨ ਨਹੀਂ ਦੇਣੇ ਚਾਹੀਦੇ। ਮੀਟਿੰਗ ਨੇ ਕੇਂਦਰ ਪਾਸੋਂ ਮੰਗ ਕੀਤੀ ਹੈ ਕਿ ਚੰਡੀਗੜ੍ਹ ਤੁਰੰਤ ਪੰਜਾਬ ਹਵਾਲੇ ਕੀਤਾ ਜਾਵੇ ਅਤੇ ਪੰਜਾਬ ਸਮਝੌਤਾ ਲਾਗੂ ਕਰਨ ਵਿਚ ਜ਼ਰਾ ਵੀ ਢਿੱਲ-ਮੱਠ ਨਾ ਵਿਖਾਈ ਜਾਵੇ। ਮੀਟਿੰਗ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਵਿਚ ਫਿਰਕੂ ਸਦਭਾਵਨਾ ਬਣਾਈ ਰੱਖਣ ਅਤੇ ਵੱਖਵਾਦੀਆਂ ਤੇ ਅਤਿਵਾਦੀਆਂ ਦੀਆਂ ਕੁਚਾਲਾਂ ਦਾ ਸ਼ਿਕਾਰ ਨਾ ਬਣਨ।

ਮੀਟਿੰਗ ਨੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਉਹ ਸਾਰੇ ਵਰਗਾਂ ਦੇ ਲੋਕਾਂ ਦੇ ਹਿਤਾਂ ਦੀ ਰਾਖੀ ਯਕੀਨੀ ਬਣਾਵੇ। ਮੀਟਿੰਗ ਨੇ ਜੰਮੂ-ਕਸ਼ਮੀਰ ਦੀਆਂ ਘਟਨਾਵਾਂ ਦੀ ਸਖਤ ਨਿਖੇਧੀ ਕੀਤੀ।




ਗੁਨਾਹਗਾਰ ਏਥੇ ਉਹੀ ਹੋ ਸਕਦੈ।
ਜਮ ਪੈਂਦਾ ਹੈ ਜਿਹੜਾ ਗਰੀਬ ਮੀਆਂ।

# 'ਮੁਰਦਾ' ਗ੍ਰਿਫਤਾਰ

ਕਸਾਰਗੌੜ (ਕੇਰਲਾ) — ਕਸਾਰਗੌੜ ਪੁਲੀਸ ਨੇ ਇਕ ਪੋਸਟ ਮਾਸਟਰ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਸ ਨੇ ਆਪਣੇ ਪਰਿਵਾਰ ਨੂੰ ਇਹ ਤਾਰ ਭੇਜੀ ਸੀ ਕਿ ਉਹ ਮਰ ਗਿਆ ਹੈ। ਐਮ ਸ਼ੰਕਰਨ ਨਾਮੀ ਇਸ ਪੋਸਟ ਮਾਸਟਰ ਨੂੰ ਹਫਤਾ ਪਹਿਲਾਂ 16000 ਰੁਪਏ ਦੇ ਗਬਨ ਦੇ ਮਾਮਲੇ ਵਿਚ ਮੁਅੱਤਲ ਕਰ ਦਿਤਾ ਗਿਆ ਸੀ। ਇਸ 'ਤੇ ਉਸ ਨੇ ਆਪਣੇ ਪਰਿਵਾਰ ਨੂੰ ਮੰਗਲੌਰ ਤੋਂ ਤਾਰ ਭੇਜੀ ਕਿ ਉਹ ਮਰ ਗਿਆ ਹੈ। ਤਾਰ ਮਿਲਦਿਆਂ ਹੀ ਸ਼ੰਕਰਨ ਦੇ ਪਰਿਵਾਰ ਦੇ ਮੈਂਬਰ ਮੰਗਲੌਰ ਪਹੁੰਚੇ ਅਤੇ ਪੁਲੀਸ ਦੀ ਸਹਾਇਤਾ ਨਾਲ ਉਸ ਦੀ ਲਾਸ਼ ਖੋਜਣ ਦੀ ਕੋਸ਼ਿਸ਼ ਕੀਤੀ, ਪਰ ਲਾਸ਼ ਕਿਤੋਂ ਨਾ ਮਿਲੀ। ਦੋ ਦਿਨ ਬਾਅਦ ਉਹ ਆਪਣੇ ਘਰ ਆ ਵੜਿਆ। ਇਸ ਦੀ ਸੂਹ ਲਗਦਿਆਂ ਹੀ ਪੁਲੀਸ ਨੇ ਉਸ ਨੂੰ ਕਾਬੂ ਕਰ ਲਿਆ।

# ਸਮਝੌਤਾ ਲਾਗੂ ਕਰੋ

ਚੰਡੀਗੜ੍ਹ — ਪੰਜਾਬ ਯੂਥ ਕਾਂਗਰਸ ਦੀ ਇਥੇ ਹੋਈ ਕਨਵੈਨਸ਼ਨ ਨੇ ਕੇਂਦਰ ਤੇ ਪੰਜਾਬ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਤੇਜ਼ੀ ਨਾਲ ਲਾਗੂ ਕਰਨ। ਕਨਵੈਨਸ਼ਨ ਦੀ ਪ੍ਰਧਾਨਗੀ ਕੁਲ ਹਿੰਦ ਯੂਥ ਕਾਂਗਰਸ ਦੇ ਪ੍ਰਧਾਨ ਆਨੰਦ ਸ਼ਰਮਾ ਨੇ ਕੀਤੀ। ਇਸ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬੀਆਂ ਦੇ ਵੱਖ ਵੱਖ ਵਰਗਾਂ ਵਿਚਾਲੇ ਫਿਰਕੂ ਸਦਭਾਵ ਤੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਵਿਸ਼ੇਸ਼ ਮੁਹਿਮ ਸ਼ੁਰੂ ਕੀਤੀ ਜਾਵੇ। ਕਨਵੈਨਸ਼ਨ ਨੂੰ ਹੋਰਨਾਂ ਤੋਂ ਇਲਾਵਾ ਰਾਜ ਸਭਾ ਦੇ ਮੈਂਬਰਾਂ, ਪਵਨ ਕੁਮਾਰ ਬਾਂਸਲ ਤੇ ਸਤਪਾਲ ਮਿੱਤਲ ਤੇ ਪੰਜਾਬ ਯੂਥ ਕਾਂਗਰਸ ਪ੍ਰਧਾਨ ਵਰਿੰਦਰ ਸਿੰਘ ਰਾਣਾ ਨੇ ਸੰਬੋਧਨ ਕੀਤਾ। ਕਨਵੈਨਸ਼ਨ ਨੇ ਮੰਗ ਕੀਤੀ ਕਿ ਪੰਜਾਬ ਦੇ ਯੁਵਕਾਂ ਦੀ ਬੇਰੁਜ਼ਗਾਰੀ ਨੂੰ ਦੂਰ ਕਰਨ ਲਈ ਿ ਵਸ਼ੇਸ਼ ਉਪਰਾਲੇ ਕੀਤੇ ਜਾਣ।

# ਅੰਤਰਿੰਗ ਬੋਰਡ ਦੀ ਚੋਣ ਕਰਵਾਈ ਜਾਵੇ

ਨਵੀਂ ਦਿੱਲੀ — ਅਵਤਾਰ ਸਿੰਘ ਹਿਤ, ਜਨਰਲ ਸਕੱਤਰ ਦਿੱਲੀ ਅਕਾਲੀ ਦਲ (ਲੌਂਗੋਵਾਲ) ਅਤੇ ਮੈਂਬਰ ਅੰਤਰਿੰਗ ਬੋਰਡ ਦਿੱਲੀ ਗੁਰਦੁਆਰਾ ਕਮੇਟੀ ਨੇ ਗੁਰਦੁਆਰਾ ਕਮੇਟੀ ਦੇ ਐਕਟਿੰਗ ਪ੍ਰਧਾਨ ਜਸਵੰਤ ਸਿੰਘ ਕਾਲਕਾਜੀ ਅਤੇ ਜਨਰਲ ਸਕੱਤਰ ਹੈਡ ਮਾਸਟਰ ਸੁੱਚਾ ਸਿੰਘ ਨੂੰ ਚੁਣੌਤੀ ਦਿਤੀ ਹੈ ਕਿ ਜੇਕਰ ਉਹ ਲੌਂਗੋਵਾਲ ਅਕਾਲੀ ਦਲ ਦੇ ਵਫਾਦਾਰ ਹਨ ਤਾਂ ਉਨ੍ਹਾਂ ਨੂੰ ਦਲ ਦੇ ਮੈਂਬਰਾਂ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਹੋਇਆ ਅੰਤਰਿੰਗ ਬੋਰਡ ਦੀ ਚੋਣ ਤੁਰੰਤ ਕਰਵਾ ਦੇਣੀ ਚਾਹੀਦੀ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਸਮਝਿਆ ਜਾਵੇਗਾ ਕਿ ਉਹ ਆਪਣੇ ਆਪ ਨੂੰ ਅਕਾਲੀ ਪਰਚਾਰ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

# ਦਿੱਲੀ ਦੇ ਸਿੱਖ ਨੇਤਾ ਵਲੋਂ ਬਜਰੰਗ ਸਿੰਘ ਉਤੇ ਹਮਲੇ ਦੀ ਨਿੰਦਾ

ਦਿੱਲੀ — ਹੈਡਮਾਸਟਰ ਸੁੱਚਾ ਸਿੰਘ, ਜਨਰਲ ਸਕੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਦੇ ਇਕ ਪਰਮੁਖ ਨੇਤਾ ਸ੍ਰੀ ਬਜਰੰਗ ਸਿੰਘ ਉਪਰ ਕੀਤੇ ਗਏ ਜਾਨ ਲੇਵਾ ਹਮਲੇ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ ਅਤੇ ਆਖਿਆ ਹੈ ਕਿ ਦਿੱਲੀ ਵਿਚ ਨਵੰਬਰ 1984 ਦੇ ਦੌਰਾਨ ਹੋਏ ਸਿੱਖ ਵਿਰੋਧੀ ਫਸਾਦਾਂ ਦੀ ਜਾਂਚ ਕਰ ਰਹੇ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਗੁਆਹੀ ਦੇਣ ਜਾ ਰਹੇ ਸ੍ਰੀ ਬਜਰੰਗ ਸਿੰਘ 'ਤੇ ਹਮਲਾ ਕਰਕੇ, ਉਨ੍ਹਾਂ ਵਿਅਕਤੀਆਂ ਦੇ ਦਿਲਾਂ ਵਿਚ ਡਰ ਅਤੇ ਸਹਿਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਆਪਣੇ ਆਪ ਨੂੰ ਉਨ੍ਹਾਂ ਫਸਾਦਾਂ ਦੇ ਸ਼ਿਕਾਰ ਅਤੇ ਤਬਾਹ ਤੇ ਬਰਬਾਦ ਕੀਤੇ ਜਾਣ ਸਬੰਧੀ ਸਚਾਈ ਮਿਸ਼ਰਾ ਕਮਿਸ਼ਨ ਸਾਹਮਣੇ ਪੇਸ਼ ਕਰ ਰਹੇ ਹਨ।

ਹੈਡਮਾਸਟਰ ਸੁੱਚਾ ਸਿੰਘ ਨੇ ਕਿਹਾ ਕਿ ਅਜਿਹੀ ਹਿੰਸਕ ਕਾਰਵਾਈ ਉਹ ਲੋਕੀ ਹੀ ਕਰ ਰਹੇ ਹਨ ਅਤੇ ਕਰਵਾ ਸਕਦੇ ਹਨ, ਜਿਨ੍ਹਾਂ ਨੇ ਇਨ੍ਹਾਂ ਫਸਾਦਾਂ ਵਿਚ ਹਿੱਸਾ ਲਿਆ ਸੀ। ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਅਜਿਹੀ ਸਥਿਤੀ ਵਿਚ ਕਿਵੇਂ ਆਸ ਕੀਤੀ ਜਾ ਸਕਦੀ ਹੈ ਕਿ ਮਿਸ਼ਰਾ ਕਮਿਸ਼ਨ ਸਿੱਖ ਵਿਰੋਧੀ ਫਸਾਦਾਂ ਦੀ ਤਹਿ ਤਕ ਪਹੁੰਚ ਕੇ ਦੋਸ਼ੀਆਂ ਨੂੰ ਨੰਗਿਆ ਕਰ ਸਕੇਗਾ।

# ਸਾ ਹਿ ਤ ਦ ਰ ਪ ਣ

## ਕਹਾਣੀ:
## ਖਾਲਿਸਤਾਨ ਕਦੋਂ ਬਣੇਗਾ ?

**ਅਮਰਜੀਤ ਚਾਹਲ**

ਦਾੜ੍ਹੀ ਵੀ ਐਨ ਗਿਆਨੀ ਜੀ ਹੁਣਾਂ ਵਰਗੀ ਸੀ ਅਤੇ ਅਚਕਣ ਵੀ। ਬੰਦ ਗੋਲ ਗਲਵੇਂ ਵਾਲੀ। ਆਕੜ ਕੇ ਖੜਿਆਂ ਦਾ ਪੇਟ ਵੀ ਉਸੇ ਤਰ੍ਹਾਂ ਹੀ ਅੱਗੇ ਨੂੰ ਨਿਕਲਣ ਲੱਗ ਪਿਆ ਸੀ। ਹੋਰ ਤਾਂ ਹੋਰ ਚਿੱਟੇ ਰੇਬ ਪਜਾਮੇ ਵਿਚ ਦੀ ਗੱਜਣ ਸਿੰਘ ਦੀਆਂ ਲੱਤਾਂ ਵੀ ਐਨ ਉਨ੍ਹਾਂ ਵਾਂਗ ਹੀ ਵਿੰਗੀਆਂ ਸੀ। ਸ਼ੀਸ਼ੀ ਤੋਂ ਗੱਜਣ ਸਿੰਘ ਨੇ ਦੇਖਿਆ, ਉਸ ਦਾ ਲੱਕ ਵੀ ਪੇਟ ਦੇ ਭਾਰ ਕਾਰਨ ਅੰਦਰ ਵੱਲ ਨੂੰ ਝੁਕ ਗਿਆ ਸੀ। ਨਜ਼ਰ ਤਾਂ ਅਜੇ ਉਨ੍ਹਾਂ ਦੀ ਬਿਜਲੀ ਦੇ ਕਰੰਟ ਵਰਗੀ ਸੀ — ਫੇਰ ਵੀ ਉਹ ਸ਼ੁਕੀਨੀ ਨਾਲ ਐਨਕ ਲਾ ਲੈਂਦੇ ਸਨ। ਆਪਣੇ ਵਿਚ ਪੂਰੀ ਪੰਜਾਬੀਅਤ ਭਰਨ ਲਈ ਨੋਕਦਾਰ ਸੁੱਚੇ ਤਿੱਲੇ ਦੀ ਕਢਾਈ ਵਾਲੇ ਖੁਸੇ ਪਹਿਨਦੇ ਸੀ। ਆਪਣੇ ਠਾਠ 'ਚ ਵਾਧਾ ਕਰਨ ਲਈ ਉਨ੍ਹਾਂ ਚਾਂਦੀ ਦੀ ਮੁੱਠ ਵਾਲੀ ਕਿਰਮਚੀ ਜਿਹੀ ਛੱਟੀ ਵੀ ਰੱਖੀ ਹੋਈ ਸੀ। ਜੋ ਉਹ ਕਦੇ ਕਦੇ ਹੀ ਹੱਥ ਵਿਚ ਫੜ ਕੇ ਖਾਲਿਸਤਾਨ ਦੀਆਂ ਗੁਪਤ ਮੀਟਿੰਗਾਂ ਵਿਚ ਜਾਂਦੇ ਸਨ। ਉਂਝ ਇਸ ਗਲ ਦਾ ਬਹੁਤੇ ਲੋਕਾਂ ਨੂੰ ਪਤਾ ਨਹੀਂ, ਸਿਰਫ ਸ਼ੱਕ ਹੀ ਸੀ ਕਿ ਇਸ ਗੋਲ ਛੱਟੀ ਅੰਦਰ ਦੋ ਧਾਰੀ ਬਰਛੀ ਛੁਪੀ ਹੋਈ ਹੈ।

ਅੱਜ ਉਨ੍ਹਾਂ ਸਿਰੀ ਸਾਹਿਬ ਕੁੜਤੇ ਦੇ ਅੰਦਰ ਦੀ ਪਾ ਲਈ ਸੀ। ਉਨ੍ਹਾਂ ਨੂੰ ਅਚਾਨਕ ਖਿਆਲ ਆ ਗਿਆ ਸੀ ਕਿ ਪੰਡਤ ਜੀ ਸ਼ਾਇਦ ਇਸ ਨੂੰ ਪਸੰਦ ਨਾ ਕਰਨ। ਪੰਡਤ ਜੀ ਦੀ ਨਾਪਸੰਦਗੀ, ਗੱਜਣ ਸਿੰਘ ਦੀ ਰੇਖ ਵਿਚ ਗਲਤ ਥਾਂ ਮੇਖ ਵੀ ਮਾਰ ਸਕਦੀ ਸੀ। ਉਨ੍ਹਾਂ ਨੇ ਛੱਟੀ ਵੀ ਅੱਜ ਆਪਣੇ ਨਾਲ ਨਹੀਂ ਸੀ ਲਿਜਾਣੀ ਉਹ ਤਾਂ ਪੰਡਤ ਜੀ ਪਾਸ ਇਸ ਤਰ੍ਹਾਂ ਜਾਣਾ ਚਾਹੁੰਦੇ ਸਨ ਜਿਵੇਂ ਚਿੱਤਰਾਂ ਵਿਚ ਕੋਈ ਰਾਜਾ ਕਿਸੇ ਸਾਧੂ - ਮਹਾਤਮਾ ਪਾਸ ਜਾਂਦਾ ਹੈ। ਉਸ ਦਾ ਸ਼ਾਹੀ ਠਾਠ ਵੀ ਕਾਇਮ ਹੁੰਦਾ ਹੈ ਅਤੇ ਦਿੱਖ ਵਿਚ ਅਧੀਨਤਾ, ਸਤਿਕਾਰ ਅਤੇ ਵਿਅੰਗ ਵੀ ਸ਼ਾਮਲ ਹੁੰਦਾ ਹੈ।

ਇਸ ਸਭ ਕਾਸੇ ਦੇ ਬਾਵਜੂਦ ਇਹ ਤਾਂ ਸਿਆਸਤ ਸੀ। ਸਿਆਸਤ ਦੇ ਕਾਰਨ ਹੀ ਤਾਂ ਗਿਆਨੀ ਜੀ ਝਾੜੂ ਦੇਣ ਲਈ ਤਿਆਰ ਸਨ। ਉਹ ਸਿਆਸਤ ਨਾ ਵਰਤਦੇ ਤਾਂ ਅੱਜ ਵੀ ਸ਼ਾਇਦ ਕਿਸੇ ਗੁਰਦੁਆਰੇ ਵਿਚ ਇਕ ਮਾਮੂਲੀ ਜਿਹੇ ਗ੍ਰੰਥੀ ਹੁੰਦੇ। ਕੀ ਵੁੱਕਤ ਰਹਿ ਗਈ ਹੈ ਗਰੰਥੀ ਦੀ। ਕਹਿਣ ਨੂੰ ਗੁਰੂ ਮਹਾਰਾਜ ਦੇ ਵੱਡੇ ਵਜ਼ੀਰ ਪਰ ਅਸਲ ਵਿਚ ਪ੍ਰਬੰਧਕੀ ਕਮੇਟੀ ਦੇ ਤਾਬਿਆਦਾਰ। ਪੈਸੇ ਦੀ ਖਾਤਰ ਗੁਰਦੁਆਰੇ ਦਾ ਕੰਮ ਕਰਨ ਵਾਲੇ। ਸਾਡੇ ਕਿੰਨ੍ਹੇ ਹੀ ਅਜਿਹੇ ਨੇਤਾ ਨੇ ਜੋ ਗੁਰੂ ਘਰਾਂ ਤੋਂ ਸ਼ੁਰੂ ਹੋਏ — ਜਿਵੇਂ ਜਿਵੇਂ 'ਸਿਆਸਤ ਦੀ ਸਮਝ' ਆਉਂਦੀ ਗਈ ਉਸੇ ਤਰ੍ਹਾਂ ਹੀ ਜਥੇਦਾਰ ਬਣਦੇ ਬਣਦੇ, ਮੰਤਰੀ - ਸੰਤਰੀ ਬਣ ਗਏ। ਸਿਆਸਤ ਵਿਚ ਕੋਈ ਵੀ ਆਪਣਾ ਨਹੀਂ ਹੁੰਦਾ। ਸਭ ਦੁਸ਼ਮਣ ਹੁੰਦੇ ਨੇ। ਕਈ ਵਾਰ ਇਕ ਦੁਸ਼ਮਣ ਨੂੰ ਮਾਰਨ ਲਈ, ਦੂਜੇ ਸ਼ਤਰੂ ਤੋਂ ਰਾਏ ਵੀ ਲੈਣ ਪੈਂਦੀ ਹੈ। ਪੰਡਤ ਜੀ ਪਾਸ ਮੈਂ ਚਲਾ ਵੀ ਜਾਵਾਂ ਤਾਂ ਕੋਈ ਕਹਿਰ ਵਾਲੀ ਗੱਲ ਨਹੀਂ ਹੈ। ਸਾਡੀ ਆਪਣੀ ਹੀ ਲਹਿਰ ਅੰਦਰ ਕਿੰਨੇ ਵੈਰੀ ਨੇ ਸਾਡੇ — ਇਸ ਵਾਰੇ ਕੁਝ ਕਹਿਣਾ ਬਹੁਤ ਈ ਮੁਸ਼ਕਲ ਹੈ। ਇਸ ਗੱਲ ਦੀ ਤਾਂ ਇਤਿਹਾਸ ਵੀ ਗਵਾਹੀ ਭਰਦਾ ਹੈ ਕਿ ਪੰਜਾਬ ਵਿਚੋਂ 'ਦਲ ਬਦਲੀ ਕਰਨ ਵਾਲੇ ਸਿਖਾਂ ਵੀ ਇਕ ਰਿਕਾਰਡ ਹੀ ਕਾਇਮ ਕਰ ਦਿਤਾ ਹੈ। ਸਿੱਖਾਂ ਦੀ ਗਦਾਰੀ ਨੇ ਰਣਜੀਤ ਸਿੰਘ ਦਾ ਰਾਜ ਖਤਮ ਕਰ ਦਿਤਾ ਸੀ। ਇਹ ਵੱਖਰੀ ਗੱਲ ਹੈ ਕਿ ਅੱਜ ਅਸੀਂ ਉਨ੍ਹਾਂ ਨੂੰ, ਉਨ੍ਹਾਂ ਦੇ ਧਰਮ ਨਾਲ ਨਹੀਂ — ਸਗੋਂ ਇਲਾਕੇ ਨਾਲ ਯਾਦ ਕਰਦੇ ਹਾਂ।

ਉਹ ਸੋਚਾਂ ਵਿਚ ਗੜੂੰਦ ਕਾਰ ਦੀਆਂ ਚਾਬੀਆਂ ਲੈ ਕੇ ਬਾਹਰ ਆਏ। ਅਚਾਨਕ ਉਨ੍ਹਾਂ ਨੂੰ ਆਪਣੀ ਖਾਲਿਸਤਾਨੀ ਲਹਿਰ, ਧਰਮ ਅਤੇ ਕਾਲਜ ਦੇ ਦਿਨਾਂ ਵਿਚ ਕੀਤੀ ਪੁਲੀਟੀਕਲ ਸਾਇੰਸ ਦੀ ਸਟੱਡੀ ਯਾਦ ਨਹੀਂ ਆ ਰਹੇ ਸਨ। ਉਹ ਤਾਂ ਆਪਣੇ ਮਨ ਨੂੰ ਢਾਰਸ ਦੇ ਰਹੇ ਸਨ। ਉਹ, ਉਸ ਧਰਮ ਦੇ ਆਦਮੀ ਪਾਸ ਜਾ ਰਹੇ ਸਨ ਜਿਨ੍ਹਾਂ ਨੂੰ ਉਨ੍ਹਾਂ ਦੀ ਲਹਿਰ ਦੇਖਣਾ ਤੱਕ ਪਸੰਦ ਨਹੀਂ ਸੀ ਕਰਦੀ — ਮਿਲਣਾ, ਗਲ ਕਰਨੀ ਤਾਂ ਇਕ ਪਾਸੇ ਰਹੀ। ਉਨ੍ਹਾਂ ਦੀ ਲਹਿਰ ਦਾ ਵੱਸ ਚਲਦਾ ਤਾਂ ਉਹ ਅੱਜ ਹੀ ਇਕੱਲਾ ਲੱਖਾਂ ਨਾਲ ਲੜਨ ਲਈ ਤਿਆਰ ਸਨ। ਬਲਕਿ ਲੜ ਰਹੇ ਸੀ। ਕਈ ਫਰੰਟ ਸਨ ਇਸ ਲੜਾਈ ਦੇ। ਲੋਕਾਂ ਨੂੰ ਧਰਮ ਦਾ ਵਾਸਤਾ ਦੇ ਕੇ ਵਰਗਲਾਉਣਾ — 'ਧਰਮ ਖਤਰੇ ਵਿਚ ਹੈ' — ਕਹਿਣ ਦੀ ਲੋੜ ਹੈ, ਲੋਕ ਰੋਟੀ ਖਾਣੀ ਭੁੱਲ ਜਾਂਦੇ ਹਨ। ਹੁਣ ਤਾਂ ਮੈਂ ਇਹ ਆਪਣੀ ਅੱਖੀਂ ਦੇਖ ਲਿਆ। ਮਾਰਕਸ ਨੇ ਤਾਂ ਧਰਮ ਨੂੰ ਅਫੀਮ ਕਿਹਾ ਸੀ — ਅੱਜ ਤਾਂ ਇਹ ਦੁੱਧ 'ਚ ਰਲਿਆ ਪਾਰਾ ਲਗਦਾ ਹੈ। ਜਿਸ ਦੇ ਪੀਣ ਨਾਲ ਸਿਰਫ 'ਖਤਰਾ' ਯਾਦ ਰਹਿ ਜਾਂਦਾ ਹੈ ਅਤੇ ਬਾਕੀ ਦੀ ਤਰੱਕ ਸ਼ਕਤੀ ਅੰਦਰੋ-ਅੰਦਰ ਖੁਰ ਜਾਂਦੀ ਹੈ।

ਉਨ੍ਹਾਂ ਵੱਡੀ ਸਾਰੀ ਕਾਲੇ ਰੰਗ ਦੀ ਕਾਰ ਡਰਾਈਵੇ 'ਚੋਂ ਬਾਹਰ ਕੱਢ ਲਈ। ਕਾਲਾ ਰੰਗ ਉਨ੍ਹਾਂ ਜਾਣ-ਬੁਝ ਕੇ ਹੀ ਚੁਣਿਆ ਸੀ। ਇਹ ਕਾਰ ਵੀ ਉਨ੍ਹਾਂ ਉਸ ਵੇਲੇ ਖਰੀਦੀ ਸੀ। ਜਦ ਹੋਰ ਸਭ ਪਾਸਿਆਂ ਤੋਂ ਕੰਮ ਛੱਡ ਕੇ ਉਨ੍ਹਾਂ ਖਾਲਿਸਤਾਨ ਦੇ ਦਫਤਰ ਵਿਚ ਕੰਮ ਕਰਨਾ ਸ਼ੁਰੂ ਕੀਤਾ ਸੀ। ਉਨ੍ਹੀਂ ਦਿਨੀਂ ਸਤਿਗੁਰਾਂ ਦੀ ਅਪਾਰ ਕਿਰਪਾ ਸੀ। ਮਾਇਆ ਹੱਥਾਂ ਦੀ ਮੈਲ ਹੋ ਕੇ ਰਹਿ ਗਈ ਸੀ। ਖਾਲਿਸਤਾਨ ਦੇ ਆਪਦੇ ਨੋਟ ਛਪ ਗਏ ਸਨ। ਲੋਕ ਖਰੀਦ ਰਹੇ ਸੀ। ਉਸ ਦੀ ਬੜੀ ਖਾਹਿਸ਼ ਸੀ ਕਿ ਖਾਲਿਸਤਾਨ ਦੇ ਨੋਟ ਉਪਰ ਉਸ ਦੇ ਆਪਣੇ ਦਸਖਤ ਹੁੰਦੇ। ਗੱਜਣ ਸਿੰਘ। ਪਰ ਸ਼ਾਇਦ ਸਤਿਗੁਰਾਂ ਨੂੰ ਇਹ ਮਨਜ਼ੂਰ ਨਹੀਂ ਸੀ। ਉਨ੍ਹੀਂ ਦਿਨੀਂ ਨਵਾਂ ਨਵਾਂ ਸਿਆਸਤ ਵਿਚ ਗਿਆ ਹੋਣ ਕਾਰਨ ਬਹੁਤੇ 'ਦਾਅ-ਪੇਚ' ਨਹੀਂ ਸੀ ਜਾਣਦਾ। ਰਾਸ਼ਟਰਪਤੀ ਜੀ ਨੂੰ ਜਦ ਮਿਲਿਆ ਸੀ ਤਾਂ ਕਿੰਝ ਘਬਰਾ ਗਿਆ ਸਾਂ। ਕੀ ਪਤਾ ਸੀ ਉਨ੍ਹੀਂ ਦਿਨੀਂ ਇਨਾਂ ਅੰਦਰਲੇ ਭੇਤਾਂ ਦਾ ਜਿਵੇਂ ਜਿਵੇਂ ਸਮਝ ਆਉਂਦੀ ਗਈ — ਤਿਉਂ ਤਿਉਂ 'ਹੁਸ਼ਿਆਰ' ਹੋ ਗਏ। ਤੁਰਨਾ ਕੋਈ ਪਹਿਲੇ ਦਿਨ ਹੀ ਤੇ ਨਹੀਂ ਨਾ ਸਿਖ ਜਾਂਦਾ।

ਪੰਡਤ ਜੀ ਜਿਥੇ ਠਹਿਰੇ ਹੋਏ ਸਨ ਗੱਜਣ ਸਿੰਘ ਉਥੇ ਪਹੁੰਚ ਗਿਆ। ਕਾਰ ਪਾਰਕ ਕਰਨ ਵਿਚ ਬੜੀ ਮੁਸ਼ਕਲ ਪੇਸ਼ ਆਈ। ਉਸ ਘਰ ਦੇ ਨੇੜ-ਤੇੜ ਕਾਰਾਂ ਹੀ ਬਹੁਤ ਖੜੀਆਂ ਸਨ। ਉਨ੍ਹਾਂ ਕਾਰਾਂ ਵੱਲ ਵੇਖ ਕੇ ਉਹਦੇ ਮਨ ਵਿਚ ਇਕ ਸਵਾਲ ਆਇਆ। ਜੇ ਮੈਨੂੰ ਕਿਸੇ, ਪੰਡਤ ਜੀ ਹੁਣਾਂ ਨੂੰ ਮਿਲਣ ਆਏ ਨੂੰ ਦੇਖ ਲਿਆ ਤਾਂ? ਲੋਕ ਗੱਲਾਂ ਤਾਂ ਨਾ ਬਣਾਉਣਗੇ ?? ਜਦ ਖਾਲਿਸਤਾਨ ਦੀ ਲਹਿਰ ਸ਼ੁਰੂ ਹੋਈ ਸੀ ਤਾਂ ਉਸ ਨੇ ਕੰਮ ਬਹੁਤ ਕੀਤਾ ਸੀ। ਇਉਂ ਜਾਪਦਾ ਸੀ ਕਿ ਖਾਲਿਸਤਾਨ ਮਿਲਿਆ ਕਿ ਮਿਲਿਆ। ਬੜਾ ਜੋਸ਼ ਸੀ ਉਨ੍ਹੀਂ ਦਿਨੀਂ। ਇਕ ਹੀ ਲਗਨ ਸੀ ਉਨ੍ਹੀਂ ਦਿਨੀਂ — ਖਾਲਿਸਤਾਨ ਤੇ ਬੱਸ ਖਾਲਿਸਤਾਨ। ਧਰਮ ਵੀ ਖਾਲਿਸਤਾਨ ਹੀ ਲੱਗਦਾ ਸੀ।

ਗੱਜਣ ਸਿੰਘ ਨੇ ਜਿੱਥੇ ਪੰਡਤ ਜੀ ਠਹਿਰੇ ਹੋਏ ਸਨ — ਉਸ ਘਰ ਦਾ ਦਰ ਖੜਕਾਇਆ। ਦਰ ਖੜਕਾਉਣ ਲੱਗਿਆਂ ਉਨ੍ਹਾਂ ਨੂੰ ਝਿਜਕ ਹੋਈ ਸੀ। ਕਿੱਥੇ ਸਤਿਗੁਰਾਂ ਦਾ ਦਰ ਤੇ ਕਿਥੇ ਪੰਡਤ ਜੀ ਦਾ — ਵਾਹ, ਮੇਰੇ ਮਾਲਕ, ਵਾਹ — ਤੇਰੀਆਂ, ਤੂੰ ਹੀ ਜਾਣੇ। ਅਸੀਂ ਤਾਂ ਤੇਰੇ ਹੁਕਮ ਦੇ ਗੁਲਾਮ ਹਾਂ। ਜਿੱਥੇ ਤੂੰ ਰਾਜ਼ੀ — ਤੇਰੀ ਰਜ਼ਾ 'ਚ ਮੈਂ ਰਾਜ਼ੀ, ਮੇਰੇ ਸਤਿਗੁਰ ਜੀ।

ਕਦੇ ਉਹ ਦਿਨ ਵੀ ਸਨ — ਗੱਜਣ ਸਿੰਘ ਨੇ ਸੋਚਿਆ — ਅਸੀਂ ਇਸ ਘਰ ਵਾਲੇ ਦੇ ਜੁੱਤੀ ਫੇਰੀ ਸੀ। ਇਹ ਆਪਣੇ ਰੇਡੀਉ ਪਰੋਗਰਾਮ 'ਤੇ ਖਾਲਿਸਤਾਨ ਦੇ ਵਿਰੁੱਧ ਬੋਲਦਾ ਹੁੰਦਾ ਸੀ। ਸਾਡਾ ਤਾਂ ਚਿੱਤ ਕਰਦਾ ਸੀ ਕਿ ਹਰ ਉਸ ਆਦਮੀ ਦੀ ਸੰਘੀ ਨੱਪ ਦੇਈਏ ਜੋ ਖਾਲਿਸਤਾਨ ਦੇ ਵਿਰੁੱਧ ਪਰਚਾਰ ਕਰਦਾ ਸੀ। ਅਸੀਂ ਇੰਝ ਕਰ ਵੀ ਸਕਦੇ ਸੀ। ਸਾਡੇ ਪਾਸ ਪੂਰੇ ਸ਼ਟੇ ਹੋਏ ਬੰਦੇ ਸੀ। ਅਸੀਂ ਇਥੇ ਰਹਿਣ ਵਾਲੇ ਹਰ ਇਕ ਨੂੰ ਜਾਣਦੇ ਸੀ ਕਿ ਕੌਣ ਕਿੰਨੇ ਕੁ ਪਾਣੀ ਵਿਚ ਹੈ। ਜਿਸ ਨੂੰ ਜੀਅ ਕਰਦਾ ਸੀ ਅਸੀਂ ਕਾਂਗਰਸੀ ਬਣਾ ਦਿੰਦੇ ਸੀ, ਕਿਸੇ ਨੂੰ ਕੌਮਿਉਨਿਸਟ, ਕਿਸੇ ਨੂੰ ਗ਼ਦਾਰ ਅਤੇ ਕਿਸੇ ਨੂੰ ਤਾਂ ਉਂਝ ਹੀ ਧਰਮ 'ਚੋਂ ਖਾਰਜ਼ ਕਰ ਦਿੰਦੇ ਸਾਂ। ਲੋਕ ਗੰਭੀਰ ਘੱਟ ਸਨ ਅਤੇ ਤਮਾਸ਼ਾਈ ਬਹੁਤੇ। ਬਿਲਕੁਲ ਉਸੇ ਤਰ੍ਹਾਂ ਜਿਵੇਂ ਜਲੂਸ ਵਿਚ ਸ਼ਾਮਲ ਹੋਣ ਲਈ ਘੱਟ ਲੋਕ ਜਾਂਦੇ ਹਨ ਪਰ ਦੇਖਣ ਜ਼ਿਆਦਾ। ਸਿਆਸੀ ਪਾਰਟੀਆਂ ਨੂੰ ਇਸ ਦਾ ਬੜਾ ਫਾਇਦਾ ਹੁੰਦਾ ਹੈ। ਉਹ ਤਾਂ ਚਾਹੁੰਦੀਆਂ ਹੀ ਇਹ ਹਨ ਕਿ ਲੋਕ ਤਮਾਸ਼ਬੀਨ ਬਣੇ ਰਹਿਣ। ਜਿਸ ਦਿਨ ਲੋਕ ਤਮਾਸ਼ਬੀਨ ਬਣਨੋਂ ਹਟ ਗਏ — ਉਸ ਦਿਨ, ਉਸ ਦਿਨ ਤਾਂ ਫੇਰ ਵਾਹਿਗੁਰੂ ਹੀ ਰਾਖਾ ....।

ਕਿਸੇ ਨੇ ਦਰਵਾਜ਼ਾ ਖੋਲ੍ਹਿਆ ਹੀ ਨਹੀਂ ਸੀ। ਉਸ ਨੂੰ ਖੜੇ ਖੜੇ ਨੂੰ ਸ਼ਰਮ ਮਹਿਸੂਸ ਹੋਈ ਅਤੇ ਗੁੱਸਾ ਵੀ ਆਇਆ। ਗੁੱਸਾ ਤਾਂ ਉਦੋਂ ਵੀ ਆਇਆ ਸੀ ਜਦ ਦੇਸੋਂ ਨਵੇਂ ਨਵੇਂ ਹੋਰ ਖਾਲਿਸਤਾਨੀ ਆਉਣੇ ਸ਼ੁਰੂ ਹੋ ਗਏ ਸੀ। ਅਸਲ ਬੇੜਾ ਤਾਂ ਬੈਠਾ ਹੀ ਉਸ ਵੇਲੇ ਸੀ। ਉਨ੍ਹਾਂ ਨੇ ਪਤਾ ਨਹੀਂ ਲੋਕਾਂ ਨੂੰ ਕੀ ਪੱਟੀ ਪੜ੍ਹਾਈ — ਸਾਡੀ ਤਾਂ ਕਿਸੇ ਸੁਣੀ ਤੱਕ ਨਹੀਂ। ਜ਼ੁਲਮ ਸਾਂਈ ਦਾ — ਉਹ ਸਾਨੂੰ ਹੀ 'ਕੌਮ ਦੇ ਗ਼ਦਾਰ' ਕਹਿਣ ਲੱਗ ਪਏ। ਅਸੀਂ ਜੋ ਬੂਟਾ ਲਾਇਆ ਸੀ ਸਾਡੇ ਦੇਖਦਿਆਂ ਦੇਖਦਿਆਂ ਹੀ ਉਹ ਪੁੱਟ ਕੇ ਆਪਣੇ ਵਿਹੜੇ ਵਿਚ ਲੈ ਗਏ। ਉਨ੍ਹਾਂ ਗੁਰਦੁਆਰਿਆਂ ਵਿਚ ਆਪਣੀਆਂ ਜੜ੍ਹਾਂ ਪੱਕੀਆਂ ਕਰ ਲਈਆਂ — ਤੇ ਫੇਰ ਸਾਨੂੰ ਹੀ 'ਮਿਆਊਂ' ਕਹਿਣ ਲਗ ਪਏ। ਸੱਚੇ ਪਾਤਸ਼ਾਹ ਏਨਾ ਜ਼ੁਲਮ ਕਦੇ ਨਹੀਂ ਦੇਖਿਆ। ਵਾਹਿਗੁਰੂ, ਵਾਹਿਗੁਰੂ .....। ਕੋਈ ਦਰਵਾਜ਼ਾ ਈ ਨਹੀਂ ਖੋਲਦਾ। ਗਲ ਕੀ ਐ ?

ਉਹ ਤੀਜੀ ਵਾਰ ਦਰ ਠਕੋਰਨ ਲੱਗਿਆ ਹੀ ਸੀ ਕਿ ਦਰਵਾਜ਼ਾ ਖੁਲ੍ਹ ਗਿਆ। ਪਰ ਇਹ ਘਰ ਦਾ ਮਾਲਕ ਨਹੀਂ ਸੀ। ਉਸ ਨੂੰ ਤਾਂ ਗੱਜਣ ਸਿੰਘ ਚੰਗੀ ਤਰ੍ਹਾਂ ਜਾਣਦਾ ਸੀ। ਉਹ ਮਹਾਰਾਜਾ ਰਣਜੀਤ ਸਿੰਘ ਵਾਂਗ ਸਵਾ ਅੱਖਾ ਸੀ। ਪੌਣੇ ਕੁ ਛੇ ਫੁੱਟ ਦੀ ਲੰਬਾਈ ਵਾਲਾ। ਉਸ ਦੀਆਂ ਰਾਜਪੂਤਾਂ ਵਾਂਗ ਵੱਡੀਆਂ ਵੱਡੀਆਂ ਮੁੱਛਾਂ ਸਨ ਅਤੇ ਰਾਜਸਥਾਨੀ ਹਦਵਾਣੇ ਜਿੱਡਾ ਪੇਟ। ਉਸ ਨੂੰ ਗੈਰ ਹਾਜ਼ਰ ਦੇਖ ਕੇ ਇਕ ਤਰ੍ਹਾਂ ਗੱਜਣ ਸਿੰਘ ਨੂੰ ਖੁਸ਼ੀ ਹੀ ਹੋਈ। ਨਹੀਂ ਤਾਂ ਉਸ ਨੇ ਹੀ ਸਾਰੇ ਸ਼ਹਿਰ ਵਿਚ ਇਸ ਗੱਲ ਦੀ ਧੁੰਮ ਮਚਾ ਦੇਣੀ ਸੀ ਕਿ ਪੰਡਤ ਜੀ ਹੁਣਾਂ ਨੂੰ ਗੱਜਣ ਸਿੰਘ ਖਾਲਿਸਤਾਨੀ ਮਿਲ ਕੇ ਗਿਆ ਹੈ। ਉਹ ਹੋਰ ਲੋਕਾਂ ਵਾਂਗ ਹੀ ਇਕ ਖਾਲੀ ਕੁਰਸੀ ਦੇਖ ਕੇ ਬੈਠ ਗਿਆ। ਉਸ ਨੇ ਦੇਖਿਆ ਲੋਕ ਉਦਾਸ, ਮੂੰਹ ਲਮਕਾਈ ਬੈਠੇ ਸਨ ਜਿਵੇਂ ਉਨ੍ਹਾਂ ਦਾ ਕੁਝ ਬੜਾ ਕੀਮਤੀ ਗੁਆਚ ਗਿਆ ਹੋਵੇ। ਤੀਵੀਆਂ ਜ਼ਿਆਦਾ ਸਨ ਅਤੇ ਆਦਮੀ ਘੱਟ। ਉਨ੍ਹਾਂ ਸਭਨਾਂ ਦੇ ਅੰਦਰ ਇਕ ਡਰ ਸੀ। ਕਿਸੇ ਦੇ ਅੰਦਰ ਸ਼ੱਕ ਜੋ ਉਨ੍ਹਾਂ ਨੂੰ ਅੰਦਰੋ-ਅੰਦਰੀ ਖਾਈ ਜਾ ਰਿਹਾ ਸੀ।

ਪੰਡਤ ਜੀ ਦੀ ਚਰਚਾ ਦਾ ਪਤਾ ਇਨ੍ਹਾਂ ਲੋਕਾਂ ਨੂੰ ਦੇਖ ਕੇ ਲਗਦਾ ਸੀ। ਉਸ ਨੇ ਖੁਦ ਵੀ ਪੰਡਤ ਜੀ ਨੂੰ ਟੀ. ਵੀ. ਉਪਰ ਦੇਖਿਆ ਸੀ ਅਤੇ ਉਨ੍ਹਾਂ ਦੇ ਕਾਰਨਾਮੇ ਦੇਖ ਕੇ — ਉਨ੍ਹਾਂ ਨੂੰ ਮਿਲਣ ਨੂੰ ਮਨ ਕੀਤਾ ਸੀ।

ਜਦ ਦਾ ਖਾਲਿਸਤਾਨੀ ਲਹਿਰ ਅੰਦਰ ਅਹੁਦੇਦਾਰੀ ਅਤੇ ਹੋਰ ਸ਼ੱਕੀ ਗੱਲਾਂ ਅਚੰਭੇ ਵਾਂਗ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ ਸਨ ਤਾਂ ਉਹ ਪਾਸੇ ਹਟ ਗਿਆ ਸੀ। ਇੰਝ ਪਾਸੇ ਹੋ ਜਾਣ ਨੂੰ ਵੀ ਉਸ ਸਿਆਸਤ ਸਮਝਿਆ ਸੀ ਅਤੇ ਹੁਣ ਕੋਈ ਹੋਰ ਇਲਾਜ ਕਰਨਾ ਚਾਹੁੰਦਾ ਸੀ। ਇਸ ਕਰਕੇ ਹੀ ਉਸ ਪੰਡਤ ਜੀ ਨੂੰ ਮਿਲਣਾ ਬੜਾ ਜ਼ਰੂਰੀ ਸਮਝਿਆ ਸੀ।

ਵਿਚ ਵਿਚ ਤੀਵੀਆਂ ਗੱਜਣ ਸਿੰਘ ਨੂੰ ਬਹੁਤ ਸੋਹਣੀਆਂ ਲੱਗੀਆਂ। ਸਿੰਘ ਸਜਣ ਤੋਂ ਪਹਿਲਾਂ ਉਸ ਬੜੇ ਪੁੱਠੇ-ਸਿੱਧੇ ਕੰਮ ਕੀਤੇ ਸਨ। ਦੇਸ਼ ਉਹ ਵਿਆਹਿਆ ਹੋਇਆ ਸੀ ਪਰ ਕੈਨੇਡਾ ਵਿਚ ਪੱਕਾ ਹੋਣ ਲਈ ਉਸ ਦੇਸ਼ ਵਾਲੀ ਤਰੀਮਤ ਨੂੰ ਤਲਾਕ ਦੇ ਦਿਤਾ ਸੀ। ਇਥੇ ਗੋਰੀ ਨਾਲ ਵਿਆਹ ਕਰਵਾ ਕੇ ਟਿਕ ਗਿਆ ਸੀ। ਗੋਰੀ ਨਾਲ ਵਿਆਹ ਕਰਵਾ ਕੇ — ਇਕ ਤਰ੍ਹਾਂ ਉਹਦੀ ਸੰਗ ਲੱਥ ਗਈ। ਸਤਿਗੁਰਾਂ ਦੀ ਮੇਹਰ ਹੋਣੀ ਸ਼ੁਰੂ ਹੋ ਗਈ — ਕੋਈ ਆ ਗਈ — ਕੋਈ ਚਲੇ ਗਈ। ਉਸ ਗੋਰੀ ਨੂੰ ਕੀ ਸੀ। ਉਸ ਨੇ ਤਾਂ ਆਪ ਪੈਸਿਆਂ ਦੀ ਖਾਤਿਰ ਵਿਆਹ ਕਰਵਾਇਆ ਸੀ।

"ਅੱਗੇ ਕਿਸ ਦੀ ਵਾਰੀ ਐ ਬਈ ?" ਉਹ ਆਦਮੀ ਜਿਸ ਦਾ ਇਹ ਘਰ ਸੀ। ਖੁਲ੍ਹਾ ਜਿਹਾ ਕੁੜਤਾ ਪਜਾਮਾ ਪਾਈ, ਆਪਣੇ ਚੱਡਿਆਂ ਨੂੰ ਖੁਰਕਦਾ ਹੋਇਆ ਉਨ੍ਹਾਂ ਦੇ ਵਿਚਕਾਰ ਆ ਕੇ ਖੜ੍ਹ ਗਿਆ। ਉਹ ਬੜਾ ਅਜੀਬ ਜਿਹਾ ਲੱਗ ਰਿਹਾ ਸੀ। ਉਸ ਨੇ ਇਕ ਵਾਰ ਫੇਰ ਪੁੱਛਿਆ, "ਚਲੋ ਬਈ, ਕੀਹਦੀ ਵਾਰੀ ਐ ?"

ਜਿਨ੍ਹਾਂ ਦੀ ਵਾਰੀ ਸੀ ਉਹ ਉਠੇ।

"ਪੰਦਰਾਂ ਮਿੰਟ ਤੋਂ ਜ਼ਿਆਦਾ ਨਹੀਂ ਲਾਉਣੇ। ਪੰਡਤ ਜੀ ਹੁਣਾਂ ਪਾਸ ਵਕਤ ਨਹੀਂ ਹੈ।" ਉਸ ਨੇ ਤਾੜਨਾ ਕੀਤੀ।

ਉਹ "ਚੰਗਾ ਜੀ" ਕਹਿ ਕੇ ਪੰਡਤ ਜੀ ਦੇ ਕਮਰੇ ਵਿਚ ਦਾਖਲ ਹੋ ਗਏ।

ਅਚਾਨਕ ਘਰ ਦੇ ਮਾਲਕ ਦੇ ਹੱਥ ਢਾਕਾਂ ਉਪਰ ਚਲੇ ਗਏ। ਉਸ ਨੂੰ ਅਚੰਭਾ ਹੋਇਆ। ਉਸ ਨੇ ਆਪਣੀ ਹੈਰਾਨੀ ਨੂੰ ਕਾਬੂ ਕਰਕੇ, ਬੜੇ ਹਿਰਖ ਅਤੇ ਰੋਅਬ ਨਾਲ ਗੱਜਣ ਸਿੰਘ ਨੂੰ ਪੁਛਿਆ, "ਤੂੰ ਅਪੋਇੰਟਮਿੰਟ ਬਣਾਇਆ ?"

ਗੱਜਣ ਸਿੰਘ ਦਾ ਦਿਲ ਕੀਤਾ ਕਿ ਉਸ ਨੂੰ ਪੁੱਛੇ, "ਸਾਲਿਆ ਅਪੋਇੰਟਮਿੰਟ ਪੁਛਦਾਂ — ਕੀ ਗੱਲ ਚੇਤਾ ਭੁੱਲ ਗਿਆ ?'

ਪਰ ਉਸ ਨੇ ਇੰਝ ਨਹੀਂ ਕੀਤਾ। ਉਸ ਨੇ ਸੋਚਿਆ, ਇਹੋ ਜਿਹੇ ਸਮੇਂ ਗਿਆਨੀ ਜੀ ਇੰਝ ਨਹੀਂ ਸਨ ਕਰਦੇ ਹੁੰਦੇ।

"ਜੀ, ਉਹ ਤਾਂ ਮੈਂ ਬਣਾਉਣਾ ਭੁੱਲ ਗਿਆ।" ਉਹ ਨਿਆਣਾ ਤੇ ਲਾਚਾਰ ਬਣ ਗਿਆ।

ਬਾਕੀ ਪੰਨਾ 11 ਤੇ

## ਕੌਣ ਬੇਗੁਨਾਹ ਹੈ ?

**ਪ੍ਰੀਤਮ ਸਿੰਘ ਸਫ਼ੀਰ**

ਪਹਿਲੀ ਕੱਸਕ ਪੈਣ ਤੇ
ਪਹੁੰਚ ਗਈ ਉਹ ਚੰਦਰਮਾਂ ਤੋਂ ਪਰਲੇ ਪਾਰ
ਦੂਜੀ ਕਸਕ ਪੈਣ ਤੇ
ਸਾਗਰਾਂ ਦਾ ਓਸ ਨੇ
ਛਾਣਿਆ ਆਗਮ ਨਿਗਮ
ਮੁਸਕ੍ਰਾਂਦੀ ਨਜ਼ਰ ਨਾਲ
ਦੇਖਿਆ ਸਾਥੀ ਨੂੰ ਫਿਰ
ਓਸ ਦੇ ਜੁਸੇ ਦੇ ਵਿਚ
ਲਹਿਰ ਗਈ ਬਿਜਲੀ ਕਿਸੇ ਆਕਾਸ਼ ਚੋਂ
ਤੀਜੀ ਕੱਸਕ
ਬੇਸ਼ੁਮਾਰ ਹੋ ਗਈ ਤੇਜੱਸਵੀ
ਕਿਸ ਤਰ੍ਹਾਂ ਦੀ ਹੈ ਸੀ ਤ੍ਰੀਮਤ
ਹਰ ਸਵੇਰ
ਓਸ ਦੀ ਵਰ ਚੋਣ ਉਸ ਨੂੰ
ਰਖਦੀ ਸੀ ਬੇਕਰਾਰ !
... ... ... ...
ਪੁਰਖ ਸਾਰੇ, ਤ੍ਰੀਮਤਾਂ
ਓਸ ਨੂੰ
ਜਾਪਦੇ ਸਨ ਇਸ ਤਰ੍ਹਾਂ ਦੇ ਜਾਨਵਰ
ਜਿਨ੍ਹਾਂ ਨੂੰ ਪੁਚਕਾਰ ਕੇ
ਵਰਤ ਸਕਦੀ ਸੀ ਹਰ ਇਕ ਆਦੇਸ਼ ਲਈ
ਅੰਦਰੋਂ
ਸਾਰਿਆਂ ਨੂੰ ਸਮਝਦੀ ਸੀ ਹੇਚ ਹਨ
ਹੁਕਮਰਾਨੀ ਦੀ ਤਮੱਨਾ
ਓਸ ਦੇ ਹਰ ਸਵਾਸ ਵਿਚ
ਜੀਅ ਰਹੀ ਸੀ ਬੇਕਰਾਰ !
... ... ... ...
ਹੁਸਨਵਰ, ਜਾਣਦੀ ਸੀ ਆਪਣੀ
ਹਰ ਤਰ੍ਹਾਂ ਦੀ ਸ਼ਾਨ ਨੂੰ
ਇਕ ਕੋਈ ਸੁਹਾਗ ਉਸ ਨੂੰ
ਕਿਸ ਤਰ੍ਹਾਂ
ਰਖ ਸਕਦਾ ਸੀ ਸੰਤੁਸ਼ਟ ?
ਹੁਕਮ ਹਾਸਲ ਇਕ ਤਰ੍ਹਾਂ ਦਾ
ਓਸ ਨੂੰ ਮਨਜ਼ੂਰ ਨਹੀਂ ਸੀ,
ਚਾਹੁੰਦੀ ਸੀ
ਉਹ ਵੀ ਸ਼ਾਨਦਾਰ ਦਿਸਣ
ਉਹ ਜੋ ਸਨ ਉਸ ਦੇ ਮੁਥਾਜ,
ਹਰ ਕਿਸੇ ਚੋਂ ਜਾਚਦੀ ਸੀ
ਕਿਹੜੀ ਤ੍ਰਿਸ਼ਨਾ ਨਾਲ ਕੋਈ
ਕਰ ਰਿਹਾ ਹੈ
ਓਸ ਦਾ, ਇੰਤਜ਼ਾਰ !
... ... ... ...
ਸਾਰੇ ਨਗ਼ਮੇ ਓਸ ਦੇ
ਹੈਨ ਸਨ ਇਸ ਪਾਰ ਦੇ

ਦੇਖ ਸਕਦੀ ਨਹੀਂ ਸੀ
ਪਰਦੇ ਦੇ ਓਹਲੇ
ਹੋਰ ਵੀ ਦੁਨੀਆਂ ਹੈ ਇਕ
ਜਿਸ ਦੇ ਵਿਚ
ਜਿਸਮ ਆਪਣੇ ਤਿਆਗ ਕੇ
ਜਾਂਦੀਆਂ ਨੇ ਆਤਮਾਂ,
ਓਸ ਥਾਂ ਤੇ
ਹੋ ਰਿਹਾ ਨਿਰਣਾ ਹੈ ਹਰ ਇਕ ਕਰਮ ਦਾ
ਓਸ ਥਾਂ
ਕੋਈ ਜੋਗੀ ਜਤੀ ਪੈਗ਼ੰਬਰ ਕੋਈ
ਪਾ ਕੇ ਫ਼ਰਮਾਇਸ਼ਾਂ
ਬਦਲ ਸਕਦੇ ਕਦੇ ਨਹੀਂ ਤਕਦੀਰ ਨੂੰ
ਇਸੇ ਦੁਨੀਆਂ
ਵਿਚ ਜੋ ਏਨੀ ਲੀਨ ਸੀ
ਕਿਵੇਂ ਹੋ ਸਕਦਾ ਸੀ ਉਸ ਨੂੰ
ਸ਼ਕਤੀਸ਼ਾਲੀ ਕਿਸੇ ਵੀ ਅਦ੍ਰਿਸ਼ਟ ਦਾ
ਕੋਈ ਸ਼ੁਮਾਰ ?
... ... ... ...
ਕਾਵਿ-ਸੁਰਤ ਸੋਚਦੀ ਹੈ
ਕਿਸ ਤਰ੍ਹਾਂ ਦਾ ਹੈ ਤਮਾਸ਼ਾ
ਮੱਚ ਰਹੇ ਕੁਹਰਾਮ ਦਾ ?
ਕਰਮ ਧਰਮ
ਕਿਉਂ ਸਿਰਜੇ ਨੇ ਕਿਸੇ ਨੇ ?
ਹੁਸਨਵਰ ਕਿਸੇ ਦੀ ਮੁਹੱਬਤ ਤੋਂ ਕਿਉਂ
ਹੋ ਜਾਂਦੇ
ਕਦੇ ਵੀ ਮਗ਼ਰੂਰ ਏਨੇ ਆਦਮੀ ?
ਕਿਉਂ ਅੰਗ ਮਦਹੋਸ਼ ਹੋ ਕੇ
ਬੀਜਦੇ ਨੇ ਬੀਜ ਜੰਮਣ ਮਰਣ ਦਾ ?
ਹੈ ਇਹ ਵਹਿਸ਼ਤ
ਜਾਂ ਕੋਈ ਵਿਸਮਾਦ ਹੈ
ਜਿਸ ਦੇ ਵਿਚ ਪਰਵਿਰਤ ਹੋ ਕੇ
ਕੋਈ ਸ਼ਕਤੀ
ਨਿਰ-ਸੰਕੋਚ
ਉਤਪਤੀ ਸਮਾਪਤੀ ਦਾ
ਹੈ ਚਲਾ ਰਹੀ ਰੋਜ਼ਗਾਰ !

# ਕੇਂਦਰ ਸਰਕਾਰ ਦੀਆਂ ਸਿਆਸੀ ਗ਼ਲਤੀਆਂ



## ਉੱਜਲ ਦੁਸਾਂਝ

ਜਦੋਂ ਮੈਂ 16 ਦਸੰਬਰ ਤੋਂ 11 ਜਨਵਰੀ, 1986 ਤੱਕ ਭਾਰਤ ਵਿਚ ਸਾਂ ਉਥੇ ਹਾਲਾਤ ਹੁਣ ਦੇ ਹਾਲਾਤਾਂ ਨਾਲੋਂ ਚੰਗੇ ਸਨ। ਹੁਣ ਦੇ ਮੁਕਾਬਲੇ ਪੰਜਾਬ 'ਚ ਭੀ ਸ਼ਾਂਤੀ ਸੀ। ਲੋਕ ਇਹ ਮਹਿਸੂਸ ਕਰ ਰਹੇ ਸਨ ਕਿ ਚੰਡੀਗੜ੍ਹ ਜਦੋਂ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਮੁਕੰਮਲ ਅਮਨ ਹੋ ਜਾਵੇਗਾ। ਪਰ ਹੋਇਆ ਬਿਲਕੁਲ ਇਸ ਦੇ ਉਲਟ। ਚੰਡੀਗੜ੍ਹ ਪੰਜਾਬ ਦੇ ਹਵਾਲੇ ਨਹੀਂ ਕੀਤਾ ਗਿਆ - ਹਾਲਤ ਹੋਰ ਖਰਾਬ ਹੋ ਗਏ। ਇਹ ਕਹਿਣਾ ਜ਼ਰੂਰੀ ਹੈ ਕਿ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਨਾਲ ਕੋਈ ਬੁਨਿਆਦੀ ਸਿਆਸੀ ਜਾਂ ਸਮਾਜਿਕ ਮਾਮਲਿਆਂ ਦੇ ਹੱਲ ਨਹੀਂ ਲੱਭਦੇ - ਪ੍ਰੰਤੂ ਕਿਉਂਕਿ ਇਹ ਇਕ ਆਪਣੇ ਆਪ 'ਚ, ਮਸਲਾ ਬਣ ਚੁੱਕਾ ਸੀ - ਲੋਕਾਂ ਨੇ ਹੋਰ ਸ਼ਾਂਤੀ ਪਸੰਦ ਬਣਨਾ ਸੀ - ਜੇ ਇਹ ਹੋ ਜਾਂਦਾ ਤਦ।

ਕੇਂਦਰੀ ਸਰਕਾਰ ਪਿਛਲੇ ਦੋ ਸਾਲਾਂ ਵਿਚ ਬਹੁਤ ਹੀ ਸਿਆਸੀ ਗਲਤੀਆਂ ਕਰ ਚੁੱਕੀ ਹੈ ਜਿਹਨਾਂ ਨਾਲ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਜੂਨ 1984 ਅਤੇ ਨਵੰਬਰ 1984 - ਸੰਨ 1984 ਦੀਆਂ ਦੋ ਵੱਡੀਆਂ ਘਟਨਾਵਾਂ ਸਨ ਜਿਹੜੀਆਂ ਪੰਜਾਬੀਆਂ ਅਤੇ ਭਾਰਤੀਆਂ ਲਈ ਬੜੀਆਂ ਹੀ ਨੁਕਸਾਨਦੇਹ, ਅਸਹਿ ਸਾਬਤ ਹੋਈਆਂ। ਜੂਨ 1984 ਵਿਚ ਸਿਆਸੀ ਹੱਲ ਲੱਭਣ ਦੀ ਬਜਾਇ - ਮਸਲੇ ਦਾ ਫੌਜੀ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਗਈ — ਬਹੁਤ ਵੱਡੀ ਗਲਤੀ ਸੀ ਜਿਸ ਦੇ ਨਤੀਜੇ ਸਾਰਾ ਭਾਰਤ ਅੱਜ ਭੀ ਭੁਗਤ ਰਿਹਾ ਹੈ। ਨਵੰਬਰ 1984 ਵਿਚ ਇੰਦਰਾ ਦੇ ਕਤਲ ਤੋਂ ਬਾਅਦ ਸਧਾਰਨ ਅਤੇ ਬੇਕਸੂਰ ਲੋਕਾਂ ਦਾ ਕਤਲੇਆਮ ਹੋਇਆ। ਜਿੰਨੀਆਂ ਭੀ ਰੀਪੋਰਟਾ ਹੁਣ ਤੱਕ ਨਵੰਬਰ, 1984 ਬਾਰੇ ਛਪੀਆਂ ਹਨ — ਸਭਨਾਂ ਦੀ ਇਹ ਸਾਂਝੀ ਰਾਇ ਹੈ ਕਿ ਸਰਕਾਰੀ ਮਸ਼ੀਨਰੀ ਦਾ ਉਹਨਾਂ ਨਵੰਬਰ, 1984 ਦੀਆਂ ਘਿਨਾਉਣੀਆਂ ਘਟਨਾਵਾਂ 'ਚ ਸਿਧਾ ਹੱਥ ਸੀ। ਇਹ ਗੱਲ ਬਹੁਤ ਹੱਦ ਤੱਕ ਸੱਚ ਹੈ। ਇਸ ਦੀ ਪੁਸ਼ਟੀ ਮੈਂ ਆਪ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਧਾਰਨ ਲੋਕਾਂ ਨਾਲ ਮਿਲ ਕੇ ਕੀਤੀ। ਅਫਸੋਸ ਇਸ ਗੱਲ ਦਾ ਹੈ ਕਿ ਭਾਰਤ ਦੇ ਨਵੇਂ ਪ੍ਰਧਾਨ ਮੰਤਰੀ ਨੇ ਇਸ ਮਸਲੇ ਦੀ ਇਨਕੁਆਰੀ — ਪਹਿਲਾਂ ਤਾਂ ਥਾਪੀ ਨਹੀਂ — ਜਦੋਂ ਥਾਪੀ ਤਾਂ ਕਈ ਚਿਰ ਸ਼ੁਰੂ ਨਹੀਂ ਹੋਈ — ਜਦੋਂ ਸ਼ੁਰੂ ਹੋਈ ਤਾਂ ਸਾਧਾਰਨ ਲੋਕਾਂ ਦੀਆਂ ਗਵਾਹੀਆਂ ਰੁਕਾਉਣ ਲਈ ਸਰਕਾਰੀ ਗੁੰਡਿਆਂ ਵਲੋਂ ਅੜਿੱਚਣਾ ਡਾਹੀਆਂ ਗਈਆਂ। ਫਿਰ ਜਦੋਂ ਇਹਨਾਂ ਅੜਿੱਚਣਾਂ ਬਾਰੇ ਗੱਲ ਸਰਕਾਰ ਦੇ ਨੋਟਿਸ 'ਚ ਲਿਆਂਦੀ ਗਈ ਤਾਂ ਕੁਝ ਸੰਵਰਿਆ ਨਹੀਂ। ਇਹਨਾਂ ਗਲਤੀਆਂ ਦਾ ਵੱਖਵਾਦੀਆਂ ਨੇ ਫਾਇਦਾ ਉਠਾ ਕੇ ਲੋਕਾਂ ਨੂੰ ਬੇਹੱਦ ਭੜਕਾਇਆ। ਨਵੇਂ ਪ੍ਰਧਾਨ ਮੰਤਰੀ ਨੇ ਜਿਥੇ ਆਸਾਮ ਅਤੇ ਪੰਜਾਬ ਦੇ ਸਿਆਸੀ ਸਮਝੌਤੇ ਕਰਕੇ ਦੂਰ ਦ੍ਰਿਸ਼ਟੀ ਦਾ ਸਬੂਤ ਦਿਤਾ — ਉਥੇ ਚੰਡੀਗੜ੍ਹ 26 ਜਨਵਰੀ ਨੂੰ ਪੰਜਾਬ ਦੇ ਹਵਾਲੇ ਨਾ ਕਰਕੇ ਸਿਆਸੀ ਬੇਅਕਲੀ ਦਾ ਸਬੂਤ ਦਿਤਾ। ਨਾਲ ਹੀ ਇਹ ਸਿਆਣਪ ਦੀ ਘਾਟ ਪਹਿਲਾਂ ਹੀ ਦਿਸ ਰਹੀ ਸੀ ਜਦੋਂ ਮਿਸਟਰ ਗਾਂਧੀ ਇੰਦਰਾ ਦੇ ਕਤਲ ਤੋਂ ਬਾਅਦ ਕਤਲੇਆਮ ਵਾਰੇ ਚਰਚਾ ਕਰਦੇ ਹੋਏ ਇਹ ਕਹਿੰਦੇ ਸਨ ਕਿ "ਜਦੋਂ ਬੜ੍ਹਾਂ ਦਰਖਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੈ।" ਜੇ ਲੀਡਰਾਂ ਦੀ ਤੁਲਨਾ ਦਰਖਤਾਂ ਨਾਲ ਈ ਕਰਨੀ ਹੋਵੇ ਤਾਂ ਮਹਾਤਮਾਂ ਗਾਂਧੀ ਇੰਦਰਾ ਨਾਲੋਂ ਬਹੁਤ ਵੱਡੇ ਦਰਖਤ ਸਨ — ਪਰ ਉਹਨਾਂ ਦੇ ਡਿਗਣ ਨਾਲ ਧਰਤੀ ਹਿੱਲੀ ਨਹੀਂ ਬਲਕਿ ਸ਼ਾਂਤਮਈ ਸੋਗ ਦੇ ਸਮੁੰਦਰ 'ਚ ਡੁੱਬੀ ਸੀ। ਕਿਸੇ ਨੇ ਕਿਸੇ ਇਕ ਕਮਿਊਨਿਟੀ ਦਾ ਕਤਲੇਆਮ ਨਹੀਂ ਕੀਤਾ ਸੀ। ਇੰਦਰਾ ਇਕ ਮੁਲਕ ਦੀ ਪ੍ਰਧਾਨ ਮੰਤਰੀ ਸੀ — ਕਿਸੇ ਫਿਰਕੇ ਦੀ ਨਹੀਂ। ਫਿਰ ਇਹ ਧਰਤੀ ਹਿੱਲਣ ਵਾਲੀ ਗੱਲ ਕਿਉਂ ?

ਜਦੋਂ ਪਿਛਲੀਆਂ ਆਮ ਚੋਣਾਂ ਹੋ ਰਹੀਆਂ ਸਨ — ਮਿਸਟਰ ਗਾਂਧੀ ਨੇ ਪੀ. ਐਨ. ਲੇਖੀ ਪੁਰ "ਦੇਸ਼ ਦੇ ਗਦਾਰ" ਹੋਣ ਦਾ ਦੋਸ਼ ਲਾਇਆ ਕਿਉਂਕਿ ਮਿਸਟਰ ਲੇਖੀ ਸਤਵੰਤ ਸਿੰਘ (ਜਿਸ ਉਪਰ ਇੰਦਰਾ ਦੇ ਕਤਲ ਦਾ ਇਲਜ਼ਾਮ ਹੈ) ਨੂੰ defend ਕਰਨ ਲਈ ਉਸਦੇ ਵਕੀਲ ਬਣੇ ਜਦੋਂ ਕਿ ਹੋਰ ਕਈ ਵਕੀਲਾਂ ਨੇ ਇਸ ਕੇਸ ਦੀ ਪੈਰਵਾਈ ਕਰਨ ਤੋਂ ਇਨਕਾਰ ਕਰ ਦਿਤਾ। ਕਾਨੂੰਨ ਦੀਆਂ ਨਜ਼ਰਾਂ 'ਚ ਹਰ ਮਨੁੱਖ ਉਨਾ ਚਿਰ ਨਿਰਦੋਸ਼ ਹੈ ਜਿੰਨਾ ਚਿਰ ਅਦਾਲਤ ਉਸ ਨੂੰ ਕਸੂਰਵਾਰ ਨਹੀਂ ਠਹਿਰਾਉਂਦੀ। ਜਦੋਂ ਮਿਸਟਰ ਲੇਖੀ ਨੇ ਸਤਵੰਤ ਨੂੰ ਡੀਫੈਂਡ ਕਰਨ ਦਾ ਫੈਸਲਾ ਕੀਤਾ ਸੀ — ਸਤਵੰਤ ਸਿਰਫ ਇਕ ਮੁਜਰਮ ਸੀ ਉਹ ਦੋਸ਼ੀ ਕਰਾਰ ਨਹੀਂ ਦਿਤਾ ਜਾ ਚੁੱਕਾ ਸੀ। ਕਾਨੂੰਨ ਇਹ ਕਹਿੰਦਾ ਹੈ ਕਿ ਹਰ ਮੁਜਰਮ ਨੂੰ ਕਾਨੂੰਨੀ ਪੈਰਵਾਈ, ਅਤੇ ਡੀਫੈਂਸ (ਵਕੀਲ) ਕਰਨ ਦਾ ਹੱਕ ਹੈ। ਮੈਂ ਇਹ ਸੋਚਦਾ ਸਾਂ ਕਿ ਜੇ ਭਾਰਤ ਦਾ ਹੋਣ ਵਾਲਾ ਪ੍ਰਧਾਨ ਮੰਤਰੀ ਇਕ ਬੁਨਿਆਦੀ ਅਸੂਲ ਨਹੀਂ ਸਮਝਦਾ। ਅਸੀਂ ਸਾਧਾਰਨ ਲੋਕਾਂ ਤੋਂ ਕੀ ਆਸ ਕਰ ਸਕਦੇ ਹਾਂ। ਇਹ ਗੱਲ ਭਾਰਤੋਂ ਇਥੇ ਦੌਰੇ ਤੇ ਆਏ ਵਿਤ ਮੰਤਰਾਲੇ ਦੇ ਕਰਮਚਾਰੀ ਨੂੰ 1984 ਦੇ ਅੰਤ ਵਿਚ ਕਹੀ ਗਈ ਸੀ ਤਾਂ ਕਿ ਮਿਸਟਰ ਗਾਂਧੀ ਤੱਕ ਪਹੁੰਚੇ।

ਇਥੇ ਹੀ ਬੱਸ ਨਹੀਂ। ਨਵੇਂ ਪ੍ਰਧਾਨ ਮੰਤਰੀ ਨੇ ਕੁਝ ਉਹਨਾਂ ਹਸਤੀਆਂ ਨੂੰ ਆਪਣੀ ਕੈਬਨਿਟ 'ਚ ਰੱਖਿਆ ਹੋਇਆ ਹੈ — ਜਿਹਨਾਂ ਬਾਰੇ ਇਹ ਆਮ ਰਾਏ ਹੈ ਕਿ ਉਹਨਾਂ ਨੇ ਸਰਕਾਰੀ ਮਸ਼ੀਨਰੀ ਨੂੰ ਨਵੰਬਰ, 1984 ਦੇ ਕਤਲੇਆਮ 'ਚ ਹਿੱਸਾ ਲੈਣ ਲਈ ਹਰਕਤ 'ਚ ਲਿਆਂਦਾ। ਇਸ ਬਾਰੇ ਸਰਕਾਰ ਦੇ ਹਮਦਰਦੀਆਂ ਨਾਲ ਗੱਲ ਕਰੋ ਤਾਂ ਕਹਿੰਦੇ ਹਨ ਕਿ ਮਿਸਟਰ ਗਾਂਧੀ ਨੂੰ "ਹਿੰਦੂ ਲੌਬੀ" ਦਾ ਖਿਆਲ ਰੱਖਣਾ ਪੈਂਦਾ ਹੈ ਨਹੀਂ ਤਾਂ ਮੁਲਕ ਨੂੰ ਉਹ ਚਲਾ ਨਹੀਂ ਸਕਦਾ। ਇਹ ਤਾਂ ਗੱਲ ਮੰਨਣ ਵਾਲੀ ਹੈ ਕਿ ਜਨਸੰਘ ਆਦਿ ਦੀ ਸਾਰੀ ਵੋਟ ਕਾਂਗਰਸ ਨੂੰ ਪਈ ਪਿਛਲੀਆਂ ਚੋਣਾਂ ਵਿਚ — ਇਸ ਕਰਕੇ ਕਾਂਗਰਸ ਫਿਰਕਾਪ੍ਰਸਤੀ ਨਾਲ ਲੱਦੀ ਹੋਈ ਹੈ — ਪਰ ਫਿਰਕਾਪ੍ਰਸਤੀ ਦੀ ਮਜਬੂਰੀ ਦਾ ਵਾਸਤਾ ਪਾ ਕੇ ਕਿਸੇ ਪ੍ਰਧਾਨ ਮੰਤਰੀ ਦੀਆਂ ਹਰਕਤਾਂ ਨੂੰ ਠੀਕ ਠਹਿਰਾਉਣਾ ਇਸ ਗੱਲ ਦਾ ਸੂਚਕ ਹੈ ਭਾਰਤ ਦੇ ਲੀਡਰ — ਦੂਰ ਅੰਦੇਸ਼ ਅਤੇ ਸਾਰੇ ਮੁਲਕ ਦੇ ਲੀਡਰ ਬਣਨ ਦੇ ਕਾਬਲ ਨਹੀਂ। "ਉਹਨਾਂ ਨੂੰ ਫਿਰਕਾਪ੍ਰਸਤੀ ਦਾ ਮੁਕਾਬਲਾ ਕਰਨ ਲਈ ਫਿਰਕਾਪ੍ਰਸਤੀ ਦਾ ਸਹਾਰਾ ਲੈਣਾ ਪੈਂਦਾ ਹੈ।" ਇਹ ਉਹਨਾਂ ਦੇ ਸਮਰਥਕਾਂ ਦਾ ਕਹਿਣਾ ਹੈ। ਕੇਂਦਰੀ ਲੀਡਰਸ਼ਿਪ ਦੀ ਇਹੋ ਜਿਹੇ ਕਾਰਨਾਮਿਆਂ ਕਾਰਨ, ਕਦੇ ਕਦੇ ਉਹਨਾਂ ਤਾਕਤਾਂ ਨਾਲ ਭੀ ਤੁਲਨਾ ਕੀਤੀ ਜਾ ਸਕਦੀ ਹੈ। ਜੋ ਵੱਖਵਾਦ ਨਾਲ ਲੋਕਾਂ ਨੂੰ ਭੜਕਾ ਰਹੀਆਂ ਹਨ। ਪਿਛਲੇ ਦੋ ਸਾਲ ਤੋਂ ਇਥੇ ਇਹ ਤਾਕਤਾਂ ਬੁਨਿਆਦੀ ਆਜ਼ਾਦੀ ਦਾ ਗਲਾ ਘੁੱਟਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਜਿਸ ਨਾਲ ਸਾਡੀ ਸਾਰੀ ਕਮਿਊਨਿਟੀ ਦਾ ਬਹੁਤ ਨੁਸਕਾਨ ਹੋਇਆ ਹੈ। ਪੰਜਾਬ ਦੇ ਸਮੁੱਚੇ ਲੋਕ, ਬਹਾਰਲੇ ਸੂਬਿਆਂ ਦੇ ਸਿੱਖ ਅਤੇ ਬਦੇਸ਼ਾਂ 'ਚ ਵਸਤੇ ਸਿਖ ਇਹ ਜਾਣਦੇ ਹਨ ਕਿ "ਖਾਲਿਸਤਾਨ" ਕਿਸੇ ਮਸਲੇ ਦਾ ਹੱਲ ਨਹੀਂ — ਸਗੋਂ ਹਲ ਦੇ ਰਾਹ 'ਚ ਰੋੜਾ ਹੈ। ਭਾਰਤ 'ਚ ਅਤੇ ਬਾਹਰ ਬੈਠੇ ਕੁਝ ਅਤਿਵਾਦੀ ਤੇ ਵੱਖਵਾਦੀ ਅੰਸ਼ ਹੀ "ਖਾਲਿਸਤਾਨ" ਨੂੰ ਹੱਲ ਸਮਝਦੇ ਹਨ — ਕਿਉਂਕਿ ਉਹਨਾਂ ਦੀ ਨਾ ਹਿੰਗ ਲਗਦੀ ਹੈ ਨਾ ਫਟਕੜੀ।

ਸਾਡੇ ਸਮਾਜ ਨੂੰ ਭਾਰਤ 'ਚ ਅਤੇ ਇਥੇ — ਫਿਰਕਾਪ੍ਰਸਤੀ ਤੋਂ ਬਚਣ ਦੀ ਲੋੜ ਹੈ। ਭਾਰਤ ਦੀਆਂ ਖੱਬੀਆਂ ਤਾਕਤਾਂ ਨੂੰ ਤਕੜੇ ਅਤੇ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਕੇਨੇਡਾ ਅਤੇ ਹੋਰ ਬਾਹਰਲੇ ਮੁਲਕਾਂ 'ਚ ਭੀ ਅਗਾਂਹ ਵਧੂ ਅਤੇ ਖੱਬੀਆਂ ਤਾਕਤਾਂ ਦੇ ਆਮ ਲੋਕਾਂ ਨਾਲ ਸੰਪਰਕ ਅਤੇ ਇਕੱਠ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਫਿਰਕਾਪ੍ਰਸਤੀ ਦੇ ਹਨੇਰੇ ਵਿਚ ਹੀ ਕਿਤੇ ਅਸਲੀ ਮਨੁੱਖੀ, ਕਦਰਾਂ ਕੀਮਤਾਂ ਨੂੰ ਭੁੱਲ ਨਾ ਜਾਈਏ। ਐਸ ਵੇਲੇ ਸਾਡੀ ਬਹੁਤ ਸਾਰੀ ਤਾਕਤ ਤੋੜ ਫੋੜ ਕਰਨ ਦੀਆਂ ਹਰਕਤਾਂ ਵਲ ਲਗਾਈ ਜਾ ਰਹੀ ਹੈ। ਚਾਹੀਦਾ ਹੈ ਕਿ ਅਸੀਂ ਆਪਣੇ ਸਮਾਜ ਨੂੰ ਅਗਾਂਹਵਧੂ, ਇਨਸਾਫ ਭਰੀਆਂ ਅਤੇ ਸ਼ਾਂਤ ਮਈ ਲੀਹਾਂ ਪੁਰ ਤੋਰੀਏ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਬਲਦੀ ਪੁਰ ਤੇਲ ਪਾਉਣ ਵਾਲੇ ਕਦੇ ਭੀ ਸੱਚ ਦੇ ਪੁਜਾਰੀ ਨਹੀਂ ਹੋ ਸਕਦੇ। ਸਾਨੂੰ ਚਾਹੀਦਾ ਹੈ ਕਿ ਆਪਣੇ ਸਾਰੇ ਮਸਲਿਆਂ ਬਾਰੇ ਸ਼ਾਂਤੀ ਪੂਰਬਕ ਵਿਚਾਰ ਵਟਾਂਦਰਾ ਕਰੀਏ। ਭਾਰਤ ਦੇ ਸਭ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਨੂੰ ਫਿਰਕਾਪ੍ਰਸਤੀ ਦੇ ਹਨ੍ਹੇਰੇ 'ਚ ਨਾ ਧਕੇਲੀਏ। ਕੈਨੇਡਾ ਵਿਚ ਆਪਣੇ ਸਾਰੇ ਮਸਲਿਆਂ ਵਲ ਧਿਆਨ ਦੇਈਏ। ਸਿਧਾਂਤਕ ਤੌਰ ਪੁਰ ਵਿਚਾਰ ਅਲੱਗ ਅਲੱਗ ਹੋਣ ਨਾਤੇ ਭੀ ਕਮਿਊਨਿਟੀ ਦੇ ਸਾਂਝੇ ਅਤੇ ਬੁਨਿਆਦੀ ਕੰਮਾਂ ਵਿਚ ਇਕੱਠੇ ਕੰਮ ਕਰੀਏ। ਮਿਸਾਲ ਵਜੋਂ ਹਿੰਦੁਸਤਾਨੀ ਹੋਣ ਦੇ ਨਾਤੇ ਸਾਡੇ ਨਾਲ ਜੋ ਵਿਤਕਰਾ ਹੁੰਦਾ ਹੈ ਉਸ ਮਸਲੇ ਪੁਰ ਅਸੀਂ ਸਾਰੇ ਇਕੱਠੇ ਹੋ ਕੇ ਕੰਮ ਕਰ ਸਕਦੇ ਹਾਂ — ਭਾਵੇਂ ਅਸੀਂ ਬਾਕੀ ਮਸਲਿਆਂ ਪੁਰ ਅਲੱਗ ਅਲੱਗ ਸਿਆਸੀ ਪਾਰਟੀਆਂ ਨਾਲ ਸਬੰਧ ਰੱਖਦੇ ਹੋਈਏ। ਇਸੇ ਤਰ੍ਹਾਂ ਹੀ ਸਕੂਲਾਂ ਵਿਚ English as a second language ਪਰੋਗਰਾਮਾਂ ਦੇ ਮਸਲੇ ਪੁਰ ਭੀ ਅਸੀਂ ਲਾਮਬੰਦ ਹੋ ਸਕਦੇ ਹਾਂ।

ਮੇਰਾ ਇਹ ਸਭ ਕਹਿਣ ਤੋਂ ਭਾਵ ਹੈ ਕਿ ਆਪਣੇ ਨੁਕਤਾ ਨਿਗਾਹ ਤੋਂ ਸਭਿਆ ਤਰੀਕੇ ਨਾਲ ਨੁਕਤਾਚੀਨੀ ਕਰੋ। ਸਿਧਾਂਤਕ ਲੜਾਈਆਂ — ਅਮਨ ਭਰੇ ਤਰੀਕਿਆਂ ਨਾਲ ਲੜੋ — ਤਦ ਹੀ ਸਾਡੀ ਕਮਿਊਨਿਟੀ ਪ੍ਰਫੁਲਤ ਹੋ ਸਕਦੀ ਹੈ। ਤਦ ਹੀ ਅਸੀਂ ਬਾਕੀ ਕੈਨੇਡੀਅਨਾਂ ਤੋਂ ਸਤਿਕਾਰ ਹਾਸਲ ਕਰ ਸਕਦੇ ਹਾਂ। ਤਦ ਹੀ ਅਸੀਂ ਆਪਦੇ ਪਿਛੇ ਛੱਡੇ ਵਤਨ ਦੇ ਅਤੇ ਲੋਕਾਂ ਦੇ ਕੰਮ ਭੀ ਆ ਸਕਦੇ ਹਾਂ।

# ਪੰਜਾਬ ਸਥਿਤੀ ਤੇ ਲੋਕ ਸਭਾ

ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਅਮਨ ਅਤੇ ਕਾਨੂੰਨ ਦੀ ਸਥਿਤੀ ਵਿਚ ਜਿਵੇਂ ਨਿਘਾਰ ਆ ਰਿਹਾ ਹੈ ਉਸ ਪ੍ਰਤੀ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਕੋਲ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਕੇਂਦਰ ਵਲੋਂ ਇਸ ਤੋਂ ਪਹਿਲਾਂ ਵੀ ਸਮੇਂ ਸਮੇਂ ਪੰਜਾਬ ਸਰਕਾਰ ਨੂੰ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਹ ਰਾਜ ਵਿਚ ਅਮਨ ਕਾਨੂੰਨ ਦੀ ਹਾਲਤ ਨੂੰ ਯਕੀਨੀ ਬਣਾਏ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਪੰਜਾਬ ਪ੍ਰਾਂਤ ਵਿਚ ਕੋਈ ਵੀ ਅਜਿਹਾ ਦਿਨ ਖਾਲੀ ਨਹੀਂ ਜਾਂਦਾ ਜਿਸ ਦਿਨ ਕੋਈ ਕਤਲ ਜਾਂ ਲੁੱਟਮਾਰ ਦੀ ਘਟਨਾ ਨਾ ਹੋਈ ਹੋਵੇ।

ਪੰਜਾਬ ਦੀ ਇਸੇ ਤਰਸਯੋਗ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਪਿਛਲੇ ਦਿਨੀਂ ਪ੍ਰੋ: ਕੇ. ਕੇ. ਤਿਵਾੜੀ ਦੀ ਅਗਵਾਈ ਹੇਠ ਕੁਝ ਮੈਂਬਰਾਂ ਨੇ ਲੋਕ ਸਭਾ ਵਿਚ ਮੰਗ ਕੀਤੀ ਕਿ ਇਸ ਨਾਜ਼ਕ ਮਸਲੇ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇ ਲੋਕ ਸਭਾ ਦੇ ਬਹੁਤ ਸਾਰੇ ਮੈਂਬਰ ਵੀ ਇਸ ਗੱਲ ਦੇ ਹੱਕ ਵਿਚ ਸਨ। ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਮੈਂਬਰਾਂ ਦਾ ਇਹ ਸੁਝਾਅ ਇਹ ਕਹਿ ਕੇ ਰੱਦ ਕਰ ਦਿਤਾ ਕਿਉਂਕਿ ਪੰਜਾਬ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਕੰਮ ਕਰ ਰਹੀ ਹੈ ਇਸ ਲਈ ਉਹ ਲੋਕ ਸਭਾ ਵਿਚ ਅਜਿਹੇ ਮਸਲੇ ਬਾਰੇ ਬਹਿਸ ਕਰਨ ਦੀ ਆਗਿਆ ਨਹੀਂ ਦੇਣਗੇ। ਇਸ 'ਤੇ ਸ੍ਰੀ ਕੇ. ਕੇ. ਤਿਵਾੜੀ ਨੇ ਕਿਹਾ ਕਿ ਤੁਸੀਂ ਸਦਨ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਤੁਸੀਂ ਪੰਜਾਬ ਦੀ ਦਿਨੋਂ ਦਿਨ ਨਿਘਰਦੀ ਜਾ ਰਹੀ ਅਮਨ ਅਤੇ ਕਾਨੂੰਨ ਦੀ ਸਥਿਤੀ ਅਤੇ ਸਰਹੱਦ ਪਾਰੋਂ ਅਤਿਵਾਦੀਆਂ ਵਲੋਂ ਘੁਸਪੈਂਠ ਕਰਨ ਸਬੰਧੀ ਬਹਿਸ ਕਰਨ ਦੀ ਇਜਾਜ਼ਤ ਦਿਉਗੇ।

ਸ੍ਰੀ ਜਾਖੜ ਨੇ ਇਸ ਦੇ ਜਵਾਬ ਵਿਚ ਇਹ ਕਿਹਾ ਕਿ ਮੈਂ ਸਥਿਤੀ ਤੋਂ ਪੂਰੀ ਤਰ੍ਹਾਂ ਵਾਕਫ ਹਾਂ। ਪਰ ਸ੍ਰੀ ਤਿਵਾੜੀ ਨੇ ਇਸ ਗੱਲ 'ਤੇ ਫਿਰ ਜ਼ੋਰ ਦੇ ਕੇ ਉਨ੍ਹਾਂ ਨੂੰ ਇਹ ਯਾਦ ਦਿਵਾਇਆ ਕਿ ਪੰਜਾਬ ਵਿਚ ਹਰ ਰੋਜ਼ ਲੋਕ ਮੌਤ ਦੇ ਘਾਟ ਉਤਾਰੇ ਜਾ ਰਹੇ ਹਨ। ਅੰਮ੍ਰਿਤਸਰ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਅਤਿਵਾਦੀ ਅਤੇ ਵੱਖਵਾਦੀ ਪਹਿਲਾਂ ਵਾਂਗ ਹੀ ਆਪਣੇ ਟਿਕਾਣੇ ਬਣਾ ਰਹੇ ਹਨ। ਕੇਂਦਰ ਗ੍ਰਹਿ ਮੰਤਰੀ ਨੂੰ ਤਾਂ ਇਸ ਸਥਿਤੀ ਸਬੰਧੀ ਫੌਰਨ ਬਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਤੇ ਸਪੀਕਰ ਨੇ ਕਿਹਾ ਕਿ ਸਦਨ ਦੇ ਸਾਰੇ ਮੈਂਬਰ ਪ੍ਰਾਂਤ ਦੀ ਸਥਿਤੀ ਬਾਰੇ ਭਲੀ ਭਾਂਤ ਵਾਕਫ ਹਨ ਕਿਉਂਕਿ ਇਸ ਵੇਲੇ ਪੰਜਾਬ ਬੁੱਚੜਖਾਨਾ ਬਣ ਗਿਆ ਹੈ। ਤੇ ਮੇਰੀ ਜਾਚੇ ਪੰਜਾਬ ਸਰਕਾਰ ਇਸ ਸਥਿਤੀ ਨਾਲ ਸਖਤੀ ਨਾਲ ਨਜਿੱਠਣ ਦੇ ਰੌਂਅ ਵਿਚ ਹੈ।

ਸਪੀਕਰ ਵਲੋਂ ਪੰਜਾਬ ਦੀ ਸਥਿਤੀ ਸਬੰਧੀ ਇਹ ਸ਼ਬਦ ਕਹਿਣ ਦੀ ਦੇਰ ਸੀ ਕਿ ਇਸ ਦੀ ਤਿੱਖੀ ਪ੍ਰਤੀਕਿਰਿਆ ਹੋਣੀ ਸ਼ੁਰੂ ਹੋ ਗਈ। ਪਿਛਲੇ ਐਤਵਾਰ ਵਾਲੇ ਦਿਨ ਅਕਾਲੀਆਂ ਨੇ ਸਪੀਕਰ ਕੋਲ ਇਹ ਕਹਿ ਕੇ ਆਪਣਾ ਜ਼ਬਰਦਸਤ ਰੋਸ ਜ਼ਾਹਿਰ ਕੀਤਾ ਕਿ ਉਨ੍ਹਾਂ ਵਲੋਂ ਪੰਜਾਬ ਨੂੰ "ਬੁੱਚੜਖਾਨਾ" ਬਣ ਜਾਣ ਲਈ ਜੋ ਸ਼ਬਦ ਕਹੇ ਗਏ ਹਨ, ਉਸ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਖਤ ਠੇਸ ਪੁੱਜੀ ਹੈ। ਅਕਾਲੀ ਪਾਰਲੀਮੈਂਟਰੀ ਪਾਰਟੀ ਦੇ ਮੁੱਖੀ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਇਸ ਮੌਕੇ 'ਤੇ ਸ੍ਰੀ ਜਾਖੜ ਨੂੰ ਇਕ ਪੱਤਰ ਪੇਸ਼ ਕੀਤਾ ਜਿਸ ਵਿਚ ਇਹ ਕਿਹਾ ਗਿਆ ਕਿ ਉਨ੍ਹਾਂ ਵਲੋਂ ਪੰਜਾਬ ਦੀ ਸਥਿਤੀ ਬਾਰੇ ਜਿਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਉਹ ਬੜੇ ਹੱਤਕ ਕਰਨ ਵਾਲੇ ਹਨ ਅਤੇ ਪੂਰੀ ਤਰ੍ਹਾਂ ਗਲਤ ਵੀ।

ਸ੍ਰੀ ਜਾਖੜ ਨੇ ਸ੍ਰੀ ਰਾਮੂਵਾਲੀਆ ਨੂੰ ਸਦਨ ਵਿਚ ਕੁਝ ਐਮ. ਪੀਜ਼ ਵਲੋਂ ਪੰਜਾਬ ਦੀ ਸਥਿਤੀ ਬਾਰੇ ਬਹਿਸ ਕਰਵਾਉਣ ਲਈ ਕੀਤੀ ਗਈ ਕੋਸ਼ਿਸ਼ ਦੇ ਅੰਸ਼ ਪੇਸ਼ ਕੀਤੇ ਜਿਸ ਨਾਲ ਸਥਿਤੀ ਕੁਝ ਹੱਦ ਤੱਕ ਸੁਖਾਵੀਂ ਹੋ ਗਈ। ਇਨ੍ਹਾਂ ਅੰਸ਼ਾਂ ਵਿਚ ਸ੍ਰੀ ਜਾਖੜ ਵਲੋਂ ਇਹ ਸਪਸ਼ਟ ਕੀਤਾ ਗਿਆ ਕਿ ਉਨ੍ਹਾਂ ਨੇ ਆਖਰ ਪੰਜਾਬ ਬਾਰੇ ਕਿਹੜੇ ਸ਼ਬਦ ਵਰਤੇ ਹਨ। ਸ੍ਰੀ ਜਾਖੜ ਨੇ ਤਾਂ ਸਥਿਤੀ ਨੂੰ ਹੋਰ ਖੁਸ਼ਗਵਾਰ ਬਨਾਉਣ ਲਈ ਸ੍ਰੀ ਰਾਮੂਵਾਲੀਆ ਨੂੰ ਇਹ ਵੀ ਦੱਸਿਆ ਕਿ ਤੁਸੀਂ ਖੁਦ ਵੀ ਤਾਂ ਉਸ ਵੇਲੇ ਸਦਨ ਵਿਚ ਹੀ ਸੀ। ਉਨ੍ਹਾਂ ਸ਼ਬਦ ਬਾਰੇ ਜੇ ਤੁਹਾਨੂੰ ਕੋਈ ਇਤਰਾਜ਼ ਸੀ ਤਾਂ ਤੁਹਾਨੂੰ ਇਹ ਮਸਲਾ ਉਦੋਂ ਹੀ ਉਠਾਉਣਾ ਚਾਹੀਦਾ ਸੀ।

ਇਸ ਤੇ ਅਕਾਲੀ ਪਾਰਲੀਮੈਂਟਰੀ ਪਾਰਟੀ ਵਲੋਂ ਸਪੀਕਰ ਦੇ ਤਿੰਨ ਨੁਕਾਤੀ ਸਟੈਂਡ ਦੀ ਸ਼ਲਾਘਾ ਕੀਤੀ। ਪਹਿਲਾ, ਇਹ ਕਿ ਉਹ ਇਹ ਗੱਲ ਨਾ ਕੇਵਲ ਪੰਜਾਬ ਸਗੋਂ ਜੰਮੂ ਕਸ਼ਮੀਰ ਦੇ ਸੰਦਰਭ ਵਿਚ ਕਰ ਰਹੇ ਸਨ। ਦੂਜੀ, ਉਨ੍ਹਾਂ ਨੇ ਲੋਕ ਸਭਾ ਦੇ ਮੈਂਬਰਾਂ ਦੀਆਂ ਭਾਵਨਾਵਾਂ ਨੂੰ ਸਾਹਮਣੇ ਰੱਖਦਿਆਂ ਹੀ ਇਹ ਸ਼ਬਦ ਕਹੇ ਕਿ ਇਹ ਇਕ ਕਿਸਮ ਦਾ "ਬੁੱਚੜਖਾਨਾ" ਬਣ ਗਿਆ ਹੈ। ਤੀਸਰਾ, ਉਨ੍ਹਾਂ ਨੇ ਪੰਜਾਬ ਸਰਕਾਰ ਦੀ ਇਸ ਗਲੇ ਪ੍ਰਸ਼ੰਸਾ ਕੀਤਾ ਕਿ ਉਹ ਇਸ ਸਥਿਤੀ ਨਾਲ ਸਿੱਝਣ ਲਈ ਚਿੰਤਤ ਹੈ। — (ਇਨਫਾ)

### ਪੰਨਾ 10 ਦੀ ਬਾਕੀ

"ਤਾਂ ਫੇਰ ਆਪਣੇ ਘਰ ਨੂੰ ਜਾ — ਪਹਿਲਾਂ ਜਾ ਕੇ ਅਪੋਇੰਟਮਿੰਟ ਬਣਾ। ਫੇਰ ਇੱਥੇ ਆਵੀਂ। ਆ ਜਾਂਦੇ ਨੇ ਮੂੰਹ ਚੁਕ ਕੇ — ਵਿਹਲਿਆਂ ਨੂੰ ਹੋਰ ਕੋਈ ਕੰਮ ਨਹੀਂ ਨਾ ਜੇ ਆਪਣਾ ਨਹੀਂ ਤਾਂ ਘੱਟੋ ਘੱਟ ਪੰਡਤ ਜੀ ਦੇ ਵਕਤ ਦਾ ਤਾਂ ਖਿਆਲ ਰੱਖੋ।" ਅਖੀਰਲੀ ਗੱਲ ਉਸ ਨੇ ਜਿਵੇਂ ਉਥੇ ਬੈਠੇ ਸਾਰਿਆਂ ਨੂੰ ਕਹੀ ਸੀ।

ਫਰਿਆਦੀ ਵਾਂਗ ਗੱਜਣ ਸਿੰਘ ਉਠ ਕੇ ਖੜਾ ਹੋ ਗਿਆ। ਉਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਆਦਮੀ ਜੋ ਅਸਲ ਵਿਚ ਸਿੰਘ ਹੀ ਸੀ ਅਤੇ ਪੰਡਤ ਜੀ ਦੇ ਲਾਗੇ ਹੋਣ ਕਾਰਨ ਵਾਲ ਕਟਾਈ ਫਿਰਦਾ ਸੀ। ਉਸ ਨਾਲ ਏਨੀ ਰੁਖਾਈ ਨਾਲ ਪੇਸ਼ ਆਵੇਗਾ।

"ਮੈਂ ਤਾਂ ਜੀ ਸਿਰਫ ਏਨਾਂ ਹੀ ਪੁਛਣਾ ਸੀ .....।"

"ਕੀ ਪੁਛਣਾ ਸੀ ? ਦੱਸਦਾ ਕਿਉਂ ਨਹੀਂ ??" ਇਸ ਵਾਰ ਉਹ ਆਦਮੀ ਫਿਲਮ ਐਕਟਰ ਮਦਨਪੁਰੀ ਵਾਂਗ ਬੋਲਿਆ ਸੀ। "ਕਿਸੇ ਹੋਰ ਨੂੰ ਕੁੱਟਣਾ ਹੈ ਕਿਆ ?"

"ਮੈਂ ਤਾਂ ਏਨਾ ਹੀ ਪੁੱਛਣਾ ਸੀ ਕਿ ਖਾਲਿਸਤਾਨ ਕਦੋਂ ਬਣੇਗਾ ?" ਤੇ ਉਸ ਨੇ ਨੀਵੀਂ ਪਾ ਲਈ। ਖੁਸ਼ਾਮਦ ਕਰਨ ਲਈ ਗੱਜਣ ਸਿੰਘ ਨੇ ਕਿਹਾ, "ਮੈਂ ਟੀ. ਵੀ. ਉਪਰ ਦੇਖਿਆ ਸੀ ਕਿ ਇਹ ਬੜੇ ਤਕੜੇ ਜੋਤਸ਼ੀ ਆ। ਮੈਂ ਸੋਚਿਆ — ਮੈਂ ਵੀ ਹੱਥ ਦਿਖਾਲ ਆਉਂਦਾ ਹਾਂ।"

ਮੂਲ ਗੱਲ ਉਹ ਛੁਪਾ ਗਿਆ ਸੀ। ਉਹ ਗੱਲ ਉਸ ਨੇ ਪੰਡਤ ਜੀ ਹੁਣਾਂ ਨਾਲ ਕਰਨ ਲਈ ਹੀ ਰੱਖ ਲਈ ਸੀ। ਅਸਲ ਵਿਚ ਉਹ ਜਾਨਣਾ ਚਾਹੁੰਦਾ ਸੀ ਕਿ ਖਾਲਿਸਤਾਨ ਬਣਨ ਤੋਂ ਬਾਅਦ ਮੈਨੂੰ ਕੀ ਅਹੁਦਾ ਮਿਲੇਗਾ ? ਕਿਤੇ ਮੈਂ ਐਵੇਂ ਹੀ ਨਾ ਖੱਪਰ-ਖਿਆਉਂਦਾ ਫਿਰਾਂ !

ਉਹ ਆਦਮੀ ਜੋ ਅਸਲ ਵਿਚ ਸਿੰਘ ਹੀ ਸੀ ਅਤੇ ਪੰਡਤ ਜੀ ਦੇ ਨਜ਼ਦੀਕ ਹੋਣ ਕਾਰਨ ਵਾਲ ਕਟਾਈ ਫਿਰਦਾ ਸੀ — ਮੁਸਕਰਾ ਪਿਆ। ਉਸ ਦਾ ਸੱਜਾ ਹੱਥ ਅਚਾਨਕ ਹੀ ਦਾਕ ਤੋਂ ਤਿਲਕ ਕੇ ਫਿਰ ਆਪਣੇ ਚੱਡੇ ਖੁਰਕਣ ਲੱਗ ਪਿਆ।

# ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ ਐਤਵਾਰ 9 ਮਾਰਚ ਨੂੰ ਲਿਟਲ ਮਾਉਂਟੇਨ ਨੇਬਰਹੁਡ ਹਾਊਸ ਵਿਚ ਸ਼ਾਮ ਦੇ 4 ਵਜੇ ਹੋਈ। ਜਿਸ ਵਿਚ ਅਮਰਜੀਤ ਚਾਹਲ, ਦਰਸ਼ਨ ਗਿੱਲ, ਅਜਮੇਰ ਰੋਡੇ, ਮਹਿੰਦਰ ਸੂਮਲ, ਸੁਰਜੀਤ ਕਲਸੀ, ਸਾਧੂ, ਸੋਹਣ ਸੁਰਿੰਦਰ ਸੰਘਾ, ਅਮਰ ਸਿੰਘ ਬੈਨੀਪਾਲ ਅਤੇ ਗੁਰਚਰਨ ਟੱਲੇਵਾਲੀਆਂ ਸ਼ਾਮਲ ਹੋਏ। ਜਿਸਦੀ ਪ੍ਰਧਾਨਗੀ ਸੋਹਣ ਸੁਰਿੰਦਰ ਸੰਘਾ ਹੋਰਾਂ ਨੇ ਕੀਤੀ।

22 ਫਰਵਰੀ ਨੂੰ ਹੋ ਚੁੱਕੇ ਕਵੀ ਦਰਬਾਰ ਵਿਚ ਰੀਲੀਜ਼ ਕੀਤੀ ਗੁਰਚਰਨ ਰਾਮਪੁਰੀ ਦੀ ਪੁਸਤਕ 'ਕਤਲਗਾਹ' ਬਾਰੇ ਵਿਚਾਰ ਵਟਾਂਦਰਾ ਹੋਇਆ। ਮੰਚ ਨੇ ਫੈਸਲਾ ਕੀਤਾ ਕਿ ਅੱਗੇ ਤੋਂ ਅਜਿਹੇ ਕਵੀ ਦਰਬਾਰ ਕਰਾਉਣ ਸਮੇਂ ਵੱਧ ਤੋਂ ਵੱਧ ਲੋਕਾਂ ਨਾਲ ਸੰਪਰਕ ਕੀਤਾ ਜਾਵੇ।

ਇਸ ਸਾਲ ਵਿਚ ਮੰਚ ਵਲੋਂ ਦੋ ਹੋਰ ਕਵੀ ਦਰਬਾਰ ਕਰਾਉਣ ਦਾ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ।

ਪੁਸਤਕਾਂ ਅਤੇ ਲੇਖਕਾਂ ਦੀਆਂ ਤਸਵੀਰਾਂ ਦੀ ਪਰਦਰਸ਼ਨੀ ਦਾ ਮਹੱਤਵ ਦੱਸਦਿਆਂ ਲੇਖਕਾਂ ਦਾ ਵਿਚਾਰ ਸੀ ਕਿ ਇਸੇ ਤਰ੍ਹਾਂ ਦੀਆਂ ਪ੍ਰਦਰਸ਼ਨੀਆਂ ਤੇ ਪੁਸਤਕ ਪਰੀਚਯੇ ਰਾਹੀਂ ਲੋਕਾਂ ਤੱਕ ਪੰਜਾਬੀ ਸਾਹਿਤ ਪਹੁੰਚਾਇਆ ਜਾ ਸਕਦਾ ਹੈ।

ਪੰਜਾਬੀ ਲੇਖਕ ਮੰਚ ਦੀ ਅਗਲੀ ਮੀਟਿੰਗ 30 ਮਾਰਚ ਨੂੰ ਸ਼ਾਮ ਦੇ 4 ਵਜੇ ਲਿਟਲ ਮਾਉਂਟੇਨ ਨੇਬਰਹੁਡ ਹਾਊਸ ਵਿਚ ਹੋਏਗੀ। ਹੋਰ ਜਾਣਕਾਰੀ ਲਈ ਫੋਨ ਕਰੋ :-

ਗੁਰਚਰਨ ਟੱਲੇਵਾਲੀਆ — 298-3982

ਪੰਜਾਬੀ ਲੇਖਕ ਮੰਚ ਵਲੋਂ
ਸੁਰਜੀਤ ਕਲਸੀ

# ਭਗਤ ਸਿੰਘ : ਵਿਚਾਰਧਾਰਾ

ਹੰਸਰਾਜ ਰਹਿਬਰ

"ਆਤੰਕਵਾਦ ਪੂਰਨ ਕ੍ਰਾਂਤੀ ਨਹੀਂ ਤੇ ਕ੍ਰਾਂਤੀ ਵੀ ਆਤੰਕਵਾਦ ਤੋਂ ਬਿਨਾ ਪੂਰੀ ਨਹੀਂ ਹੈ।"
ਭਗਤ ਸਿੰਘ

ਅਠਾਈ ਉਨੱਤੀ ਦੇ ਦੋ ਵਰ੍ਹੇ, ਸਾਡੇ ਇਤਹਾਸ ਵਿਚ ਕ੍ਰਾਂਤੀਕਾਰੀ ਉਭਾਰ ਦੇ ਦੋ ਵਰ੍ਹੇ ਸਨ। ਇਨ੍ਹਾਂ ਦੋ ਵਰ੍ਹਿਆਂ ਵਿਚ ਸਾਡੀ ਰਾਜਨੀਤੀ ਅਤੇ ਵਿਚਾਰ ਵਿਚ ਜੋ ਗੁਣਾਤਮਕ ਤਬਦੀਲੀ ਆਈ ਹੈ, ਉਹਨੂੰ ਅੱਜ ਤਕ ਨਹੀਂ ਸਮਝਿਆ ਗਿਆ। ਇਸੇ ਕਾਰਨ ਹੀ ਦੇਸ਼ ਦਾ ਭਾਰੀ ਨੁਕਸਾਨ ਹੋਇਆ ਤੇ ਹੋਰ ਜ਼ਿਆਦਾ ਨੁਕਸਾਨ ਤੋਂ ਬਚਣ ਲਈ ਇਸ ਗੁਣਾਤਮਕ ਤਬਦੀਲੀ ਨੂੰ ਸਮਝ ਲੈਣਾ ਜ਼ਰੂਰੀ ਹੈ। ਪਰ ਇਹਨੂੰ ਕਾਂਗਰਸ ਇਤਿਹਾਸ ਦੇ ਅਧਿਐਨ ਨਾਲ ਨਹੀਂ, ਕ੍ਰਾਂਤੀਕਾਰੀ ਅੰਦੋਲਨ ਦੇ ਇਤਿਹਾਸ — ਖ਼ਾਸ ਤੌਰ ਤੇ ਭਗਤ ਸਿੰਘ ਦੇ ਦਸਤਾਵੇਜ਼ਾਂ ਨਾਲ ਹੀ ਸਮਝਿਆ ਜਾ ਸਕਦਾ ਹੈ।

ਮੈਂ ਇਸ ਨੂੰ ਆਪਣਾ ਕੌਮੀ ਫ਼ਰਜ਼ ਸਮਝਦੇ ਹੋਇਆਂ ਇਹ ਅਧਿਐਨ ਪੇਸ਼ ਕਰ ਰਿਹਾ ਹਾਂ ਤੇ ਆਸ ਕਰਦਾ ਹਾਂ ਕਿ ਦੇਸ਼ ਦੀ ਯੁਵਾ ਪੀੜ੍ਹੀ ਇਸ ਵਲ ਉਚੇਚਾ ਧਿਆਨ ਦੇਵੇਗੀ।

8 ਅਪਰੈਲ 1929 ਨੂੰ ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ ਕੇਂਦਰੀ ਅਸੈਂਬਲੀ ਵਿਚ ਦੋ ਬੰਬ ਸੁਟੇ ਤੇ ਸਾਮਰਾਜ-ਵਾਦ ਮੁਰਦਾਬਾਦ ! ਇਨਕਲਾਬ ਜ਼ਿੰਦਾਬਾਦ !! ਤੇ ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ !!! ਦੇ ਨਾਅਰੇ ਲਾਉਂਦਿਆਂ ਹਾਲ ਵਿਚ ਇਕ ਪਰਚਾ ਸੁਟਿਆ ਸੀ। ਇਹ ਪਰਚਾ ਭਗਤ ਸਿੰਘ ਵਲੋਂ ਲਿਖਿਆ ਗਿਆ ਸੀ। ਇਸ ਪਰਚੇ ਦਾ ਪਹਿਲਾ ਵਾਕ ਸੀ, "ਬੋਲਿਆਂ ਨੂੰ ਸੁਣਾਉਣ ਲਈ ਧਮਾਕਿਆਂ ਦੀ ਲੋੜ ਹੁੰਦੀ ਹੈ।" ਤੇ ਦੇਸ਼ ਦੀ ਜੋ ਹਾਲਤ ਸੀ ਉਹਨੂੰ ਇਸ ਵਿਚ ਇਉਂ ਦਰਸਾਇਆ ਗਿਆ :

"ਪਿਛਲੇ ਦਸ ਵਰ੍ਹਿਆਂ ਵਿਚ ਬ੍ਰਿਟਿਸ਼ ਸਰਕਾਰ ਵਲੋਂ ਸ਼ਾਸਨ ਸੁਧਾਰ ਦੇ ਨਾਂ ਤੇ ਇਸ ਦੇਸ਼ ਦਾ ਅਪਮਾਨ ਕਰਨ ਦੀ ਕਹਾਣੀ ਨੂੰ ਦੁਹਰਾਉਣ ਦੀ ਲੋੜ ਨਹੀਂ, ਤੇ ਨਾ ਹੀ ਹਿੰਦੁਸਤਾਨੀ ਪਾਰਲੀਆਮੈਂਟ ਆਖੀ ਜਾਣ ਵਾਲੀ ਇਸ ਸਭਾ ਵਲੋਂ ਹਿੰਦੁਸਤਾਨ ਦੇ ਸਿਰ 'ਤੇ ਪੱਥਰ ਮਾਰ ਮਾਰ ਕੇ ਸਾਨੂੰ ਅਪਮਾਨਿਤ ਕਰਨ ਦੇ ਉਦਾਹਰਣਾਂ ਨੂੰ ਚਤੇ ਕਰਾਉਣ ਦੀ ਲੋੜ ਹੈ। ਸਭ ਕੁਝ ਜਾਣਿਆ ਹੋਇਆ ਤੇ ਸਪਸ਼ਟ ਹੈ। ਅੱਜ ਫਿਰ ਜਦੋਂ ਕਿ ਸੁਧਾਰਾਂ ਦੇ ਟੁਕੜਿਆਂ ਦੀ ਆਸ ਵਿਚ ਜਨਤਾ ਦੀਆਂ ਅੱਖਾਂ ਸਾਈਮਨ ਕਮਿਸ਼ਨ ਵਲ ਲਗੀਆਂ ਹੋਈਆਂ ਹਨ ਤੇ ਉਨ੍ਹਾਂ ਟੁਕੜਿਆਂ ਦੇ ਲਾਲਚ ਕਾਰਨ ਆਪੋ ਵਿਚ ਝਗੜ ਰਹੀ ਹੈ, ਬਦੇਸ਼ੀ ਸਰਕਾਰ ਜਨਤਕ ਸੁਰੱਖਿਆ ਤੇ ਉਦਯੋਗਿਕ ਝਗੜੇ (ਟਰੇਡ ਡਿਸਪਿਊਟ) ਕਾਨੂੰਨਾਂ ਦੇ ਰੂਪ ਵਿਚ ਆਪਣੇ ਦਬਾਓ ਨੂੰ ਹੋਰ ਵੀ ਸਖ਼ਤ ਬਣਾ ਰਹੀ ਹੈ। ਇਨ੍ਹਾਂ ਦੇ ਨਾਲ ਹੀ ਅਗਲੇ ਅਧਿਵੇਸ਼ਨ ਵਿਚ ਅਖ਼ਬਾਰਾਂ ਵਲੋਂ ਬਗ਼ਾਵਤ ਨੂੰ ਰੋਕਣ ਦੇ ਕਾਨੂੰਨ (ਪ੍ਰੈੱਸ ਸੇਡੀਸ਼ਨ ਐਕਟ) ਜਨਤਾ ਅਤੇ ਦੇਸ਼ ਉਤੇ ਲਾਗੂ ਕਰਨ ਵਾਲੇ ਮਜ਼ਦੂਰ ਨੇਤਾਵਾਂ ਦੀਆਂ ਅੰਧਾਧੁਦ ਗਰਿਫ਼ਤਾਰੀਆਂ ਸਪਸ਼ਟ ਕਰਦੀਆਂ ਹਨ ਕਿ ਸਰਕਾਰ ਦਾ ਰਵੱਈਆ ਕੀ ਹੈ।"

ਬਦੇਸ਼ੀ ਸਰਕਾਰ ਆਪਣੇ ਦਬਾਓ ਨੂੰ ਕਾਨੂੰਨੀ ਸ਼ਕਲ ਦੇ ਰਹੀ ਸੀ। ਪਰ ਜਿਥੇ ਦਬਾਓ ਹੈ ਉਥੇ ਵਿਰੋਧ ਵੀ ਹੈ — ਕ੍ਰਾਂਤੀ ਉਸ ਦਾ ਸੁਭਾਵਕ ਪ੍ਰਤੀਕਰਮ ਹੈ। ਇਸ ਲਈ ਪਰਚੇ ਦੇ ਤੀਜੇ ਪੈਰੇ ਵਿਚ ਪ੍ਰਤੀਕਰਮ ਇਸ ਤਰ੍ਹਾਂ ਪ੍ਰਗਟ ਹੋਇਆ ਹੈ :

"ਕੌਮੀ ਦਬਾਓ ਤੇ ਅਪਮਾਨ ਦੇ ਇਹਨਾਂ ਉਤੇਜਨਾ ਭਰਪੂਰ ਹਾਲਾਤ ਵਿਚ ਆਪਣੀ ਜ਼ਿੰਮੇਦਾਰੀ ਦੀ ਗੰਭੀਰਤਾ ਨੂੰ ਮਹਿਸੂਸ ਕਰਦਿਆਂ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਪਾਰਟੀ ਨੇ ਆਪਣੀ ਫ਼ੌਜ ਨੂੰ ਇਹ ਕਦਮ ਚੁਕਣ ਦਾ ਹੁਕਮ ਦਿਤਾ ਹੈ। ਇਸ ਦਾ ਮੰਤਵ ਇਹ ਹੈ ਕਿ ਕਾਨੂੰਨ ਦੇ ਨਾਂ ਉਤੇ ਕੀਤੇ ਜਾਣ ਵਾਲੇ ਇਸ ਮਜ਼ਾਕ ਨੂੰ ਖ਼ਤਮ ਕਰ ਦਿਤਾ ਜਾਵੇ। ਬਦੇਸ਼ੀ ਸਰਕਾਰ ਤੇ ਸ਼ੋਸ਼ਕ ਨੌਕਰਸ਼ਾਹੀ ਭਾਵੇਂ ਕੁਝ ਵੀ ਆਖੇ ਪਰ ਉਹਦੀ ਵਿਧਾਨਕਤਾ ਦਾ ਨਕਾਬ ਪਾੜਨਾ ਜ਼ਰੂਰੀ ਹੈ।"

ਅੰਤਮ ਪੈਰੇ ਵਿਚ ਇਸ ਅਮਲ ਦਾ — ਕ੍ਰਾਂਤੀ ਦਾ ਮਕਸਦ ਜਿਹਨੇ ਇਸ ਘਟਨਾ ਨੂੰ ਜਨਮ ਦਿਤਾ, ਇਨ੍ਹਾਂ ਸ਼ਬਦਾਂ ਵਿਚ ਸਪਸ਼ਟ ਕੀਤਾ ਗਿਆ ਹੈ :

"ਅਸੀਂ ਮਨੁੱਖਾਂ ਦੇ ਜੀਵਨ ਨੂੰ ਪਵਿੱਤਰ ਸਮਝਦੇ ਹਾਂ। ਅਸੀਂ ਅਜਿਹੇ ਉਜਲੇ ਸੁਨਹਿਰੇ ਭਵਿੱਖ ਵਿਚ ਯਕੀਨ ਰਖਦੇ ਹਾਂ, ਜਿਸ ਵਿਚ ਹਰ ਮਨੁੱਖ ਨੂੰ ਪੂਰਨ ਸ਼ਾਂਤੀ ਤੇ ਸੁਤੰਤਰਤਾ ਦਾ ਮੌਕਾ ਮਿਲ ਸਕੇ। ਅਸੀਂ ਇਨਸਾਨ ਦਾ ਲਹੂ ਵਹਾਉਣ ਲਈ ਆਪਣੀ ਬੇਵਸੀ ਤੋਂ ਦੁਖੀ ਹਾਂ, ਪਰ ਕ੍ਰਾਂਤੀ ਰਾਹੀਂ ਸਭ ਨੂੰ ਬਰਾਬਰ ਸੁਤੰਤਰਤਾ ਦੇਣ ਤੇ ਮਨੁਖ ਰਾਹੀਂ ਮਨੁੱਖ ਦੇ ਸ਼ੋਸ਼ਣ ਨੂੰ ਖ਼ਤਮ ਕਰ ਦੇਣ ਲਈ ਕ੍ਰਾਂਤੀ ਦੇ ਮੌਕੇ ਥੋੜਾ ਬਹੁਤ ਲਹੂ ਵਹਾਉਣਾ ਜ਼ਰੂਰੀ ਹੈ।"

ਇਹ ਇਕ ਇਤਿਹਾਸਕ ਘਟਨਾ ਸੀ। ਇਹ ਇਸ ਤੋਂ ਪਹਿਲਾਂ ਦੀਆਂ ਆਤੰਕਵਾਦੀ ਘਟਨਾਵਾਂ ਤੋਂ ਇਸ ਮਾਅਨੇ ਵਿਚ ਵਖਰੀ ਸੀ ਕਿ ਬਬ ਕਿਸੇ ਆਦਮੀ 'ਤੇ ਨਹੀਂ, ਸੰਵਿਧਾਨ 'ਤੇ, ਕਾਲੇ ਕਾਨੂੰਨਾਂ 'ਤੇ ਸੁਟੇ ਗਏ ਸਨ। ਇਹੋ ਇਸ ਘਟਨਾ ਦਾ ਅਸਲ ਮਹੱਤਵ ਹੈ।


ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ 6 ਜੂਨ ਨੂੰ ਅਦਾਲਤ ਸਾਹਮਣੇ, "ਅਸੀਂ ਬੰਬ ਕਿਉਂ ਸੁੱਟੇ" ਬਿਆਨ ਦਿਤਾ ਸੀ। ਉਸ ਵਿਚ ਆਪਣੇ ਮੰਤਵ, ਇਸ ਘਟਨਾ ਦੇ ਮਹੱਤਵ ਤੇ ਰਾਜਨੀਤੀ ਵਿਚ ਆਈ ਗੁਣਾਤਮਕ ਤਬਦੀਲੀ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿਚ ਕੀਤੀ ਸੀ :

"ਅਸੀਂ ਉਨ੍ਹਾਂ ਲੋਕਾਂ ਵਲੋਂ ਵਿਰੋਧ ਪਰਗਟ ਕਰਨ ਲਈ ਅਸੈਂਬਲੀ ਦੇ ਫਰਸ਼ 'ਤੇ ਬੰਬ ਸੁਟੇ, ਜਿਨ੍ਹਾਂ ਕੋਲ ਆਪਣੀ

ਬਾਕੀ ਪੰਨਾ 16 ਤੇ

# ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ ?

—ਸੰਤ ਸੰਧੂ



**ਸ਼ੇਰਪੁਰ—**
ਨੌ ਮਣ ਰੇਤ ਭਿੱਜ ਗਈ, ਜੱਗਾ ਵੱਢਿਆ ਬੋੜ੍ਹ ਦੀ ਛਾਵੇਂ।

**ਸਮਝੌਤਾ—**
ਪੂਣੀਆਂ ਦੇ ਸੱਪ ਬਣ ਗਏ, ਮੇਰੀ ਕੱਤਣੀ ਫਰਾਟੇ ਮਾਰੇ।

**ਲੌਂਗੋਵਾਲ—**
ਚਰਖੇ ਦੀ ਘੂਕ ਨਾ ਸੁਣੇ, ਸੁੰਝੇ ਪਏ ਨੇ ਤ੍ਰਿੰਝਣਾਂ ਦੇ ਵੇਹੜੇ।

**ਸੰਤ ਹਰਚੰਦ ਸਿੰਘ—**
ਇਥੋਂ ਤੀਕ ਹੀ ਹੀਰੇ ਸਾਥ ਸਾਡਾ, ਅੱਗੇ ਜਾਣ ਲੈ ਮੰਜ਼ਲਾਂ ਭਾਰੀਆਂ ਨੇ।

**ਅਕਾਲੀ-ਇੱਕਾ—**
ਸਾਹਿਬਾਂ ਪੜ੍ਹਦੀ ਪੱਟੀਆਂ ਤੇ ਮਿਰਜ਼ਾ ਪੜ੍ਹੇ ਕੁਰਾਨ।

**ਫ਼ਿਰਕੂ ਏਕਤਾ—**
ਉੱਠ ਬੰਦਿਆਂ ਰੁੱਸੇ ਵੀਰ ਮਨਾ ਲੈ, ਨਹੀਂ ਤੇ ਬਾਜ਼ੀ ਲੈ ਗਏ ਕੁੱਤੇ।

**ਬਾਬਾ ਦਲ—**
ਤੂੰ ਵੀ ਬੋਲ ਸੁਹਣਿਆਂ, ਮੈਨੂੰ ਗਲੀਆਂ ਵਿਚ ਨਾ ਰੋਲ ਵੇ।

**ਸਿੱਖ ਜਜ਼ਬਾਤ—**
ਅੰਦਰ ਹੀਰ ਜੱਟੀ ਨੂੰ ਕੌਣ ਦੇਖੇ, ਬਾਹਰੋਂ ਪੱਕੀਆਂ ਕੰਧਾਂ ਉਸਾਰੀਆਂ ਨੇ।

**ਦਿੱਲੀ ਦੰਗੇ—**
ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ, ਅੱਜ ਫੇਰ ਉਹ ਸਾਨੂੰ ਵੰਗਾਰਦੇ ਨੇ।

**ਭਿੰਡਰਾਂ ਵਾਲੇ—**
ਆਈਆਂ ਨੇ ਖਿਜ਼ਾਵਾਂ, ਤੂੰ ਵੀ ਘਰ ਆ, ਮਸੰਦਾਂ ਨੇ ਲਾਈ ਜਿਹੜੀ ਅੱਗ ਤੂੰ ਬੁਝਾ।

**ਨਰਮ ਅਕਾਲੀ—**
ਕੰਜਰ ਸੋਈ ਜੋ ਗ਼ੈਰਤੋਂ ਬਾਝ ਹੋਵੇ ਜਿਵੇਂ ਭਾਬੜਾ ਬਿਨਾਂ ਇਸ਼ਨਾਨ ਹੋਵੇ।

**ਅਕਾਲੀ ਦਲ ਤਲਵੰਡੀ—**
ਦਾਰੂ ਨਾ ਕਤਾਬ ਨਾ ਹੱਥ ਸ਼ੀਸ਼ੀ, ਆਖ ਕਾਹੇ ਦਾ ਵੈਦ ਸਦਾਉਨਾਂ ਏਂ ?

**ਕੋਚ ਫੈਕਟਰੀ—**
ਆਓ ਨੀ ਸਈਓ ਰਲ ਵੇਖਣ ਚੱਲੀਏ, ਰਾਂਝੇ ਖੂਹਾ ਲਵਾਇਆ।

**ਚੋਣਾਂ—**
ਬੂਹੇ ਆਣ ਲੱਥੀ ਜੰਞ ਖੇੜਿਆਂ ਦੀ, ਅੰਦਰ ਹੀਰ ਦੀਆਂ ਹੋਣ ਤਿਆਰੀਆਂ ਨੇ।

**ਹੁਸੈਨ ਪੁਰ—**
ਬੇਸ਼ਰਮ ਹੋ ਕੇ ਵਿਹੜੇ ਆਣ ਵਾਲਿਆ, ਅੱਖੀਂ ਵਿਚ ਨਹੀਂ ਦੀਦ ਹਯਾਈਆਂ ਦਾ।

**ਪ੍ਰੋ: ਅਤਰ ਸਿੰਘ—**
ਰੱਬ ਆਣ ਸਬੱਬ ਜਾਂ ਮੇਲਦਾ ਏ, ਖੈਰ ਹੋ ਜਾਂਦੀ ਨਾਲ ਲੱਸੀਏ ਨੀ।

**ਆਸਾਮ—**
ਸਰਸਾਮ, ਸੁਦਾ, ਜ਼ੁਕਾਮ, ਨਜ਼ਲਾ, ਇਹ ਸ਼ਰਬਤਾਂ ਨਾਲ ਹਟਾਉਨਾ ਹਾਂ।

**ਅਰਜੁਨ ਸਿੰਹ—**
ਲੋਕੀ ਛਾਣਦੇ ਭੰਗ ਤੇ ਸ਼ਰਬਤਾਂ ਨੂੰ, ਅਸੀਂ ਆਦਮੀ ਨਜ਼ਰ ਵਿਚ ਛਾਣਦੇ ਹਾਂ।

**ਨੇਤਾਹੀਣ ਪੰਥ—**
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

**ਬਲਵੰਤ ਸਿੰਘ—**
ਹੋਰ ਸਭ ਜਾਤਾਂ ਠੱਗ ਖਾਧੀਆਂ ਨੇ, ਪਰ ਏਸ ਵੇਹੜੇ ਵਿਚ ਜੱਟੀਆਂ ਨੀ।

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year .................. | 25 dollars |
| Two Year .................. | 45 dollars |
| Three year ................ | 65 dollars |
| Life membership.......... | 300 dollars |
| ASIA....................... | 100 dollars[a year] |
| U.S.A. .................... | 30 dollars [a year] |
| Europe .................... | 100 dollars[a year] |
| Africa .................... | 100 dollars [a year] |

# ਤੱਥ ਜਾਂ ਸਚਾਈਆਂ

## ਘਰੇਲੂ ਮਾਰਕੁੱਟ ਦੇ ਸ਼ਿਕਾਰ ਇਮੀਗਰੈਂਟ (ਪ੍ਰਵਾਸੀ) ਤੇ ਉਨ੍ਹਾਂ ਦੀ ਇਮੀਗਰੇਸ਼ਨ ਪਦਵੀ

### ਝੂਠ ਜਾਂ ਆਮ ਗਲਤ ਫਹਿਮੀਆਂ

1. ਵਿਆਹ ਟੁੱਟਣ ਜਾਂ ਘਰੇਲੂ ਮਾਰਕੁੱਟ ਪਿਛੋਂ ਸਰਕਾਰੀ ਮਦਦ ਲੈਣ ਕਾਰਨ ਇਮੀਗਰੈਂਟ ਜਾਂ ਬਾਹਰਲੇ ਮੁਲਕਾਂ ਤੋਂ ਆਏ ਬੰਦਿਆਂ ਨੂੰ ਆਪਣੇ ਆਪ ਕਨੇਡਾ ਤੋਂ ਵਾਪਸ ਭੇਜ ਦਿਤਾ ਜਾਂਦਾ ਹੈ (ਇਹ ਪਹਿਲੀ ਗਲਤ ਫਹਿਮੀ ਹੈ)

2. ਦੂਜੀ ਗਲਤ ਫਹਿਮੀ ਇਹ ਹੈ ਕਿ ਜਿਸ ਬੰਦੇ ਨੂੰ ਉਸਦੇ ਘਰ ਵਾਲੇ ਜਾਂ ਘਰ ਵਾਲੀ ਨੇ ਸਪੌਂਸਰ ਕਰਨ ਦੀ ਚਿੱਠੀ ਭਰ ਕੇ ਮੰਗਾਇਆ ਹੋਵੇ ਉਸ ਦੀ ਸਪੌਂਸਰਸ਼ਿਪ ਜੇ ਉਹੀ ਜੀਵਨ ਸਾਥੀ ਵਾਪਸ ਲੈ ਲਵੇ ਤਾਂ ਵੀ ਉਸ ਬੰਦੇ ਨੂੰ ਕਨੇਡਾ ਤੋਂ ਡਿਪੋਰਟ ਕੀਤਾ ਜਾਂ ਕੱਢ ਦਿਤਾ ਜਾਂਦਾ ਹੈ।

3. ਤੀਜੀ ਗਲਤ ਫਹਿਮੀ ਇਹ ਹੈ ਕਿ ਜਿਨ੍ਹਾਂ ਬੰਦਿਆਂ ਨੂੰ ਕਿਸੇ ਨੇ ਸਪੌਂਸਰਸ਼ਿਪ ਦੀ ਅਰਜ਼ੀ ਭਰ ਕੇ ਮੰਗਾਇਆ ਹੋਵੇ ਉਹ ਬੰਦੇ ਜੇ ਆਪਣੇ ਬੁਲਾਣ ਵਾਲੇ ਦੀ ਮੱਦਦ ਨਹੀਂ ਲੈ ਰਹੇ ਤਾਂ ਉਨ੍ਹਾਂ ਨੂੰ ਸਰਕਾਰ ਵਲੋਂ ਕੋਈ ਮਦਦ ਲੈਣ ਦਾ ਹੱਕ ਨਹੀਂ ਹੈ।

4. ਚੌਥੀ ਗਲਤਫਹਿਮੀ ਇਹ ਹੈ ਕਿ ਇਕ ਇਮੀਗਰੇਸ਼ਨ ਮਿਲੇ ਹੋਏ ਬੰਦੇ ਤੇ ਇਮੀਗਰੇਸ਼ਨ ਲੈਣ ਲਈ ਅਰਜ਼ੀ ਭਰ ਚੁਕੇ ਬੰਦੇ ਵਿਚ ਫਰਕ ਕਰਨਾ ਬੜਾ ਮੁਸ਼ਕਲ ਹੈ।

### ਅਸਲੀਅਤ ਜਾਂ ਸਚਾਈ

1. ਆਪਣੇ ਜੀਵਨ ਸਾਥੀ ਨੂੰ ਛੱਡਣ ਕਾਰਨ ਕਦੇ ਕਿਸੇ ਨੂੰ ਕੈਨੇਡਾ ਤੋਂ ਕੱਢਿਆ ਨਹੀਂ ਜਾ ਸਕਦਾ। ਇਮੀਗਰੈਂਟਾਂ ਨੂੰ ਉਦੋਂ ਤੱਕ ਡਿਪੋਰਟ ਜਾਂ ਕਨੇਡਾ ਤੋਂ ਬਾਹਰ ਨਹੀਂ ਕੀਤਾ ਜਾਂਦਾ ਜਦੋਂ ਤਕ ਕਿਸੇ ਖਾਸ ਜੁਰਮ ਜਾਂ ਅਪਰਾਧ ਕਾਰਨ ਪਿਛੋਂ ਐਡਜੁਡੀਕੇਟਰ ਉਨ੍ਹਾਂ ਨੂੰ ਜਾਂਚ-ਪੜਤਾਲ ਪਿਛੋਂ ਕਨੇਡਾ ਤੋਂ ਕੱਢ ਦੇਣ ਦਾ ਫੈਸਲਾ ਨਹੀਂ ਕਰਦਾ — (ਇਸ ਮੁਕਦਮੇ ਵਿਚ ਇਮੀਗਰੈਂਟ ਨੂੰ ਵਕੀਲ ਕਰਨ ਦਾ ਮੌਕਾ ਮਿਲਦਾ ਹੈ)। ਇਮੀਗਰੈਂਟਾਂ ਨੂੰ ਕਨੇਡਾ ਵਿਚ ਸਿਟੀਜਨਾਂ ਜਾਂ ਨਾਗਰਿਕਾਂ ਵਾਲੇ ਸਾਰੇ ਹੱਕ ਮਿਲਦੇ ਹਨ। ਜਦੋਂ ਕਿਤੇ ਜਿਸਮਾਨੀ ਜਾਂ ਭਾਵੁਕ ਖਤਰੇ ਦੀ ਗੱਲ ਹੋਵੇ ਇਮੀਗਰੈਂਟਾਂ ਨੂੰ ਵੀ ਸਭ ਤੋਂ ਪਹਿਲਾਂ ਆਪਣੀ ਤੇ ਆਪਣੇ ਬੱਚਿਆਂ ਦੀ ਸੁਰੱਖਿਆ ਬਾਰੇ ਹੀ ਸੋਚਣਾ ਚਾਹੀਦਾ ਹੈ ਘਰੇਲੂ ਝਗੜੇ ਸਿਵਲ ਕਾਨੂੰਨ ਦੇ ਅਧੀਨ ਹਨ।

2 ਇਸ ਬਾਰੇ ਵਿਚ ਸਚ ਇਹ ਹੈ ਕਿ ਮੰਗੇਤਰ ਜਾਂ ਜੀਵਨਸਾਥੀ ਦੀ ਅਰਜ਼ੀ ਭਾਰਤ ਤੋਂ ਨਾ ਭਰ ਕੇ ਕਨੇਡਾ ਤੋਂ ਭਰੀ ਜਾਂਦੀ ਹੈ — ਫੈਮਿਲੀ ਕਲਾਸ ਸਪੌਂਸਰਸ਼ਿਪ ਵਜੋਂ। ਇਸ ਮੰਗੇਤਰ ਜਾਂ ਸਾਥੀ ਨੂੰ ਇਮੀਗਰੇਸ਼ਨ ਦੇਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਨੀਆਂ ਪੈਂਦੀਆਂ ਕਿਉਂਕਿ ਉਸ ਦੀ ਦੇਖਭਾਲ ਦੀ ਜਿੰਮੇਵਾਰੀ ਅਗਲੇ ਦਸਾਂ ਸਾਲਾਂ ਤੱਕ ਲਈ ਬੁਲਾਣ ਵਾਲਾ ਲੈ ਚੁੱਕਾ ਹੈ।

ਜੇ ਮੰਗਾਇਆ ਗਿਆ ਮੰਗੇਤਰ ਜਾਂ ਸਾਥੀ ਵਿਜ਼ਟਰ ਬਣ ਕੇ ਆਇਆ ਹੈ ਤੇ ਇਮੀਗਰੇਸ਼ਨ ਮਿਲਣ ਦਾ ਇੰਤਜ਼ਾਰ ਕਰ ਰਿਹਾ ਹੈ ਤਾਂ ਅਜਿਹੀ ਹਾਲਤ ਵਿਚ ਰਿਸ਼ਤਾ ਟੁੱਟ ਜਾਵੇ ਤੇ ਸਪੌਂਸਰ ਕਰਨ ਵਾਲਾ ਸਪੌਂਸਰਸ਼ਿਪ ਦੀ ਅਰਜ਼ੀ ਵਾਪਸ ਲੈ ਲਵੇ ਤਾਂ ਵੀ ਅਜਿਹੇ ਵਿਜ਼ਟਰ ਜਾਂ ਸੈਲਾਨੀ ਨੂੰ ਫੈਮਿਲੀ ਕਲਾਸ ਇਮੀਗਰੈਂਟ ਦੀ ਥਾਂ ਸਧਾਰਨ ਇਮੀਗਰੈਂਟ ਦੇ ਤੌਰ ਤੇ ਅਰਜ਼ੀ ਭਰਨ ਦੀ ਇਜਾਜ਼ਤ ਹੈ। ਇਹੋ ਜਿਹੀ ਅਰਜ਼ੀ ਭਰਨ ਵਾਲੇ ਦੇ ਬਾਰੇ ਇਮੀਗਰੇਸ਼ਨ ਆਫੀਸਰ ਇਹ ਵੇਖਦੇ ਹਨ ਕਿ ਇਹ ਵਿਅਕਤੀ ਕਨੇਡਾ ਵਿਚ ਆਪਣੇ ਪੈਰਾਂ ਤੇ ਖੜਾ ਹੋ ਸਕਦਾ ਹੈ ਜਾਂ ਸਰਕਾਰ ਤੇ ਭਾਰ ਬਣ ਜਾਏਗਾ। ਜੇ ਇਹੋ ਜਿਹੇ ਬੰਦੇ ਨਾਲ ਸਰੀਰਕ ਬਦਸਲੂਕੀ ਜਾਂ ਪਰਵਾਰਕ ਵਲੋਂ ਮਾਰ ਕੁੱਟ ਹੋਈ ਹੋਵੇ ਤਾਂ ਇਮੀਗਰੇਸ਼ਨ ਕਾਉਂਸਲਰ ਤੋਂ ਇਸ ਮਾਮਲੇ ਦੀ ਰਿਪੋਰਟ ਲਿੱਤੀ ਜਾਦੀ ਹੈ — ਤੇ ਇਸ ਰਿਪੋਰਟ ਦੀ ਸਹਾਇਤਾ ਨਾਲ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਇਮੀਗਰੇਸ਼ਨ ਦਿਤੀ ਜਾਵੇ ਜਾਂ ਨਹੀਂ।

ਜੇ ਵਿਜ਼ਟਰ ਦੇ ਤੌਰ ਤੇ ਆਏ ਮੰਗੇਤਰ ਜਾਂ ਸਾਥੀ ਦਾ ਰਿਸ਼ਤਾ ਟੁੱਟਣ ਪਿਛੋਂ ਆਪਣੇ ਤੌਰ ਤੇ ਭਰੀ ਅਰਜ਼ੀ ਇਮੀਗਰੇਸ਼ਨ ਲਈ ਮਨਜ਼ੂਰ ਨਾ ਹੋਵੇ ਤਾਂ ਉਸਨੂੰ ਆਪੇ ਵਾਪਸ ਚਲੇ ਜਾਣ ਲਈ ਕਿਹਾ ਜਾਂਦਾ ਹੈ। ਡਿਪੋਰਟੇਸ਼ਨ ਜਾਂ ਕਾਨੂੰਨੀ ਤੌਰ ਤੇ ਕਨੇਡਾ ਤੋਂ ਬਾਹਰ ਕੱਢਣ ਦੀ ਗੱਲ ਸਭ ਤੋਂ ਅਖੀਰ ਵਿਚ ਆਂਦੀ ਹੈ ਜੋ ਕਿ ਇੰਪਲੌਏਮੈਂਟ ਤੇ ਇਮੀਗਰੇਸ਼ਨ ਕਮੀਸ਼ਨ ਤੋਂ ਵੱਖਰੇ ਕਿਸੇ ਐਡਜੁਡੀਕੇਟਰ ਵਲੋਂ ਇਨਕੁਆਰੀ ਜਾਂ ਪੁੱਛ-ਗਿਛ ਆਰਡਰ ਕੀਤੀ ਜਾਂਦੀ ਹੈ — ਇਸ ਪੁੱਛ ਗਿੱਛ ਵਿਚ ਵਿਜ਼ਟਰ ਨੂੰ ਵਕੀਲ ਕਰ ਕੇ ਆਪਣੀ ਗੱਲਬਾਤ ਕਹਿਣ ਦਾ ਮੌਕਾ ਦਿਤਾ ਜਾਂਦਾ ਹੈ।

3. ਕਿਉਂਕਿ ਸਪੌਂਸਰਸ਼ਿਪ ਇਕ ਕਾਨੂੰਨੀ ਕਾਗਜ਼ ਹੈ ਜਿਸ ਰਾਹੀਂ ਇਹ ਵਾਅਦਾ ਕੀਤਾ ਜਾਂਦਾ ਹੈ ਕਿ ਬੁਲਾਣ ਵਾਲਾ ਨਵੇਂ ਇਮੀਗਰੈਂਟ ਦੀ ਸਾਰੀਆਂ ਲੋੜਾਂ ਪੂਰੀਆਂ ਕਰੇਗਾ। ਇਸ ਲਈ ਸਮਾਜਕ ਮਦਦ ਦੇ ਪਰੋਗਰਾਮਾਂ ਵਲੋਂ ਅਜਿਹੀ ਮਦਦ ਇਮੀਗਰੈਂਟ ਨੂੰ ਆਪਣੇ ਆਪ ਨਹੀਂ ਮਿਲਦੀ। ਪਰ ਜੇ ਇਹ ਫੈਸਲਾ ਹੋ ਜਾਵੇ ਕਿ ਸਪੌਂਸਰ ਕਰਨ ਵਾਲੇ ਤੇ ਬੁਲਾਏ ਗਏ ਵਿਅਕਤੀ ਵਿਚਕਾਰ ਰਿਸ਼ਤਾ ਖਤਮ ਹੋ ਚੁੱਕਾ ਹੈ ਤਾਂ ਬਾਹਰੋਂ ਆਏ ਇਸ ਇਮੀਗਰੈਂਟ ਨੂੰ ਜਨਤਾ ਦੀ ਮਦਦ ਲਈ ਬਣੇ ਸਾਰੇ ਪਰੋਗਰਾਮਾਂ ਵਲੋਂ ਮਦਦ ਮਿਲਦੀ ਹੈ। ਜੇ ਉਨ੍ਹਾਂ ਦੀਆਂ ਲੋੜਾਂ ਸਹੀ ਜਾਪਣ ਤਾਂ ਕਨੇਡਾ ਦੇ ਆਮ ਸ਼ਹਿਰੀਆਂ ਵਾਂਗ ਹੀ ਇਨ੍ਹਾਂ ਇਮੀਗਰੈਂਟਾਂ ਨੂੰ ਸਾਰੀ ਸਮਾਜਕ ਸਹਾਇਤਾ ਲੈਣ ਦਾ ਹੱਕ ਹੈ। ਹਾਂ ਇਹ ਹੋ ਸਕਦਾ ਹੈ ਕਿ ਕੈਨੇਡਾ ਇਮੀਗਰੇਸ਼ਨ ਕਾਨੂੰਨ ਅਨੁਸਾਰ ਸਪੌਂਸਰ ਕਰਨ ਵਾਲੇ ਤੋਂ ਇਸ ਖਰਚੇ ਦੀ ਰਕਮ ਲੈਣ ਲਈ ਮੁਕਦਮਾ ਕੀਤਾ ਜਾਵੇ।

ਜਿਸ ਨੂੰ ਇਮੀਗਰੇਸ਼ਨ ਮਿਲ ਜਾਂਦੀ ਹੈ ਉਸ ਵਿਅਕਤੀ ਨੂੰ ਉਸੇ ਸਮੇਂ ਇਮੀਗਰੇਸ਼ਨ ਵੀਜ਼ਾ ਦਿਤਾ ਜਾਂਦਾ ਹੈ (ਫਾਰਮ ਆਈ. ਐਮ. ਐਮ. 1000 — ਕਨੇਡੀਅਨ ਇਮੀਗਰੈਂਟ ਰਿਕਾਰਡ ਐਂਡ ਵੀਜ਼ਾ ਜਾਂ ਇਮੀਗਰੈਂਟ ਵੀਜ਼ਾ ਐਂਡ ਰਿਕਾਰਡ ਆਫ ਲੈਂਡਿੰਗ)। ਜਿਸ ਬੰਦੇ ਨੇ ਕਨੇਡਾ ਵਿਚ ਆ ਕੇ ਆਪਣੀ ਇਮੀਗਰੇਸ਼ਨ ਲਈ ਆਪ ਅਰਜ਼ੀ ਭਰੀ ਹੋਵੇ ਉਸਨੂੰ ਜਾਂ ਤਾਂ ਕੋਈ ਵਿਜ਼ਟਰ ਡੌਕੂਮੈਂਟ ਜਾਂ ਮਨਿਸਟਰਸ ਪਰਮਿਟ ਦਿਤਾ ਜਾਂਦਾ ਹੈ।

ਜੇ ਕਿਸੇ ਕੋਲ ਆਪਣੀ ਇਮੀਗਰੇਸ਼ਨ ਦੇ ਕਾਗਜ਼ ਨਾ ਹੋਣ ਤਾਂ ਸਥਾਨਕ ਕਨੇਡਾ ਇਮੀਗਰੇਸ਼ਨ ਸੈਂਟਰ ਨੂੰ ਕਹਿ ਕੇ ਆਪਣੀ ਇਮੀਗਰੇਸ਼ਨ ਪਦਵੀ ਦੀ ਤਸਦੀਕ ਕਰਾਈ ਜਾ ਸਕਦੀ ਹੈ।

# ਪੰਜਾਬ ਸਰਕਾਰ ਬੈਂਸ ਕਮੇਟੀ ਦੀ ਰਿਪੋਰਟ ਪ੍ਰਕਾਸ਼ਤ ਕਰੇ

ਮੋਰਿੰਡਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਰੋਪੜ ਇਕਾਈ ਦੇ ਕਨਵੀਨਰ ਇੰਦਰਜੀਤ ਸਿੰਘ ਰਤਨਗੜ੍ਹ ਨੇ ਕਿਹਾ ਕਿ ਸਰਕਾਰ ਨੂੰ ਬੈਂਸ ਕਮੇਟੀ ਦੀ ਰਿਪੋਰਟ ਪ੍ਰਕਾਸ਼ਤ ਕਰਨੀ ਚਾਹੀਦੀ ਹੈ ਅਤੇ ਰਿਪੋਰਟ ਵਿਚ ਦੋਸ਼ੀ ਪੁਲੀਸ ਅਧਿਕਾਰੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਨ੍ਹਾਂ ਤੇ ਮੁਕੱਦਮੇ ਚਲਾਉਣੇ ਚਾਹੀਦੇ ਹਨ ਤਾਂ ਜੋ ਅੱਗੇ ਲਈ ਕੋਈ ਪੁਲੀਸ ਅਧਿਕਾਰੀ ਝੂਠਾ ਪੁਲੀਸ ਮੁਕਾਬਲਾ ਬਣਾਉਣ ਦੀ 'ਮਨਮਾਨੀ' ਨਾ ਕਰੇ। ਕਿਸਾਨਾਂ ਵਲੋਂ ਨਹਿਰ ਰੋਕੂ ਮੋਰਚੇ ਦੀ ਪੂਰਨ ਹਮਾਇਤ ਕਰਦੇ ਹੋਏ ਉਨ੍ਹਾਂ ਸਪਸ਼ਟ ਕੀਤਾ ਕਿ ਜਦੋਂ ਤੱਕ ਜੇਲ੍ਹਾਂ ਵਿਚ ਬੰਦ ਸਾਰੇ ਨੌਜਵਾਨ ਰਿਹਾ ਨਹੀਂ ਕੀਤੇ ਜਾਂਦੇ ਤੇ ਫੌਜੀ ਵੀਰਾਂ ਦੀ ਬਹਾਲੀ ਨਹੀਂ ਹੁੰਦੀ, ਉਦੋਂ ਤੱਕ ਸਾਡਾ ਸੰਘਰਸ਼ ਚਲਦਾ ਰਹੇਗਾ। ਬਰਨਾਲਾ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖ ਨੌਜਵਾਨਾਂ ਨਾਲ ਟਕਰਾਓ ਦੀ ਨੀਤੀ ਛੱਡ ਕੇ ਉਨ੍ਹਾਂ ਨੂੰ ਨਾਲ ਲੈ ਕੇ ਕੇਂਦਰ ਦੇ ਵਿਰੁੱਧ ਸਿੱਖਾਂ ਦੀਆਂ ਹੱਕੀ ਮੰਗਾਂ ਲਈ ਮੋਰਚਾ ਸ਼ੁਰੂ ਕਰੇ। ਇਸੇ ਦੌਰਾਨ ਚੰਡੀਗੜ੍ਹ ਤੋਂ ਜਾਰੀ ਕੀਤੇ ਇਕ ਪ੍ਰੈਸ ਬਿਆਨ ਰਾਹੀਂ ਇਨਕਲਾਬੀ ਕਮਿਊਨਿਸਟ ਪਾਰਟੀ (ਭਾਰਤ) ਦੇ ਬੁਲਾਰੇ ਸ੍ਰੀ ਮਲਵਿੰਦਰ ਸਿੰਘ ਮਾਲੀ ਨੇ ਵੀ ਬੈਂਸ ਕਮੇਟੀ ਦੀ ਰਿਪੋਰਟ ਜਲਦੀ ਤੋਂ ਜਲਦੀ ਪ੍ਰਕਾਸ਼ਤ ਕਰਨ ਲਈ ਜ਼ੋਰ ਦਿੱਤਾ ਹੈ ਤਾਂਕਿ ਪੰਜਾਬ ਵਿਚ ਪਿਛਲੇ ਦਿਨੀਂ ਵਾਪਰੀਆਂ ਹਿੰਸਕ ਘਟਨਾਵਾਂ ਅਤੇ ਇਸ ਸਬੰਧ ਵਿਚ ਪੁਲੀਸ ਦਾ ਅਸਲੀ ਚਿਹਰਾ ਮੋਹਰਾ ਸਾਹਮਣੇ ਆ ਸਕੇ।

ਉਨ੍ਹਾਂ ਨੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੇ ਆਗੂਆਂ ਨੂੰ ਵੀ ਸੁਝਾਅ ਦਿਤਾ ਹੈ ਕਿ ਉਹ ਪੰਜਾਬ ਦੇ ਕੁਦਰਤੀ ਸਾਧਨਾਂ ਅਤੇ ਇਸ ਦੀ ਪੈਦਾਵਾਰ ਉਪਰ ਕੇਂਦਰ ਅੰਦਰਲੀਆਂ 'ਅਜਾਰੇਦਾਰ - ਸਰਮਾਏਦਾਰ' ਤਾਕਤਾਂ ਦੇ ਗਲਬੇ ਨੂੰ ਤੋੜਨ ਅਤੇ ਪੰਜਾਬੀ ਲੋਕਾਂ ਨੂੰ ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਲੁੱਟ ਖਸੁੱਟ ਤੋਂ ਮੁਕਤ ਕਰਵਾ ਕੇ ਨਵ-ਜਮਹੂਰੀ ਪੰਜਾਬ ਦੀ ਸਿਰਜਣਾ ਵਾਸਤੇ ਜਦੋਜਹਿਦ ਨੂੰ ਕਾਰਗਰ ਬਣਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਦਾ ਪੈਂਤੜਾ ਅਖਤਿਆਰ ਕਰਨ ਲਈ ਅਗੇ ਆਉਣ।




# ਰੀਗਲ ਸਿਨਮਾ ਦੇ ਸਵਾਲ 'ਤੇ ਵਿਦਿਆਰਥੀਆਂ 'ਚ ਭਾਰੀ ਰੋਸ

ਚੰਡੀਗੜ੍ਹ — ਮੋਗਾ ਦੇ ਰੀਗਲ ਸਿਨੇਮਾ ਨੂੰ ਮੁੜ ਖੋਲ੍ਹਣ ਅਤੇ ਇਸ ਨੂੰ ਪੰਜਾਬ ਸਰਕਾਰ ਵਲੋਂ ਲਾਇਬਰੇਰੀ ਵਿਚ ਤਬਦੀਲ ਕਰਨ ਦੇ ਵਾਇਦੇ ਨੂੰ ਲਾਗੂ ਨਾ ਕਰਨ 'ਤੇ ਪੰਜਾਬ ਦੇ ਵਿਦਿਆਰਥੀ ਜਗਤ ਵਿਚ ਇਕ ਵਾਰ ਮੁੜ ਗੁੱਸੇ ਦੀ ਲਹਿਰ ਦੌੜ ਗਈ ਹੈ। ਪੰਜਾਬ ਸਟੂਡੈਂਟ ਯੂਨੀਅਨ ਨੇ ਸਰਕਾਰ ਦੀ "ਟਾਲ-ਮਟੋਲ" ਦੀ ਨੀਤੀ ਦਾ ਸਖਤ ਨੋਟਿਸ ਲੈਂਦਿਆਂ ਐਲਾਨ ਕੀਤਾ ਹੈ ਕਿ ਜੇਕਰ 23 ਮਾਰਚ ਤਕ ਸਿਨੇਮਾ ਨੂੰ ਲਾਇਬਰੇਰੀ ਵਿਚ ਨਾ ਬਦਲਿਆ ਗਿਆ ਤਾਂ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਦੇ ਮੌਕੇ ਉਤੇ ਪੰਜਾਬ ਦੇ ਵਿਦਿਆਰਥੀ ਖੁਦ ਇਥੇ ਲਾਇਬਰੇਰੀ ਸਥਾਪਤ ਕਰ ਦੇਣਗੇ।


ਵਿਦਿਆਰਥੀ ਨੇਤਾ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਇਸ ਸਬੰਧ ਵਿਚ ਦੇਸ਼ ਭਗਤਾਂ ਦੇ ਜੀਵਨ ਨਾਲ ਸਬੰਧਤ ਤੇ ਹੋਰ ਉਸਾਰੂ ਪੁਸਤਕਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ ਤੇ ਪੰਜਾਬ ਦਾ ਇਕ ਉਘਾ ਸੁਤੰਤਰਤਾ ਸੰਗਰਾਮੀਆ ਤੇ ਸ਼ਹੀਦ ਭਗਤ ਸਿੰਘ ਦਾ ਸਾਥੀ 23 ਮਾਰਚ ਵਾਲੇ ਦਿਨ ਲਾਇਬਰੇਰੀ ਦਾ ਉਦਘਾਟਨ ਕਰੇਗਾ। ਵਿਦਿਆਰਥੀ ਨੇਤਾ ਨੇ "ਪੰਜਾਬੀ ਟ੍ਰਿਬਿਊਨ" ਨੂੰ ਦੱਸਿਆ ਕਿ 5 ਅਕਤੂਬਰ 1972 ਤੋਂ ਪਿਛੋਂ ਪੰਜਾਬ ਵਿਚ ਰਹੀਆਂ ਵੱਖ ਵੱਖ ਸਰਕਾਰਾਂ ਨੇ ਸਿਨੇਮਾ ਨੂੰ ਲਾਇਬਰੇਰੀ ਵਿਚ ਤਬਦੀਲੀ ਕਰਨ ਦਾ ਐਲਾਨ ਕੀਤਾ ਹੈ ਪਰ ਇਹ ਬੜੇ ਦੁੱਖ ਦੀ ਗੱਲ ਹੈ ਕਿ ਸਿਨੇਮਾ ਮਾਲਕ ਇਸ ਨੂੰ ਫਿਰ ਚਾਲੂ ਕਰਨ ਦੇ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਨੇਮਾ ਦੇ ਇਰਦ ਗਿਰਦ ਨੀਮ ਫੌਜੀ ਦਸਤੇ ਤੈਨਾਤ ਕੀਤੇ ਹੋਏ ਹਨ। ਉਨ੍ਹਾਂ ਕਿਹਾ ਕਿ 5 ਅਕਤੂਬਰ 1985 ਨੂੰ ਅਕਾਲੀ ਸਰਕਾਰ ਨੇ ਇਸ ਸਿਨੇਮਾ ਨੂੰ ਲਾਇਬਰੇਰੀ ਵਿਚ ਬਦਲਣ ਲਈ ਸਿਨੇਮਾ ਮਾਲਕ ਨੂੰ 11 ਲੱਖ 67 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਇਹ ਰਕਮ ਬਜਟ ਵਿਚ ਵੀ ਪਾ ਦਿੱਤੀ ਗਈ। ਲਾਇਬਰੇਰੀ ਦੇ ਨਿਰਮਾਣ ਦੇ ਸਬੰਧ ਵਿਚ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਡੀ. ਐਸ. ਜਸਪਾਲ ਦੀ ਡਿਊਟੀ ਲਾਈ ਸੀ।

ਇਸੇ ਦੌਰਾਨ ਇਨਕਲਾਬੀ ਕਮਿਊਨਿਸਟ ਪਾਰਟੀ ਦੇ ਨੇਤਾ ਸ੍ਰੀ ਮਾਲਵਿੰਦਰ ਸਿੰਘ ਮਾਲੀ ਅਤੇ ਪੀ. ਐਸ. ਯੂ. ਦੇ ਇਕ ਹੋਰ ਨੇਤਾ ਸ੍ਰੀ ਮੇਜਰ ਸਿੰਘ ਮੱਟਰਾਂ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਸਿਨੇਮਾ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਹ ਕਾਰਵਾਈ ਪੰਜਾਬ ਦੇ ਵਿਦਿਆਰਥੀਆਂ ਦੇ ਜ਼ਖਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਹੋਵੇਗੀ। ਉਨ੍ਹਾਂ ਖਬਰਦਾਰ ਕੀਤਾ ਕਿ ਜੇਕਰ ਸਰਕਾਰ ਨੇ ਕੋਈ ਪੱਕਾ ਫੈਸਲਾ ਨਾ ਲਿਆ ਤਾਂ ਰਾਜ ਭਰ ਵਿਚ ਵਿਦਿਆਰਥੀ ਅੰਦੋਲਨ ਭੜਕ ਉਠੇਗਾ। ਚੇਤੇ ਰਹੇ ਕਿ ਅਕਤੂਬਰ 1972 ਵਿਚ ਮੋਗਾ ਸਿਨੇਮਾ ਦੇ ਬਾਹਰਵਾਰ ਪੁਲੀਸ ਗੋਲੀ ਨਾਲ ਦੋ ਵਿਦਿਆਰਥੀ - ਸ. ਹਰਜੀਤ ਸਿੰਘ ਤੇ ਸ. ਸਵਰਨ ਸਿੰਘ ਦੀ ਮੌਤ ਹੋ ਗਈ ਸੀ ਅਤੇ ਮਗਰੋਂ ਇਹ ਅੰਦੋਲਨ ਵਿਆਪਕ ਰੂਪ ਵਿਚ ਸਾਰੇ ਪੰਜਾਬ ਵਿਚ ਫੈਲ ਗਿਆ ਸੀ।

## ਸਾਡੇ ਵਿਰਸਾ

ਗੁਰਬਖ਼ਸ਼ ਸਿੰਘ

# ਬੱਚਿਆਂ ਵਿਚ ਗੁਨਾਹ ਦਾ ਅਹਿਸਾਸ



ਜੇ ਅਸੀਂ ਸਿਆਣੇ ਕਦੇ ਆਪਣੇ ਸਾਰੇ ਜੀਵਨ ਉਤੇ ਬੇ-ਲਿਹਾਜ਼ ਜਿਹੀ ਝਾਤੀ ਮਾਰੀਏ, ਤਾਂ ਸਿਵਾਏ ਕਿਸੇ ਟਾਵੇਂ ਫਰਿਸ਼ਤੇ ਦੇ ਲਗਪਗ ਸਾਰਿਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਕੋਈ ਵੀ ਗੁਨਾਹ ਐਸਾ ਨਹੀਂ ਜਿਹੜਾ ਅਸਾਂ ਨਾ ਕੀਤਾ, ਜਾਂ ਕਰਨ ਦੀ ਇੱਛਾ ਨਾ ਕੀਤੀ ਹੋਵੇ : ਚੋਰੀ, ਲਿੰਗ-ਅਖਲਾਕ ਦਾ ਮਾੜਾ ਮੋਟਾ ਉਲੰਘਣ, ਉਕਸਾਊ ਕਹਾਣੀਆਂ ਦਾ ਸ਼ੌਕ, ਉਕਸਾਊ ਤਸਵੀਰਾਂ ਵੇਖਣ ਦੀ ਚਾਹ, ਝੂਠ, ਬੇ-ਇਨਸਾਫੀ, ਮੂਰਖਤਾ, ਮੁਖਾਲਿਫ਼ ਲਿੰਗ ਨਾਲ ਦਿਲ-ਲੱਗੀ, ਚੋਰੀ ਖਤ ਲਿਖਣੇ, ਭੇਤ ਰਖਣੇ ਆਦਿ ।

ਇਹ ਮੈਂ ਉਹਨਾਂ ਦਾ ਜ਼ਿਕਰ ਕਰ ਰਿਹਾ ਹਾਂ, ਜਿਹੜੇ ਅੱਜ ਬੜੇ ਸਾਊ ਗਿਣੇ ਜਾਂਦੇ ਹਨ, ਤੇ ਜਿਹੜੇ ਹਰ ਕਿਸੇ ਨੂੰ ਮੱਤਾਂ ਦੇਂਦੇ ਹਨ । ਮੈਨੂੰ ਇਹਨਾਂ ਦਾ ਸਾਊ ਹੋਣ ਉਤੇ ਕੋਈ ਸ਼ੱਕ ਨਹੀਂ । ਮੈਂ ਸਿਰਫ਼ ਇਹ ਮਹਿਸੂਸ ਕਰਨਾ ਤੇ ਕਰਾਣਾ ਚਾਹੁੰਦਾ ਹਾਂ ਕਿ ਬਾਵਜੂਦ ਸਭ ਕੁਝ ਮਾੜਾ ਸੋਚਣ, ਕਰਨ ਤੇ ਕਰਾਣ ਦੇ ਅਸੀਂ ਚੰਗੇ ਭਲੇ ਬਾਲਗ ਬਣ ਸਕੇ ਹਾਂ । ਸਾਨੂੰ ਆਪਣੇ ਉਤੇ ਕੋਈ ਬਹੁਤਾ ਅਫ਼ਸੋਸ ਨਹੀਂ, ਸਾਡੀਆਂ ਕੋਈ ਕੋਈ ਭੈੜੀਆਂ ਗੱਲਾਂ ਉੱਘੜ ਵੀ ਗਈਆਂ ਸਨ, ਤੇ ਅਨੇਕਾਂ ਐਸੀਆਂ ਹਨ, ਜਿਨ੍ਹਾਂ ਦਾ ਕਿਸੇ ਨੂੰ ਪਤਾ ਨਹੀਂ ਲੱਗਾ । ਜੇ ਲੱਗ ਜਾਂਦਾ ਤਾਂ ਅਸੀਂ ਇਹੋ ਜਿਹੇ ਭੰਡੇ ਜਾਂਦੇ ਕਿ ਸਾਊ ਭਾਈਚਾਰੇ ਵਿਚੋਂ ਖ਼ਾਰਜ ਕੀਤੇ ਜਾਂਦੇ ਤੇ ਸ਼ਾਇਦ ਨਮੋਸ਼ੀ ਕਰਕੇ ਫੇਰ ਨਕਾਰੇ ਵੀ ਹੋ ਜਾਂਦੇ ।

ਮੈਨੂੰ ਯਾਦ ਹੈ, ਮੈਂ ਕਈ ਵਾਰੀ ਬਚਪਨ ਵਿਚ ਖ਼ੁਦਕਸ਼ੀ ਦੀ ਖ਼ਾਹਸ਼ ਕੀਤੀ ਹੈ, ਪਰ ਓਦੋਂ ਆਪਣੇ ਆਪ ਨੂੰ ਮਾਰਨ ਦੀ ਜਾਚ ਨਹੀਂ ਸੀ ਆਉਂਦੀ, ਸਿਰਫ ਖ਼ਾਹਸ਼ ਹੀ ਕੀਤੀ ਕਿ ਮਰ ਜਾਵਾਂ, ਕਿਉਂਕਿ ਜਾਪਦਾ ਸੀ ਏਡੀ ਨਮੋਸ਼ੀ ਹੋ ਜਾਏਗੀ ਕਿ ਕਿਸੇ ਦੇ ਮੱਥੇ ਕਿਸ ਤਰ੍ਹਾਂ ਲੱਗਾਂਗਾ ।

ਮੌਕੇ ਤਾਂ ਕਈ ਹਨ, ਪਰ ਇੱਕ ਦਾ ਜ਼ਿਕਰ ਕਰਦਾ ਹਾਂ । ਮੇਰੀ ਕੁੜਮਾਈ ਹੋਈ ਹੋਈ ਸੀ । ਮੈਨੂੰ ਪਤਾ ਲੱਗਾ ਮੇਰੀ ਮੰਗੇਤਰ ਸਾਡੇ ਸ਼ਹਿਰ ਆਪਣੇ ਨਾਨਕਿਆਂ ਦੇ ਘਰ ਆਈ ਹੋਈ ਸੀ । ਮੇਰਾ ਜੀਅ ਕੀਤਾ ਉਸ ਨੂੰ ਖਤ ਲਿਖਾਂ । ਆਪਣੀ ਛੋਟੀ ਭੈਣ ਨੂੰ ਕਿਸੇ ਤਰ੍ਹਾਂ ਮਨਾਇਆ, ਉਹ ਮੇਰੀ ਚਿੱਠੀ ਲੈ ਗਈ । ਉਸ ਦੀ ਉਮਰ ਤੇਰ੍ਹਾਂ ਸਾਲ ਦੀ ਸੀ, ਮੇਰੀ ਸੋਲ੍ਹਾਂ ਦੀ । ਉਹ ਚਿੱਠੀ ਠੀਕ ਹੱਥਾਂ ਵਿਚ ਪਹੁੰਚਣ ਤੋਂ ਪਹਿਲਾਂ ਹੀ ਫੜੀ ਗਈ, ਤੇ ਮੇਰੀ ਮਾਤਾ ਜੀ ਨੂੰ ਬੁਲਾ ਕੇ ਮੇਰੀ ਮੰਗੇਤਰ ਦੇ ਨਾਨਕਿਆਂ ਨੇ ਬੜਾ ਸਖ਼ਤ ਉਲ੍ਹਾਮਾ ਦਿਤਾ । ਮੇਰੀ ਮਾਤਾ ਜੀ ਰੋਣ-ਹਾਕੇ ਹੋ ਗਏ ਤੇ ਮੇਰਾ ਜੀਅ ਕਰਦਾ ਸੀ, ਇਸ ਬੱਜਰ ਗੁਨਾਹ ਦੀ ਪੁੱਛ-ਗਿੱਛ ਤੋਂ ਪਹਿਲਾਂ ਮੈਂ ਕਿਸ ਤਰ੍ਹਾਂ ਮਰ ਜਾਵਾਂ, ਮੇਰੀ ਭੈਣ ਵੀ ਇਹੋ ਸੋਚਦੀ ਸੀ । ਉਧਰ ਮੇਰੀ ਮੰਗੇਤਰ ਨੇ ਵੀ ਜਦੋਂ ਸੁਣਿਆ ਸਾਰਾ ਦਿਨ ਰੋਟੀ ਨਾ ਖਾਧੀ, ਉਹ ਰੋਂਦੀ ਰਹੀ, ਇਸ ਖ਼ਿਆਲ ਤੋਂ ਕਿ ਉਹਦੇ ਮਾਮਾ ਜੀ ਉਹਨੂੰ ਬੜੀ ਭੈੜੀ ਸਮਝਦੇ ਹੋਣਗੇ ਤੇ ਸੋਚਦੇ ਹੋਣਗੇ ਕਿ ਇਹਨੂੰ ਅੱਗੇ ਵੀ ਆਪਣੇ ਮੰਗੇਤਰ ਦੇ ਖਤ ਆਉਂਦੇ ਹਨ ।

ਬਚਪਨ ਵਿਚ ਮੈਂ ਕਈ ਵਾਰੀ ਮਰਨਾ ਚਾਹਿਆ ਹੈ ; ਤੇ ਮੇਰੀ ਭੈਣ ਚੂੰਕਿ ਇਕ ਵਾਰੀ ਮੇਰੀ ਹਮਰਾਜ਼ ਬਣ ਚੁੱਕੀ ਸੀ, ਉਸ ਦੇ ਅੰਦਰ ਵੀ ਮੈਂ ਕਈ ਵਾਰੀ ਇਹ ਖ਼ਾਹਸ਼ ਉਠਦੀ ਮਹਿਸੂਸ ਕੀਤੀ ਹੈ । ਹੋਰ ਕਈਆਂ ਸਾਥੀਆਂ ਨਾਲ ਵੀ ਗੱਲਾਂ ਕਰਨ ਤੋਂ ਪਤਾ ਲੱਗਾ ਹੈ ਕਿ ਜਿਸ ਬਚਪਨ ਨੂੰ ਅਸੀਂ ਬਾਦਸ਼ਾਹੀ ਤੇ ਬੇ-ਫ਼ਿਕਰੀ ਦੀ ਉਮਰ ਆਖਦੇ ਹਾਂ, ਉਸ ਵਿਚ ਬਹੁਤੀ ਵਾਰੀ ਖ਼ੁਦਕਸ਼ੀ ਦਾ ਖ਼ਿਆਲ ਦਿਲ 'ਚੋਂ ਉਠਦਾ ਹੈ । ਇਹ ਉਮਰ ਚਿੰਤਾਵਾਂ, ਡਰਾਂ ਤੇ ਨਮੋਸ਼ੀਆਂ ਦੇ ਸਹਿਮਾਂ ਨਾਲ ਭਰੀ ਰਹਿੰਦੀ ਹੈ ।

ਆਪਣੇ ਤਜਰਬੇ ਤੋਂ ਮੈਂ ਕਈ ਵਾਰੀ ਵਿਚਾਰਿਆ ਹੈ ਕਿ ਮੈਂ ਕੋਈ ਐਡਾ ਮਾੜਾ ਨਮੂਨਾ ਇਨਸਾਨੀਅਤ ਦਾ ਨਹੀਂ ਹਾਂ — ਪਰ ਤਾਂ ਵੀ ਮੈਂ ਉਹ ਸਾਰੇ ਕੰਮ ਕੀਤੇ ਜਾਂ ਸੋਚੇ ਹਨ, ਜਿਨ੍ਹਾਂ ਨੂੰ ਪਾਪ ਆਖਿਆ ਜਾਂਦਾ ਹੈ । ਹੋਰ ਮੇਰੇ ਸਮਕਾਲੀਆਂ ਦਾ ਬਚਪਨ ਵੀ ਮੇਰੇ ਨਾਲੋਂ ਕੋਈ ਬਹੁਤਾ ਪਵਿੱਤਰ ਨਹੀਂ ਗੁਜ਼ਰਿਆ । ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਸਾਰੀਆਂ ਗੱਲਾਂ ਐਡੀਆਂ ਵੱਡੀਆਂ ਨਹੀਂ ਜੇਡੀਆਂ ਅਸੀਂ ਸਮਝਦੇ ਰਹੇ ਹਾਂ, ਤੇ ਦੁਨੀਆਂ ਸਮਝਦੀ ਹੈ । ਅਸਾਂ, ਐਵੇਂ ਹੀ ਅਨੀਂਦਿਆਂ ਰਾਤਾਂ ਗੁਜ਼ਾਰੀਆਂ ਤੇ ਮੌਤ ਨੂੰ ਵਾਜਾਂ ਮਾਰੀਆਂ । ਪੈਲੀਆਂ ਵਿਚ, ਭਾਵੇਂ ਉਹ ਕੇਡੀਆਂ ਚੰਗੀਆਂ ਵਾਹੀਆਂ ਹੋਣ, ਘਾਹ ਬੂਟ ਉਗ ਹੀ ਪੈਂਦਾ ਹੈ । ਅਮੀਰ ਪੈਲੀਆਂ ਵਿਚ ਬਹੁਤਾ, ਕਮਜ਼ੋਰ ਪੈਲੀਆਂ ਵਿਚ ਥੋੜਾ ਤੇ ਕੱਲਰ ਵਿਚ ਕੋਈ ਨਾ ਇਹ ਕੋਈ ਖਤਰਨਾਕ ਘਟਨਾ ਨਹੀਂ । ਸਿਰਫ਼ ਬਹੁਤ ਵੱਡਾ ਹੋਣ ਤੋਂ ਪਹਿਲਾਂ ਇਸ ਘਾਹ ਬੂਟ ਦੀ ਗੋਡੀ ਕਰ ਛੱਡਣੀ ਚਾਹੀਦੀ ਹੈ, ਇਹ ਨਾ ਹੋਵੇ ਕਿ ਅਸਲੀ ਫਸਲ ਨਾਲੋਂ ਘਾਹ ਉਚਾ ਹੋ ਜਾਏ । ਜਿਨ੍ਹਾਂ ਪੈਲੀਆਂ ਵਿਚ ਪੰਡਾਂ-ਮੂੰਹੀਂ ਘਾਹ ਗੋਡ ਕੇ ਕੱਢਿਆ ਹੁੰਦਾ ਹੈ, ਉਹਨਾਂ ਵਿਚ ਮਣਾਂ-ਮੂੰਹੀਂ ਫਸਲ ਹੁੰਦੀ ਵੇਖੀ ਹੈ ।

ਜਦੋਂ ਮੈਨੂੰ ਇਸ ਗੱਲ ਦੀ ਸਮਝ ਆਈ, ਮੈਂ ਇਰਾਦਾ ਕਰ ਲਿਆ ਕਿ ਮੈਂ ਆਪਣੇ ਅਸਰ ਹੇਠ ਆਏ ਬੱਚਿਆਂ ਨੂੰ ਬੇ-ਲੋੜੀਆਂ ਚਿੰਤਾਵਾਂ ਤੇ ਗੁਨਾਹ ਦੇ ਅਹਿਸਾਸ ਤੋਂ ਬਚਾਈ ਰਖਾਂਗਾ । ਉਹਨਾਂ ਬੱਚਿਆਂ ਦੇ ਹਿਤ ਵਿਚ ਮੈਂ ਇਹ ਆਪਣੇ ਖ਼ਿਆਲ ਕਈ ਸਨੇਹੀ ਮਾਪਿਆਂ ਸਾਹਮਣੇ ਰਖਣਾ ਚਾਹੁੰਦਾ ਹਾਂ ।

ਬੱਚਾ ਚੋਰੀ ਕਰਦਾ ਹੈ । ਹਨੇਰ ਆ ਗਿਆ ਨਾ ਸਮਝੋ । ਨਾ ਬਹੁਤੇ ਲੱਜਿਤ ਹੋਵੋ । ਤੁਸੀਂ ਵੀ ਏਸੇ ਤਰ੍ਹਾਂ ਕਰਦੇ ਹੁੰਦੇ ਸੌ । ਬੱਚੇ ਨੂੰ ਇਹ ਮਹਿਸੂਸ ਨਾ ਕਰਾਓ ਕਿ ਉਸ ਕੋਲੋਂ ਕੋਈ ਵੱਡਾ ਗੁਨਾਹ ਹੋ ਗਿਆ ਹੈ, ਤੇ ਹੁਣ ਉਹ ਕਿਸੇ ਮੰਦਰ ਵਿਚ ਜਾ ਕੇ ਜਾਂ ਧਾਰਮਿਕ ਪੁਸਤਕ ਦੇ ਰੂਬਰੂ ਖੜੋ ਕੇ ਪਸਚਾਤਾਪ ਪ੍ਰਗਟ ਕਰੇ । ਪਸਚਾਤਾਪ ਦਾ ਕੋਈ ਅਸਰ ਨਹੀਂ ਹੁੰਦਾ ।

ਪਹਿਲੋਂ ਇਹ ਸੋਚੋ ਕਿ ਬੱਚੇ ਨੂੰ ਕਿਹੜੀ ਗੱਲ ਨੇ ਇਸ ਚੋਰੀ ਲਈ ਪ੍ਰੇਰਿਆ । ਖਾਣ ਵਾਲੀ ਚੀਜ਼ ਹੈ, ਤਾਂ ਯਕੀਨ ਕਰ ਲਵੋ ਤੁਹਾਡੇ ਵਤੀਰੇ ਵਿਚ ਨੁਕਸ ਹੈ । ਤੁਹਾਡੇ ਬੱਚੇ ਦੀ ਕੋਈ ਰੀਝ ਪੂਰੀ ਨਹੀਂ ਹੁੰਦੀ । ਜੇ ਤੁਹਾਡੀ ਮਾਲੀ ਅਸਮਰਥਾ ਕਰਕੇ ਉਸ ਦੀ ਕੋਈ ਰੀਝ ਪੂਰੀ ਨਹੀਂ ਕੀਤੀ ਜਾ ਸਕਦੀ, ਤਾਂ ਉਸ ਨੂੰ ਸਮਝਾ ਦਿਓ ਬੱਚਿਆਂ ਕੋਲੋਂ ਆਪਣੀ ਗਰੀਬੀ ਕਦੇ ਨਹੀਂ ਛੁਪਾਣੀ ਚਾਹੀਦੀ । ਬੱਚਿਆਂ ਨੂੰ ਜੇ ਮਾਪਿਆਂ ਦੀ ਅਸਲੀ ਹਾਲਤ ਦਾ ਗਿਆਨ ਹੋ ਜਾਏ ਤਾਂ ਛੋਟੇ ਬੱਚੇ ਵੀ ਮਿਲਵਰਤਣ ਦੇਂਦੇ ਹਨ ।

ਹਰੇਕ ਚੋਰੀ ਦਾ ਕੋਈ ਕਾਰਣ ਹੁੰਦਾ ਹੈ । ਕਈ ਘਰਾਂ ਵਿਚ ਕਮਾਣ ਵਾਲੇ ਆਦਮੀ ਨੂੰ ਵੀ ਮੂੰਹ-ਮੰਗੀ ਚੀਜ਼ ਨਹੀਂ ਦਿੱਤੀ ਜਾਂਦੀ । ਉਹਦਾ ਦਿਲ ਚੋਰੀ ਚੀਜ਼ਾਂ ਖਾਣ ਨੂੰ ਕਰ ਆਉਂਦਾ ਹੈ, ਤੇ ਉਹ ਖਾ ਕੇ ਫੇਰ ਦੱਬ ਦੇਂਦਾ ਹੈ — ਪਰ ਖਾਂਦਾ ਚੋਰੀ ਹੀ ਹੈ । ਇਹ ਉਸ ਦੀ ਆਦਤ ਫੇਰ ਪੱਕ ਜਾਂਦੀ ਹੈ, ਤੇ ਜਦੋਂ ਇਸ ਦੀ ਲੋੜ ਨਾ ਵੀ ਰਹੇ, ਓਦੋਂ ਵੀ ਉਹ ਕਈ ਵਾਰੀ ਚੋਰੀ ਚੀਜ਼ ਖਾ ਕੇ ਵਧੇਰੇ ਤਸੱਲੀ ਪ੍ਰਾਪਤ ਕਰਦਾ ਹੈ ।

ਜਦੋਂ ਕੋਈ ਬੱਚਾ ਚੋਰੀ ਕਰੇ, ਉਸ ਦੀ ਪੜਤਾਲ ਕਰੋ । ਕਈ ਵਾਰੀ ਕੋਈ ਵੱਡੀ ਗੱਲ ਨਹੀਂ ਹੁੰਦੀ । ਇਕ ਅੱਠ ਸਾਲ ਦੇ ਬੱਚੇ ਨੂੰ ਚਮੜੇ ਦਾ ਬਟੂਆ ਦਿਤਾ ਗਿਆ । ਉਹ ਇਸ ਵਿਚ ਪਹਿਲੋਂ ਆਪਣਾ ਨਿੱਕੜ ਸੁੱਕੜ ਪਾਂਦਾ, ਫੇਰ ਉਸ ਨੇ ਮਾਂ ਕੋਲੋਂ ਪੈਸੇ ਲੈ ਕੇ ਪਾਣੇ ਸ਼ੁਰੂ ਕੀਤੇ । ਉਹ ਮਾਂ ਨੂੰ ਵੇਖਦਾ ਸੀ ਕਿ ਉਸ ਦੇ ਬਟੂਏ ਵਿਚ ਰੁਪਏ ਵੀ ਹੁੰਦੇ ਸਨ । ਉਹਦਾ ਜੀਅ ਕੀਤਾ ਕਿ ਉਸ ਦੇ ਬਟੂਏ ਵਿਚ ਵੀ ਰੁਪਈਏ ਹੋਣ । ਉਸ ਨੂੰ ਇਕ ਦਿਨ ਖੁੱਲੇ ਪਏ ਨੋਟ ਲੱਭ ਗਏ । ਉਸ ਨੇ ਕਈ ਇਕ ਆਪਣੇ ਬਟੂਏ ਵਿਚ ਪਾ ਲਏ । ਇਹ ਨੋਟ ਸਨ ਵੀ ਕਿਸੇ ਘਰ ਆਏ ਪ੍ਰਾਹੁਣੇ ਦੇ ।

ਜੇ ਇਸ ਬੱਚੇ ਨੂੰ ਪ੍ਰਾਹੁਣੇ ਕੋਲੋਂ ਸ਼ਰਮਿੰਦਿਆਂ ਹੋ ਕੇ ਮਾਰਿਆ ਜਾਏ, ਤਾਂ ਇਹ ਬੱਚਾ ਅਗੋਂ ਲਈ ਚੋਰ ਬਣ ਜਾਏਗਾ । ਇਸ ਵੇਲੇ ਤਕ ਇਹ ਚੋਰ ਨਹੀਂ । ਇਸ ਦੇ ਅੰਦਰ ਗੁਨਾਹ ਦਾ ਅਹਿਸਾਸ ਪੈਦਾ ਨਹੀਂ ਹੋਣ ਦੇਣਾ ਚਾਹੀਦਾ : ਇਸ ਦੇ ਪਿਤਾ ਅਗੇ ਸ਼ਿਕਾਇਤ ਕੀਤੀ ਗਈ । ਮਾਂ ਇਸ ਹਰਕਤ ਤੋਂ ਬੜੀ ਲੱਜਿਤ ਸੀ । ਪਿਤਾ ਨੇ ਹੱਸ ਛੱਡਿਆ । ਬੱਚੇ ਨੂੰ ਬੁਲਾਇਆ । ਉਸ ਨੂੰ ਬਟੂਆ ਰੁਪਈਆਂ ਨਾਲ ਭਰ ਦੇਣ ਲਈ ਆਖਿਆ — ਉਹ ਜਾਣੇ ਜੇ ਕੋਈ ਗੁਵਾਚ ਵੀ ਜਾਏ । ਨਾਲੇ ਉਸ ਨੂੰ ਸਮਝਾਇਆ, ਕਿਸੇ ਦੀ ਚੀਜ਼ ਚੁੱਕਿਆਂ, ਜਿਦ੍ਹੀ ਚੀਜ਼ ਚੁੱਕੀ ਜਾਏ ਉਹਦੇ ਦਿਲ ਵਿਚ ਕੀ ਕੀ ਖ਼ਿਆਲ ਜਾਗ ਸਕਦੇ ਹਨ — ਉਹ ਸਮਝ ਸਕਦਾ ਹੈ, ਇਹ ਮੁੰਡਾ ਚੰਗਾ ਨਹੀਂ । ਜੇ ਉਸ ਨੂੰ ਪਤਾ ਨਾ ਲੱਗਦਾ, ਉਹ ਘਰੋਂ ਚਲਾ ਜਾਂਦਾ — ਟਾਂਗੇ ਵਿਚ ਚੜ੍ਹ ਜਾਂਦਾ ਅੱਗੇ ਜਾ ਕੇ ਉਸ ਕੋਲ ਪੈਸੇ ਨਾ ਹੁੰਦੇ, ਜਾਂ ਰੇਲ ਦੀ ਟਿਕਟ ਨਾ ਲੈ ਸਕਦਾ ਉਸ ਨੂੰ ਬੜੀ ਤਕਲੀਫ ਹੁੰਦੀ । ਹੋ ਸਕਦਾ ਹੈ ਉਹ ਕਿਸੇ ਹੋਰ ਉਤੇ ਸ਼ੱਕ ਕਰ ਲੈਂਦਾ ।

ਦੋ ਬਿਲਕੁਲ ਮਾਸੂਮ ਬੱਚੇ ਕਿਸੇ ਨਿਵੇਕਲੀ ਥਾਂ ਉਤੇ ਲਿੰਗ-ਸ਼ਰਾਰਤ ਕਰਦੇ ਵੇਖੇ ਜਾਂਦੇ ਹਨ । ਉਹਨਾਂ ਨੂੰ ਮਾਰ ਪੈਂਦੀ ਹੈ — ਉਹਨਾਂ ਦੀਆਂ ਗੱਲਾਂ ਹੱਥ ਮਲ ਮਲ ਕੇ ਇਸਤਰੀਆਂ ਕਰਦੀਆਂ ਹਨ, 'ਕਲਜੁਗ ਆਇਆ' ਆਖਿਆ ਜਾਂਦਾ, ਤੇ ਗੱਲਾਂ ਸੁਣ ਕੇ ਉਹ ਬੱਚੇ ਸ਼ਰਮਿੰਦੇ ਜਿਹੇ ਹੋ ਜਾਂਦੇ ਹਨ । ਤੇ ਕਈ ਬੱਚੇ ਜਿਸ ਗੱਲੋਂ ਬਿਨਾਂ ਦਲੀਲ ਦਿੱਤਿਆਂ ਉਹਨਾਂ ਨੂੰ ਵਰਜਿਆ ਜਾਏ, ਉਹ ਮੁੜ ਕੇ ਕਰਨਾ ਚਾਹੁੰਦੇ ਹਨ ।

ਇਹ ਬੱਚਿਆਂ ਦਾ ਕਸੂਰ ਨਹੀਂ । ਉਹਨਾਂ ਦੇ ਮਾਪਿਆਂ ਜਾਂ ਕਿਸੇ ਹੋਰ ਸਿਆਣੇ ਦਾ ਹੈ । ਕਈ ਮਾਪਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹਨਾਂ ਦੇ ਬੱਚਿਆਂ ਵਿਚ ਜਿੰਨੇ ਲਿੰਗ-ਖ਼ਿਆਲ ਸਮੇਂ ਤੋਂ ਪਹਿਲਾਂ ਆਏ ਹਨ, ਮਾਪਿਆਂ ਦੀ ਬੇ-ਪਰਵਾਹੀ ਕਰਕੇ ਆਏ ਹਨ ।

ਜੇ ਬੱਚੇ ਬਹੁਤ ਛੋਟੇ ਹਨ, ਤਾਂ ਉਹਨਾਂ ਨੂੰ ਸਮਝਾਣ ਦੀ ਵੀ ਲੋੜ ਨਹੀਂ । ਕੁਝ ਚਿਰ ਉਹਨਾਂ ਨੂੰ ਆਪਣੇ ਸਾਹਮਣੇ ਖਿਡਾਓ — ਅੱਖਾਂ ਸਾਹਮਣੇ ਰਖੋ ਤੇ ਆਪਣੀਆਂ ਹਰਕਤਾਂ ਦੀ ਇਹਤਿਆਤ ਰੱਖੋ । ਅੱਸੀ ਫੀ ਸਦੀ ਬੱਚਿਆਂ ਦੀਆਂ ਸ਼ੌਖ-ਰੁਚੀਆਂ ਮਾਪਿਆਂ ਦੀ ਬੇ-ਇਹਤਿਆਤੀ ਹੁੰਦੀ ਹੈ । ਮਾਪੇ ਸਮਝ ਲੈਂਦੇ ਹਨ, ਬੱਚੇ ਸੌਂ ਗਏ ਹਨ, ਜਾਂ ਇਹ ਖ਼ਿਆਲ ਕਰਦੇ ਹਨ ਕਿ ਇਹ ਮਾਸੂਮ ਹਨ । ਇਕ ਸਾਲ ਦੇ ਬੱਚੇ ਵਿਚ ਵੀ ਲਿੰਗ-ਰੁਚੀਆਂ ਬੇ-ਇਹਤਿਆਤੀ ਨਾਲ ਵਧ ਜਾਂਦੀਆਂ ਹਨ ਤੇ ਅੱਗੇ ਜਾ ਕੇ ਤਕਲੀਫ ਦੇਂਦੀਆਂ ਹਨ । ਇਕ ਸਾਲ ਦੇ ਬੱਚੇ ਸਾਹਮਣੇ ਵੀ ਕੋਈ ਗੱਲ ਐਸੀ ਨਹੀਂ ਕਰਨੀ ਚਾਹੀਦੀ ਜਿਹੜੀ ਤੁਸੀਂ ਸਿਆਣੇ ਬੱਚੇ ਸਾਹਮਣੇ ਕਰਨਾ ਮੁਨਾਸਬ ਨਹੀਂ ਸਮਝਦੇ ।

ਲੜਕਾ ਕਿਸੇ ਲੜਕੀ ਨੂੰ ਖਤ ਲਿਖਦਾ ਹੈ । ਲੜਕੀ ਕੋਈ ਐਸੀ ਹਰਕਤ ਕਰਦੀ ਹੈ । ਕੋਈ ਪਹਾੜ ਨਹੀਂ ਟੁੱਟ ਪਿਆ । ਮਾਪੇ ਪਹਿਲੋਂ ਸਾਰੀ ਗੱਲ ਨੂੰ ਆਪ ਵਿਚਾਰਣ — ਜੇ ਬੱਚੇ ਦੀ ਬਿਹਤਰੀ ਲਈ ਇਸ ਹਰਕਤ ਨੂੰ ਚੰਗਾ ਨਹੀਂ ਸਮਝਦੇ ਤਾਂ ਬੱਚਿਆਂ ਨੂੰ ਵੀ ਆਪਣੇ ਖ਼ਿਆਲ ਦੱਸ ਦੇਣ । ਪਰ ਕਦੇ ਉਹਨਾਂ ਨੂੰ ਗੁਨਾਹਗਾਰ ਮਹਿਸੂਸ ਕਰਾਣ ਦੀ ਸਖ਼ਤ ਗਲਤੀ ਨਾ ਕਰਨ । ਆਖ਼ਰ ਕਿਸੇ ਗੱਲ ਨਾਲ ਵੀ ਨਹੀਂ ਆ ਜਾਂਦੀ । ਸਿਆਣੇ ਮਾਪੇ ਤੇ ਉਸਤਾਦ ਹਰ ਉਲਝਣ ਸੁਲਝਾ ਸਕਦੇ ਹਨ । ਚੰਗੇ ਮਾਪਿਆਂ ਦੇ ਬੱਚੇ ਕਦਾਚਿਤ ਮਾੜੇ ਨਹੀਂ ਹੋ ਸਕਦੇ — ਜੇ ਉਹ ਆਪ ਆਪਣੀ ਧਿੰਗੋਜ਼ੋਰੀ, ਬੇ-ਇਨਸਾਫੀ ਤੇ ਸਾਹ ਸੁਕਾਣ ਵਾਲੀ ਨਜ਼ਰ ਨਾਲ ਉਹਨਾਂ ਵਿਚੋਂ ਚੰਗੇ ਰਹਿਣ ਦੀਆਂ ਰੀਝਾਂ ਨੂੰ ਨਿਸਫਲ ਨਾ ਬਣਾ ਦੇਣ ।

ਹਰ ਤੰਦਰੁਸਤ ਬੱਚੇ ਦਾ ਸੁਭਾ ਹੁੰਦਾ ਹੈ ਕਿ ਉਹ ਨਵੀਂ ਗੱਲ ਵਿਚ ਦਿਲਚਸਪੀ ਲੈਂਦਾ ਹੈ । ਚਲਦੀ ਮਸ਼ੀਨ ਵਿਚ ਕਈ ਵਾਰੀ ਹੱਥ ਦੇ ਦੇਂਦਾ ਹੈ, ਵੇਖਣ ਲਈ ਕਿ ਇਹ ਕੀ ਕਰਦੀ ਹੈ, ਕਿਸ ਤਰ੍ਹਾਂ ਚਲਦੀ । ਇਸੇ ਤਰ੍ਹਾਂ ਕਈ ਬੱਚੇ ਵੇਖੋ ਵੇਖੀ ਆਪਣੀ ਲਿੰਗ ਇੰਦਰੀ ਨਾਲ ਖੇਡਣ ਜਾਂ ਕੋਈ ਐਸਾ ਮਨ ਆਇਆ ਤਜਰਬਾ ਕਰਨ ਲੱਗ ਜਾਂਦੇ ਹਨ । ਉਹਨਾਂ ਦੀ ਮਾਸੂਮੀਅਤ ਵਿਚ ਅਜੇ ਫਰਕ ਨਹੀਂ ਆਇਆ ਹੁੰਦਾ — ਪਰ ਜੇ ਉਸਤਾਦ ਜਾਂ ਮਾਤਾ ਪਿਤਾ ਗਲਤ ਤਰੀਕਾ ਵਰਤਣ ਤਾਂ ਉਹ ਖ਼ੁਫ਼ੀਆ ਅਭਿਆਸ ਵਿਚ ਪੈ ਜਾਂਦੇ ਹਨ ।

ਬੱਚਿਆਂ ਨੂੰ ਜੇ ਤੁਸੀਂ ਚਾਹੁੰਦੇ ਹੋ ਕਿ ਉਹ ਪਵਿੱਤਰ ਮਰਦ ਇਸਤਰੀਆਂ ਬਣਨ ਤਾਂ ਉਹਨਾਂ ਨੂੰ ਸੰਤੁਸ਼ਟ ਵਿਆਹ ਲਈ ਤਿਆਰ ਕਰੋ ।

ਸੰਤੁਸ਼ਟ ਵਿਆਹ ਦੀ ਤਿਆਰੀ ਲਈ ਮਾਪਿਆਂ, ਉਸਤਾਦਾਂ ਤੇ ਬੱਚਿਆਂ ਵਿਚ ਸਮਝੌਤੇ ਦੀ ਲੋੜ ਹੈ । ਕੋਈ ਰੋਅਬ ਜਾਂ ਸੰਕੋਚ ਨਾ ਹੋਵੇ । ਹਜ਼ਾਰਾਂ ਬੱਚਿਆਂ ਨੂੰ ਜ਼ਿੰਦਗੀ ਦਾ ਕੋਈ ਗਿਆਨ ਨਹੀਂ ਹੁੰਦਾ । ਇਹਨਾਂ ਦੇ ਵਿਆਹ ਅਸੰਤੁਸ਼ਟ ਸਾਬਤ ਹੁੰਦੇ ਹਨ । ਤੇ ਇਹ ਦੁਨੀਆਂ ਵਿਚ ਅਪਵਿੱਤਰਤਾ ਦੇ ਵਸੀਲੇ ਬਣ ਜਾਂਦੇ ਹਨ । ਜ਼ਿੰਦਗੀ ਦੀ ਖ਼ੁਸ਼ੀ ਲਈ ਵਫ਼ਾ ਬੜੀ ਲਾਜ਼ਮੀ ਸ਼ਰਤ ਹੈ, ਜਦ ਤਕ ਇਸਤਰੀ ਮਰਦ ਇਹੋ ਜਿਹੇ ਸਿਆਣੇ ਨਹੀਂ ਹੋ ਜਾਂਦੇ ਕਿ ਉਹ ਆਪਣਾ ਯੋਗ ਸਾਥੀ ਲੱਭ ਸਕਣ, ਦੁਨੀਆਂ ਵਿਚੋਂ ਬਦਚਲਣੀ ਨਹੀਂ ਹਟ ਸਕਦੀ । ਰੱਬ ਦੇ ਡਰ, ਜਾਂ ਨਰਕ ਦੇ ਸਹਿਮ, ਜਾਂ ਭਾਈਚਾਰਕ ਨਮੋਸ਼ੀ ਦੇ ਡੰਡੇ ਨਾਲ ਮਨੁੱਖ ਨੂੰ ਪਵਿੱਤਰ ਨਹੀਂ ਰੱਖਿਆ ਜਾ ਸਕਦਾ । ਪਠਾਣੀ ਇਲਾਕੇ ਵਿਚ ਜੇ ਕਿਸੇ ਇਸਤਰੀ ਦਾ ਸੰਬੰਧ ਕਿਸੇ ਗ਼ੈਰ ਮਰਦ ਨਾਲ ਸਾਬਤ ਹੋ ਜਾਏ ਜਾਂ ਉਸ ਦੀ ਗੱਲ ਹੀ ਉਡ ਜਾਏ, ਤਾਂ

ਬਾਕੀ ਪੰਨਾ 15 ਤੇ

# ਕੈਦਾਂ ਕੱਟਣ ਵਾਲਿਆਂ ਨੂੰ ਹੀ ਚੇਅਰਮੈਨੀਆਂ ਮਿਲਣਗੀਆਂ

ਗੁਰਦਾਸਪੁਰ — ਅਕਾਲੀ ਦਲ ਦੇ ਧਰਮਯੁੱਧ ਮੋਰਚੇ ਵਿਚ ਘੱਟੋ ਘੱਟ ਤਿੰਨ ਮਹੀਨੇ ਕੈਦ ਕੱਟਣ ਵਾਲੇ ਵਰਕਰਾਂ ਨੂੰ ਕਾਰਪੋਰੇਸ਼ਨਾਂ, ਇਪਰੂਵਮੇਂਟ ਟਰਸਟਾਂ ਅਤੇ ਮੰਡੀ ਕਮੇਟੀਆਂ ਦੇ ਚੇਅਰਮੈਨ ਨਿਯੁਕਤ ਕੀਤਾ ਜਾਵੇਗਾ। ਸਿਹਤ ਤੇ ਸੈਰਸਪਾਟਾ ਰਾਜ ਮੰਤਰੀ ਸੁੱਚਾ ਸਿੰਘ ਛੋਟੇਪੁਰ ਨੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਹੜੇ ਬੰਦਿਆਂ ਨੇ 15 ਤੋਂ 75 ਦਿਨ ਤਕ ਦੀ ਸਜ਼ਾ ਭੁਗਤੀ ਹੋਵੇਗੀ ਉਨ੍ਹਾਂ ਨੂੰ ਇਨ੍ਹਾਂ ਸੰਸਥਾਵਾਂ ਦਾ ਮੈਂਬਰ ਲਗਾਇਆ ਜਾਵੇਗਾ। ਇਹ ਸਾਰੀਆਂ ਨਿਯੁਕਤੀਆਂ ਵਿਧਾਨ ਸਭਾ ਦੇ ਵਰਤਮਾਨ ਸਮਾਗਮ ਪਿਛੋਂ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਚੋਣਾਂ ਵਿਚ ਜਿਹੜੇ ਉਮੀਦਵਾਰ ਹਾਰ ਗਏ ਸਨ ਉਨ੍ਹਾਂ ਨੂੰ ਵਿਧਾਇਕਾਂ ਦੇ ਬਰਾਬਰ ਸਤਿਕਾਰ ਦਿਤਾ ਜਾਵੇਗਾ। ਇਹ ਸਾਰੇ ਫੈਸਲੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੀਟਿੰਗ ਵਿਚ ਲਏ ਗਏ ਹਨ।

ਸ. ਛੋਟੇਪੁਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਵਾਦ ਅਤੇ ਵਖਵਾਦ ਵਿਰੁਧ ਇਕਮੁੱਠ ਹੋ ਕੇ ਲੜਨ ਅਤੇ ਹਿੰਦੂ-ਸਿਖ ਏਕਤਾ ਬਣਾਈ ਰਖਣ। ਉਨ੍ਹਾਂ ਕਿਹਾ ਕਿ ਬਰਨਾਲਾ ਤੇ ਪੁਲੀਸ ਇਕੱਲਿਆਂ ਗੋਲੀ ਕਾਂਡਾਂ ਨੂੰ ਖਤਮ ਨਹੀਂ ਕਰ ਸਕਦੇ। ਅਤਿਵਾਦੀ ਸਰਗਰਮੀਆਂ ਵਿਚ ਲੱਗੇ ਲੋਕਾਂ ਨਾ ਦਲ ਦੇ ਮਿਤਰ ਹਨ ਨਾ ਪੰਥ ਦੇ ਹਿਤੈਸ਼ੀ ਹਨ। ਅਗਰ ਉਹ ਸਚਮੁਚ ਕੁਝ ਲੈਣਾ ਚਾਹੁੰਦੇ ਹਨ ਤਾਂ ਕੇਂਦਰ ਸਰਕਾਰ ਵਿਰੁੱਧ ਲੜਨ। ਉਨ੍ਹਾਂ ਖਾਲਿਸਤਾਨ ਦੇ ਨਾਅਰੇ ਲਾਉਣ ਵਾਲਿਆਂ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਇਹ ਨਾਅਰਾ ਸਿੱਖ ਭਾਈਚਾਰੇ ਦੇ ਹਿਤਾਂ ਦੇ ਵਿਰੁੱਧ ਹੈ।

ਪੰਨਾ 14 ਦੀ ਬਾਕੀ

ਲੋਕ ਇਸਤਰੀ ਮਰਦ ਦੋਹਾਂ ਨੂੰ ਕਤਲ ਕਰ ਦੇਂਦੇ ਹਨ। ਮਾਪੇ ਵੀ ਇਸ ਕਤਲ ਵਿਚ ਸ਼ਾਮਲ ਹੋ ਜਾਂਦੇ ਹਨ। ਏਡੀ ਵੱਡੀ ਸਜ਼ਾ ਦੇ ਹੁੰਦਿਆਂ ਅਪਵਿੱਤਰਤਾ ਘਟ ਨਹੀਂ ਸਕੀ। ਇਹ ਘਟਨਾਵਾਂ ਉਥੇ ਵੀ ਆਮ ਹੁੰਦੀਆਂ ਰਹਿੰਦੀਆਂ ਹਨ।

ਪਵਿੱਤਰਤਾ ਹੀ ਜ਼ਿੰਦਗੀ ਨੂੰ ਪੁਰ-ਅਮਨ ਤੇ ਪ੍ਰਸੰਨ ਰਖਣ ਦੀ ਯਕੀਨੀ ਜ਼ਾਮਨੀ ਹੈ। ਪਰ ਇਹ ਉਪਦੇਸ਼ਾਂ ਨਾਲ ਕਾਇਮ ਨਹੀਂ ਰਖੀ ਜਾ ਸਕਦੀ। ਇਸ ਦਾ ਵਿਗਿਆਨਕ ਹੱਲ ਹੈ। ਪਵਿੱਤਰਤਾ ਏਨੀ ਆਤਮਿਕ ਖਾਸੀਅਤ ਨਹੀਂ, ਜਿੰਨੀ ਜਿਸਮਾਨੀ ਸੰਤੁਸ਼ਟਤਾ ਹੈ।

ਬੱਚਿਆਂ ਨੂੰ ਵੇਲੇ ਸਿਰ ਲਿੰਗ ਦਾ ਜ਼ਿੰਦਗੀ ਨਾਲ ਸੰਬੰਧ ਸਮਝਾਇਆ ਜਾਵੇ, ਤੇ ਗੁਨਾਹ ਦਾ ਅਹਿਸਾਸ ਉਕਾ ਹੀ ਦੂਰ ਕਰਕੇ ਯੋਗਤਾ, ਪ੍ਰਸੰਨਤਾ ਤੇ ਸਾਰਥਕਤਾ ਦੇ ਅਹਿਸਾਸ ਪੈਦਾ ਕੀਤੇ ਜਾਣ। ਇਹ ਬੱਚਿਆਂ ਦੇ ਦਿਮਾਗ ਉਤੇ ਉਕਰ ਦਿਤਾ ਜਾਏ ਕਿ ਉਹਨਾਂ ਦਾ ਹਰੇਕ ਅਮਲ ਉਹਨਾਂ ਦੀ ਖੁਸ਼ੀ ਵਧਾਏਗਾ ਜਾਂ ਘਟਾਏਗਾ, ਤੇ ਹਰ ਅਮਲ ਦਾ ਨਤੀਜਾ ਉਹਨਾਂ ਨੂੰ ਆਪ ਭੁਗਤਣਾ ਪਵੇਗਾ। ਉਹਨਾਂ ਨੂੰ ਪੂਰਨ ਹੱਕ ਦਿਤੇ ਜਾਣਗੇ ਕਿ ਉਹ ਆਪਣੀ ਫਿਤਰਤ ਦੇ ਅਨੁਸਾਰ ਆਪਣੀ ਜੀਵਨ-ਉਸਾਰੀ ਕਰ ਸਕਣ।

ਕੁਝ ਦਿਲਚਸਪੀਆਂ ਤੇ ਕੁਝ ਉਤਸੁਕਤਾਵਾਂ ਖਾਸ ਉਮਰ ਨਾਲ ਸੰਬੰਧਤ ਹਨ। ਤੇਰ੍ਹਾਂ ਤੇ ਉਨ੍ਹੀਆਂ ਵਰ੍ਹਿਆਂ ਦੇ ਦਰਮਿਆਨ ਦੀ ਉਮਰ ਵਿਚ ਹਰ ਕਿਸੇ ਦੀ ਜੀਵਨ-ਨਦੀ ਵਿਚ ਕਈ ਹੜ੍ਹ ਆਉਂਦੇ ਹਨ। ਸਿਰਫ ਕੰਢੇ ਪੱਕੇ ਰੱਖਣ ਦੀ ਲੋੜ ਹੈ, ਹੜ੍ਹ ਰੋਕਣੇ ਠੀਕ ਨਹੀਂ। ਬਚਪਨ ਦੀ ਕੋਈ ਗਲਤੀ ਨਾ-ਕਾਬਲੇ ਮੁਆਫੀ ਨਹੀਂ ਹੁੰਦੀ। ਭੈੜੇ ਤੋਂ ਭੈੜੇ ਬੱਚੇ ਨੂੰ ਗਿਆ ਗੁਜ਼ਰਿਆ ਨਾ ਸਮਝੋ। ਵੀਹਾਂ ਵਰ੍ਹਿਆਂ ਤਕ ਇਸ ਜੀਵਨ-ਬ੍ਰਿਛ ਦੇ ਤਣੇ ਨੂੰ ਚੋਖਾ ਮੋੜ ਤੋੜ ਕੇ ਸਿਧਾ ਕੀਤਾ ਜਾ ਸਕਦਾ ਹੈ।

ਹਮਦਰਦੀ, ਖਿਮਾ, ਇਨਸਾਫ, ਸ਼ਖਸੀਅਤ ਦਾ ਆਦਰ ਉਹਨਾਂ ਮਾਪਿਆਂ ਲਈ ਜ਼ਰੂਰੀ ਸਿਫਤਾਂ ਹਨ ਜਿਹੜੇ ਆਪਣੇ ਬੱਚਿਆਂ ਦੀ ਹੋਣੀ ਕਦਰ-ਯੋਗ ਬਣਾਨਾ ਚਾਹੁੰਦੇ ਹਨ। ਉਪਰਲੀਆਂ ਸਾਰੀਆਂ ਸਿਫਤਾਂ ਵਿਚ ਖਾਸ ਤੌਰ ਉਤੇ ਜ਼ਰੂਰੀ ਸ਼ਖਸੀਅਤ ਦਾ ਆਦਰ ਹੈ। ਪਰ ਇਹ ਸਿਫਤ ਉਹ ਹੈ ਜਿਸ ਦਾ ਉਲੰਘਣ ਸਰਬ-ਵਿਆਪੀ ਹੈ। 90 ਫੀਸਦੀ ਮਾਪਿਆਂ ਵਿਚ ਆਦਰ ਦੀ ਘਾਟ ਦੇਖੀ ਜਾਂਦੀ ਹੈ। ਇਹ ਘਾਟ ਪਿਆਰ ਦੀ ਘਾਟ ਨਾਲੋਂ ਵੀ ਬਹੁਤੀ ਨੁਕਸਾਨ ਦੇਣ ਵਾਲੀ ਹੈ। ਪਿਆਰ ਦੀ ਘਾਟ ਏਡਾ ਵੱਡਾ ਘਾਟਾ ਨਹੀਂ ਜੇਡਾ ਆਦਰ ਦਾ ਘਾਟਾ ਹੁੰਦਾ ਹੈ।

ਬੱਚਿਆਂ ਦੇ ਸਨੇਹੀਆਂ ਨੂੰ ਮੈਂ ਇਸ ਘਾਟ ਦੇ ਭਿਆਨਕ ਨਤੀਜਿਆਂ ਤੋਂ ਜਾਣੂ ਕਰਾਣਾ ਚਾਹੁੰਦਾ ਹਾਂ। ਆਦਰ ਦੀ ਘਾਟ ਬੱਚਿਆਂ ਦੇ ਭਵਿਖ ਦੀ ਕਾਤਲ ਹੈ।

ਕੋਈ ਸਮਾਜ, ਕੋਈ ਕੌਮ, ਕੋਈ ਮੁਲਕ ਉਡੇ ਹੀ ਸਨਮਾਨ-ਯੋਗ ਹੋਣਗੇ, ਜੇਡੇ ਸਨਮਾਨ ਨਾਲ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਕਰਦੇ ਹਨ। ਬੱਚਿਆਂ ਦੀ ਪਰਵਰਿਸ਼ ਤੋਂ ਮੁਲਕ ਦੇ ਭਵਿਖ ਦਾ ਬਹੁਤ ਹੱਦ ਤੱਕ ਅਨੁਮਾਨ ਲਗ ਸਕਦਾ ਹੈ।

# ਸਿਖ-ਮਤ ਤੇ ਮਨ-ਮਤ

**ਰਾਮ ਸਿੰਘ ਢਿੱਲੋਂ (ਗੁਰਾਇਆ) ਸਰੀ**



ਸਿਖ ਮਜ਼੍ਹਬ ਦੀ ਬੁਨਿਆਦ ਹੀ ਆਪਣੇ ਗੁਰੂ ਤੇ ਈਮਾਨ-ਲਿਆਉਣਾ ਹੈ। ਜਿਹੜਾ ਸਿਖ ਆਪਣੇ ਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਗੁਰੂ ਦੀ ਸਿਖਸ਼ਾ ਤੇ ਅਮਲ ਕਰਦਾ ਹੈ, ਓਹ ਗੁਰ-ਸਿਖ ਹੈ (ਭਾਵੇਂ ਓਹ ਕਿਸੇ ਸਰੂਪ ਵਿਚ ਹੈ) ਤੇ ਏਹੋ ਗੁਰੂ ਦਾ ਰਾਹ ਭਾਵ ਗੁਰ-ਮਤ ਹੈ। ਜਿਹੜਾ ਵਿਅਕਤੀ ਗੁਰੂ ਦੇ ਭ੍ਰਾਤਰੀ-ਭਾਵ-ਪਿਆਰੇ ਫੁਰਮਾਨਾਂ ਦੇ ਉਲਟ, ਹਿੰਸਾ ਵਿਚ ਵਿਸ਼ਵਾਸ਼ ਰਖਦਾ ਹੋਇਆ ਹਿੰਸਾ ਦਾ ਹੀ ਪਰਚਾਰ ਕਰਦਾ ਹੈ, ਓਹ ਗੁਰ-ਸਿਖ ਸਦਵਾਉਣ ਦਾ ਹਕਦਾਰ ਨਹੀਂ; ਓਹ ਮਨ-ਮਤੀ ਹੈ ਤੇ ਓਹ ਭਰੋਸਾ ਕਰਨ ਯੋਗ ਨਹੀਂ।

ਸਾਡਾ ਸਦੀਵੀ ਗੁਰੂ "ਸ੍ਰੀ ਗੁਰੂ ਗ੍ਰੰਥ ਸਾਹਿਬ ਹੈ" ਤੇ ਅਸੀਂ ਦੁਨਿਆਵੀ, ਰਾਜਨੀਤੀ ਤੇ ਆਤਮਿਕ ਹਰ ਪ੍ਰਕਾਰ ਦੀ ਸੇਧ ਏਸ ਪਵਿਤਰ ਪੁਸਤਕ ਦੇ 1430 ਪੰਨਿਆਂ ਵਿਚੋਂ ਫੋਲਕੇ ਲੈਣੀ ਹੈ ਤੇ ਏਹੋ ਸਾਡੀ ਸਿਖੀ ਹੈ। ਸਾਧਾਰਨ ਵਿਅਕਤੀ ਹੋਵੇ ਤੇ ਭਾਵੇਂ ਮੰਨਿਆਂ ਪ੍ਰਮੰਨਿਆ ਲੀਡਰ, ਜੇ ਓਹ ਉਪਰੋਕਤ ਸਿਖਸ਼ਾ ਤੋਂ ਉਲਟ ਤੁਹਾਨੂੰ ਕੁਝ ਪਰਚਾਰਦਾ ਹੈ ਤੇ ਮਜ਼੍ਹਬ ਦੇ ਨਾਂ ਤੇ ਤੁਹਾਨੂੰ ਕਿਸੇ ਪ੍ਰਕਾਰ ਦੀ ਹਿੰਸਾ ਲਈ ਉਭਾਰਦਾ ਹੈ ਤਾਂ ਜ਼ਰੂਰ ਓਹਦੇ ਵਿਚ ਉਹਦੀ ਕੋਈ ਖੁਦਗਰਜ਼ੀ ਲੁਕੀ ਹੈ, ਓਹ ਤੁਹਾਨੂੰ ਵਰਤਣਾ ਮੰਗਦਾ ਹੈ ਤੇ ਆਪਣਾ ਉਲੂ-ਸਿੱਧਾ ਕਰਨਾ, ਸੋ ਸਾਵਧਾਨ ਹੋ ਜਾਉ।

ਲੜਾਈ ਕਿਸੇ ਸਮੱਸਿਆ ਦਾ ਹੱਲ ਨਹੀਂ, ਲੜਾਈ ਤੇ ਇਕ ਹੋਰ ਲੜਾਈ ਦੀ ਬੁਨਿਆਦ ਹੁੰਦੀ ਹੈ (ਹੁੰਦੀ ਆਈ ਹੈ), ਆਪਣੀ ਸਰਦਾਰੀ ਕਾਇਮ ਰਖਣ ਜਾਂ ਕਾਇਮ ਕਰਨ ਤੇ ਦੂਜੇ ਤੇ ਵਿਜੇ ਪ੍ਰਾਪਤ ਕਰਨ ਦੇ ਨਿਸ਼ਾਨੇ ਨੇ ਹੀ ਤਲਵਾਰਾਂ, ਨੇਜ਼ਿਆਂ ਤੇ ਤੀਰ-ਕਮਾਨਾਂ ਦੀ ਬਜਾਏ, ਅਜੋਕੇ, ਹਨ੍ਹੇਰਾ ਹੀ ਹਨ੍ਹੇਰਾ ਤੇ ਸੁਆਹ ਹੀ ਸੁਆਹ ਕਰ ਦੇਣ ਵਾਲੇ ਐਟਮੀ ਤੇ ਲੇਸ੍ਰੀ ਹਥਿਆਰਾਂ ਤਕ ਬੰਦੇ ਨੂੰ ਲੈ ਆਂਦਾ ਹੈ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਦੇ ਆਧਾਰ, ਤੇ ਅਜੋਕੇ ਅਮਨ-ਪਸੰਦ ਜਗਤ-ਪ੍ਰਸਿੱਧ ਲੀਡਰਾਂ ਬੀਤੇ ਦੀ ਹਿਸਟਰੀ ਤੇ ਮੌਜੂਦਾ ਹਥਿਆਰਾਂ ਦੀ ਤਬਾਹੀ ਯੋਗਤਾ ਦੇ ਆਧਾਰ ਤੇ ਹੀ, "ਅਗੋਂ ਜੰਗੋ ਜਦਲ ਬਿਲਕੁਲ ਬੰਦ" ਦੇ ਨੁਕਤੇ ਤੇ ਆ ਉਪੜੇ ਹਨ। ਸਾਡਾ ਸਦੀਵੀ ਗੁਰੂ ਸੌ ਫੀਸਦੀ ਮਨੁਖਤਾ-ਪਿਆਰ ਦੀ ਹਾਮੀ ਭਰਦਾ ਹੈ।

ਤਨੋਂ ਵੀ ਮਨੋਂ ਵੀ ਤੇ ਧੰਨੋ ਵੀ ਗੁਰੂ ਦੇ ਬਣ ਜਾਉ ਤੇ ਗੁਰੂ ਦੇ ਫੁਰਮਾਨਾਂ ਦੇ ਉਲਟ, ਕੂੜੀ ਤੇ ਤਬਾਹਕੁਨ ਸਿਕਸ਼ਾ ਸਮਝੋ, ਭਾਵੇਂ ਓਹ ਕਿਸੇ ਵਲੋਂ ਹੋਵੇ।

ਮੈਂ ਨੀਉਜ਼ੀਲੈਂਡ ਗਿਆ। ਓਥੇ ਇਕ ਕਿਰਾਏ ਦੇ ਹਾਲ ਵਿਚ, ਗੁਰੂ ਗ੍ਰੰਥ ਸਾਹਿਬ ਦਾ ਸੰਗਰਾਂਦ ਮਨਾਉਣ ਕਰਕੇ ਪ੍ਰਕਾਸ਼ ਸੀ, ਬੇਸ਼ਕ ਹਾਜ਼ਰੀ ਬਹੁਤੀ ਨਹੀਂ ਸੀ (ਓਥੇ ਆਪਣੀ ਵਸੋਂ ਹੀ ਬਹੁਤ ਵਿਰਲੀ-ਟਾਵੀਂ ਹੈ) ਪਰ ਆਪਣੇ ਏਸ ਪਵਿਤਰ ਇਸ਼ਟੀ ਪ੍ਰਤੀ, ਲੋਕਾਂ ਦੀ ਸ਼ਰਧਾ ਬੜੀ ਜਾਪਦੀ ਸੀ। ਮੇਰੇ ਵਾਂਗ ਕੋਈ ਬਾਹਰੋਂ ਆਇਆ ਸਿੰਘ, ਖਲੋ ਕੇ ਪਰਚਾਰ ਕਰਨ ਲੱਗ ਪਿਆ। ਸੰਗਤ ਨੂੰ ਓਹਦਾ ਪਰਚਾਰ ਜਿਵੇਂ ਫਿਟ ਆਉਂਦਾ ਨਾ ਜਾਪੇ। ਇਕ ਵਿਚੋਂ ਉਠਕੇ, ਉਸਤੋਂ ਪੁੱਛਣ ਲੱਗਾ, "ਜੋ ਕੁਝ ਤੂੰ ਕਹਿੰਦਾ ਹੈਂ, ਕੀ ਇਹ ਇਹਦੇ ਵਿਚ (ਗੁਰੂ ਗ੍ਰੰਥ ਸਾਹਿਬ ਵਲ ਇਸ਼ਾਰਾ ਸੀ) ਲਿਖਿਆ ਹੈ"? ਓਹ ਸਿੰਘ ਚੁੱਪ ਜਿਹਾ ਕਰ ਗਿਆ ਤੇ ਫੇਰ ਓਹਨੇ ਮੇਰੇ ਵਲ ਇਸ਼ਾਰਾ ਕਰ, ਮੈਥੋਂ ਪੁੱਛਣਾ ਚਾਹਿਆ। ਮੈਂ ਖਲੋ ਕੇ ਓਸ ਸਿੰਘ ਤੋਂ ਦੋਬਾਰਾ ਓਹੋ ਪੁੱਛਿਆ "ਸਰਦਾਰ ਜੀ! ਇਨ੍ਹਾਂ ਦੇ ਸਵਾਲ ਦਾ ਉਤਰ ਦਿਉ?" ਤਾਂ ਓਹਨੇ ਆਪਣੇ ਝੋਲੇ ਵਿਚੋਂ ਇਕ ਨਿਕਾ ਜੇਹਾ ਕਿਤਾਬਚਾ ਕੱਢ ਕਹਿੰਦਾ "ਜੋ ਮੈਂ ਆਖਦਾ ਹਾਂ, ਐਹਦੇ ਵਿਚ ਲਿਖਿਆ ਹੈ ਤੇ ਇਹ ਅੰਮ੍ਰਿਤਸਰ ਦੀ ਫਲਾਣੀ ਸ਼ਰੋਮਣੀ ਸੰਸਥਾ ਵਲੋਂ ਲਿਖੀ ਹੈ" ਤਾਂ ਓਥੋਂ ਦੇ ਪ੍ਰਬੰਧਕਾਂ ਓਸ ਭਾਈ ਨੂੰ ਬੈਠ ਜਾਣ ਲਈ ਆਖ ਦਿਤਾ ਤੇ ਓਸ ਵਿਚਾਰੇ ਦਾ ਪਰੋਗਰਾਮ ਧਰੇ ਦਾ ਧਰਿਆ ਹੀ ਰਹਿ ਗਿਆ। ਓਹ ਜੋ ਕੁਝ ਆਖਦਾ ਸੀ, ਸਿਖ-ਮਤ ਦੇ ਉਲਟ ਨਿਰਾ ਮਨ-ਮਤ ਸੀ।

ਅਜੋਕੇ ਅਖਬਾਰੀ, ਟੈਲੀਫੋਨ, ਟੈਲਕਸ ਤੇ ਟੀ. ਵੀ. ਆਦਿ ਸਾਧਨਾਂ ਕਾਰਨ ਦੁਨੀਆਂ ਬੜੀ ਛੋਟੀ ਹੋ ਚੁੱਕੀ ਹੈ, ਆਲੇ ਦੁਆਲੇ ਅਖਾਂ ਖੋਲ੍ਹ ਝਾਕੋ :—

1. ਕੀ ਪਾਕਿਸਤਾਨੀ ਜਨਤਾ ਦੇਸ਼ ਵੰਡ ਉਪਰੰਤ ਕੁੱਲੀ, ਗੁੱਲੀ, ਜੁੱਲੀ ਪਖੋਂ ਸੰਤੁਸ਼ਟ ਹੋ ਚੁਕੀ ਹੈ?

2. ਕੀ ਅਰਬੀ - ਫਲਸਤੀਨੀ ਜਨਤਾ ਜਿਹੜੀ ਕੁਰਬਾਨੀਆਂ ਲਈ ਇਕ ਮਿਸਾਲ ਹਨ, ਹਿੰਸਕ-ਕਾਰਵਾਈਆਂ ਕਾਰਨ ਘਰ-ਘਾਟ ਗਵਾ, ਦਰ ਦਰ ਦੀਆਂ ਠੋਕਰਾਂ ਨਹੀਂ ਖਾ ਰਹੇ? ਹਾਲਾਂਕਿ ਉਨ੍ਹਾਂ ਨੂੰ 8 ਤੇਲ ਕਮਾਈ ਵਾਲੇ ਅਰਬ ਦੇਸ਼ਾਂ ਦੀ ਹਿਮਾਇਤ ਹਾਸਲ ਹੈ।

3. ਕੀ ਆਇਰਲੈਂਡ ਦੇ ਗੁਰੀਲੇ, ਜਿਨ੍ਹਾਂ ਨੂੰ ਅੰਦਰ-ਖਾਤੇ ਧਨੀ-ਦੇਸ਼ ਕਈ ਪ੍ਰਕਾਰ ਦੀ ਹਥਿਆਰਾਂ ਤੇ ਮਾਇਕ ਸਹਾਇਤਾ ਦੇ ਰਹੇ ਹਨ, ਹਿੰਸਕ ਰਾਹ ਅਪਣਾ ਕਿਸੇ ਨਤੀਜੇ ਤੇ ਉਪੜ ਸਕੇ ਹਨ? ਤਬਾਹੀ ਤੇ ਬਰਬਾਦੀ ਬਦਸਤੂਰ ਜਾਰੀ ਹੈ।

4 ਜਾਪਾਨ ਦੇਸ਼ ਜਿਹਨੇ ਪਿਛਲੀ ਲੜਾਈ ਵਿਚ ਵੱਡੀਆਂ ਵੱਡੀਆਂ ਤਾਕਤਾਂ ਦਾ ਨਕ 'ਚ ਦਮ ਲਿਆਂਦਾ ਹੋਇਆ ਸੀ ਤੇ ਜਿਹੜੇ ਲੜਾਈ ਪਖੋਂ ਜਗਤ-ਪ੍ਰਸਿਧ ਸੂਰਮੇਂ ਤੇ ਦੇਸ਼ ਉਪਰ ਆਪਾ ਵਾਰਨ ਦੀ ਅਦੁਤੀ-ਮਿਸਾਲ ਹਨ, ਉਨ੍ਹਾਂ ਵੀ ਲੜਾਈ ਵਿਚੋਂ ਨਾਗਾਸਾਕੀ ਤੇ ਹੀਰੋਸ਼ੀਮਾਂ ਦੀ ਨਾ ਭੁਲ ਸਕਣ ਵਾਲੀ ਤਬਾਹੀ ਹੀ ਖੱਟਿਆ। ਹਿੰਸਕ ਰਾਹ ਤਿਆਗ ਸਾਇੰਸੀ ਟੈਕਨੀਕੀ ਕੰਪਿਊਟਰੀ ਰਾਹ ਅਪਣਾ ਚੁਕੇ ਹਨ ਤੇ ਓਹ ਦਿਨ ਦੂਰ ਨਹੀਂ ਜਦੋਂ ਓਹ ਸੰਸਾਰ ਦੀ ਆਪਣੇ ਹੁਨਰ ਕਾਰਨ, ਇਕ ਵਿਸ਼ਾਲ ਤੇ ਵਿਸ਼ੇਸ਼ ਸ਼ਕਤੀ ਬਣ ਕੇ ਉਭਰਨਗੇ

ਨੀਲਾ-ਤਾਰਾ ਓਪਰੇਸ਼ਨ ਸਮੇਂ ਜਿਹੜੇ ਗਭਰੂ, ਕੰਪਲੈਕਸ ਅੰਦਰੋਂ ਨੀਲੇ-ਪੀਲੇ ਚੋਲੇ ਉਤਾਰ ਪੈਂਟਾਂ ਤੇ ਬੁਸ਼ਰਟਾਂ ਪਹਿਨ, ਜਾਨ ਬਚਾ ਭੱਜ ਨਿਕਲੇ ਸਨ, ਅਜ ਉਹ ਮੁੜ ਲੀਡਰ ਬਣ ਤੁਹਾਨੂੰ ਦੂਜੇ ਨੀਲੇ ਤਾਰੇ ਦੀ ਬਲੀ ਚਾੜਨ ਲਈ, ਢਾਡੀਆਂ ਤੇ ਪਰਚਾਰਕਾਂ ਦੁਬਾਰਾ, ਜੰਗ ਦੀਆਂ ਵਾਰਾਂ ਗਾ ਤਿਆਰ ਕਰ ਰਹੇ ਤੁਹਾਨੂੰ ਕਿਉਂ ਨਹੀਂ ਦਿਸਦੇ?

ਸਿਖਾਂ ਦੀ ਗਲਤ ਲੀਡਰਸ਼ਿਪ ਨੇ ਬਹਾਦਰ ਤੇ ਸੂਰਮੇਂ ਕੌਮ ਦਾ ਨਾ ਭੁਲ ਸਕਣ ਵਾਲਾ ਨੁਕਸਾਨ ਕੀਤਾ ਹੈ, ਸੁਚੇਤ ਹੋ ਆਪਣੇ ਅਸਲ ਲੀਡਰਾਂ ਦੀ ਪਛਾਣ ਕਰੋ ਤੇ ਹੋਣ ਵਾਲੀ ਤਬਾਹੀ ਤੋਂ ਸਾਵਧਾਨ ਹੋਵੋ। ਗੁਰੂ ਦੇ ਦੱਸੇ ਰਾਹ ਤੋਂ ਇਕ ਇੰਚ ਵੀ ਐਧਰ ਔਧਰ ਹੋਣਾ ਪਾਪ ਹੈ ਗੁਨਾਹ ਹੈ।

## ਸ਼ਕਤੀਸ਼ਾਲੀ ਬੰਬ ਬਰਾਮਦ

ਇੰਫਾਲ, (ਪੀ. ਟੀ. ਆਈ.) -ਇਥੋਂ 45 ਕਿਲੋਮੀਟਰ ਦੂਰ ਵਾਂਗੂ ਖੇਤਰ ਵਿਚ ਇਕ ਸਮਾਗਮ ਵਾਲੀ ਥਾਂ ਤੋਂ ਕੇਲ ਦੇ ਦਰਖਤ 'ਚ ਛੁਪਾ ਕੇ ਰੱਖਿਆ ਇਕ ਸ਼ਕਤੀਸ਼ਾਲੀ ਬੰਬ ਬਰਾਮਦ ਹੋਇਆ। ਇਸ ਸਮਾਗਮ 'ਚ ਮਨੀਪੁਰ ਦੇ ਸਿੰਜਾਈ ਰਾਜ ਮੰਤਰੀ ਐਮ. ਬਾਬੂ ਸਿੰਘ ਹਾਜ਼ਰ ਸਨ। ਬੰਬ ਦਾ ਭਾਰ 10 ਕਿਲੋ ਦੇ ਕਰੀਬ ਸੀ ਤੇ ਬੰਬ ਦੇ ਨਾਲ ਇਕ ਲੰਬੀ ਤਾਰ ਬੰਨ੍ਹੀ ਹੋਈ ਸੀ।

ਇਸ ਘਟਨਾ ਸਬੰਧੀ ਬਹੁਤ ਸਾਰੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ। ਇਸੇ ਦੌਰਾਨ ਮਹੱਤਵਪੂਰਨ ਵਿਅਕਤੀਆਂ ਦੇ ਸੁਰੱਖਿਆ ਪ੍ਰਬੰਧ ਹੋਰ ਕਰੜੇ ਕਰ ਦਿੱਤੇ।

## ਫਾਰੂਕ ਦੀ ਰਾਜਪਾਲ ਨਾਲ ਮੁਲਾਕਾਤ

ਸ੍ਰੀਨਗਰ — ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਡਾ. ਫਾਰੂਕ ਅਬਦੁੱਲਾ ਨੇ ਇਥੇ ਰਾਜ ਦੇ ਗਵਰਨਰ ਸ੍ਰੀ ਜਗਮੋਹਨ ਨਾਲ ਰਾਜ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਗੱਲਬਾਤ ਕੀਤੀ। ਗੱਲਬਾਤ ਪਿਛੋਂ ਡਾ. ਫਾਰੂਕ ਦਿੱਲੀ ਰਵਾਨਾ ਹੋ ਗਏ ਜਿਥੋਂ ਉਹ ਬੰਬਈ ਜਾਣਗੇ। ਡਾ. ਫਾਰੂਕ ਦੇ ਸਮਰਥਕ ਮੀਰ ਵੇਜ਼ ਮੌਲਵੀ ਫਾਰਕੂ ਨੇ ਵੀ ਰਾਜਪਾਲ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਰਾਜਪਾਲ ਨੂੰ ਸਲਾਹ ਦਿਤੀ ਕਿ ਵਿਧਾਨ ਸਭਾ ਭੰਗ ਕਰ ਕੇ ਨਵੀਆਂ ਚੋਣਾਂ ਕਰਵਾਈਆਂ ਜਾਣ।

ਖ਼ਬਰੇ ਕਿਸ ਤਰ੍ਹਾਂ ਹੋਵੇਗੀ ਠੀਕ ਸਾਡੀ।
ਹਾਲਤ ਵਿਗੜ ਕੇ ਬਣੀ ਅਜੀਬ ਮੀਆਂ।

# ਲਿੰਕ ਨਹਿਰ ਦੇ ਮਸਲੇ 'ਤੇ ਮੁਖ ਮੰਤਰੀ ਵਲੋਂ ਲਏ ਸਟੈਂਡ ਦਾ ਸਵਾਗਤ

ਅੰਮ੍ਰਿਤਸਰ — ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਅਸੈਂਬਲੀ ਵਿਚ ਲਿੰਕ ਨਹਿਰ ਦੇ ਮਸਲੇ ਉਤੇ ਲਏ ਸਟੈਂਡ ਉਤੇ ਵਧਾਈ ਦਿੱਤੀ ਹੈ। ਮੁੱਖ ਮੰਤਰੀ ਨੂੰ ਭੇਜੀ ਇਕ ਤਾਰ ਵਿਚ ਫੈਡਰੇਸ਼ਨ ਦੇ ਕਨਵੀਨਰ ਸ: ਹਰਿੰਦਰ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਤੁਹਾਡੇ ਵਲੋਂ ਅਸੈਂਬਲੀ ਵਿਚ ਇਹ ਕਹਿਣਾ ਕਿ ਪਾਣੀਆਂ ਦੀ ਵੰਡ ਦੇ ਨਬੇੜੇ ਤੋਂ ਬਿਨਾਂ ਨਹਿਰ ਦੀ ਉਸਾਰੀ ਦੀ ਗੱਲ ਕਰਨੀ ਬੇਤੁਕੀ ਹੈ, ਸ਼ਲਾਘਾਯੋਗ ਹੈ ਅਤੇ ਅਸੀਂ ਤੁਹਾਨੂੰ ਇਸ ਬਾਰੇ ਵਧਾਈ ਭੇਜਦੇ ਹਾਂ। ਕਿਰਪਾ ਕਰ ਕੇ ਇਸ ਸਟੈਂਡ ਉਤੇ ਅੜੇ ਰਹਿਣਾ।

ਚੇਤੇ ਰਹੇ ਕਿ ਫੈਡਰੇਸ਼ਨ ਨੇ ਇਸ ਤੋਂ ਪਹਿਲਾਂ ਵੀ ਮੁਖ ਮੰਤਰੀ ਨੂੰ ਵਧਾਈ ਦਿਤੀ ਸੀ ਜਦੋਂ ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਵਲੋਂ ਪੰਜਾਬ ਨੂੰ 'ਬੁੱਚੜਖਾਨਾ' ਕਹੇ ਜਾਣ ਦੀ ਮੁਖ ਮੰਤਰੀ ਨੇ ਸਖਤ ਨੋਟਿਸ ਲਿਆ ਸੀ।

ਇਸੇ ਦੌਰਾਨ ਇਨਕਲਾਬੀ ਕਮਿਊਨਿਸਟ ਪਾਰਟੀ (ਭਾਰਤ) ਦੇ ਨੇਤਾ ਸ੍ਰੀ ਮਾਲਵਿੰਦਰ ਸਿੰਘ ਮਾਲੀ ਨੇ ਮੁੱਖ ਮੰਤਰੀ ਵਲੋਂ ਲਿੰਕ ਨਹਿਰ ਬਾਰੇ ਦਿਤੇ ਬਿਆਨ ਨੂੰ "ਗੁੰਮਰਾਹਕੁਨ" ਕਿਹਾ ਹੈ। ਸ੍ਰੀ ਮਾਲੀ ਨੇ ਇਕ ਬਿਆਨ ਵਿਚ ਕਿਹਾ ਕਿ ਜੇਕਰ ਮੁਖ ਮੰਤਰੀ ਸਚਮੁਚ ਹੀ ਲਿੰਕ ਨਹਿਰ ਬਾਰੇ ਈਮਾਨਦਾਰ ਹਨ ਤਾਂ ਉਨ੍ਹਾਂ ਨੂੰ ਲਿੰਕ ਨਹਿਰ ਦੀ ਉਸਾਰੀ ਬੰਦ ਕਰ ਕੇ ਇਸ ਨੂੰ ਪੂਰਨ ਵਲ ਕਦਮ ਪੁੱਟਣੇ ਹਨ। ਉਨ੍ਹਾਂ ਕਿਹਾ ਕਿ ਮੁਖ ਮੰਤਰੀ ਦੇ ਇਸ ਬਿਆਨ ਦੀ ਉਦੇਸ਼ ਪਥਰੇੜੀ ਜੱਟਾਂ ਵਿਖੇ ਕਿਸਾਨਾਂ ਵਲੋਂ ਲਿੰਕ ਨਹਿਰ ਦੀ ਸੇਧ ਬਦਲਣ ਦੀ ਮੰਗ ਨੂੰ ਲੈ ਕੇ ਸ਼ੁਰੂ ਕੀਤੇ ਅੰਦੋਲਨ ਦੀ ਫੂਕ ਕੱਢਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸ: ਬਰਨਾਲਾ ਹੁਣ ਇਹ ਮਹਿਸੂਸ ਕਰਦੇ ਹਨ ਕਿ ਪਾਣੀਆਂ ਦੀ ਵੰਡ ਬਾਰੇ ਪੰਜਾਬ ਨਾਲ ਕੋਈ ਧੱਕਾ ਹੋਇਆ ਹੈ ਤਾਂ ਉਨ੍ਹਾਂ ਨੂੰ ਪੰਜਾਬ ਸਮਝੌਤੇ ਵਿਰੁਧ ਇਸ ਸਬੰਧ ਵਿਚ 'ਪੰਜਾਬ ਵਿਰੋਧੀ ਧਾਰਾਂ' ਨੂੰ ਖਤਮ ਕਰਨਾ ਚਾਹੀਦਾ ਹੈ।

ਪੰਨਾ 12 ਦੀ ਬਾਕੀ

ਅਸਹਿ ਪੀੜ ਨੂੰ ਪਰਗਟਾਉਣ ਦਾ ਕੋਈ ਹੋਰ ਸਾਧਨ ਨਹੀਂ ਸੀ ਰਿਹਾ। ਸਾਡਾ ਇਕੋ ਇਕ ਉਦੇਸ਼ ਇਹੋ ਸੀ ਕਿ ਬੋਲਿਆਂ ਨੂੰ ਆਪਣੀ ਆਵਾਜ਼ ਸੁਣਾਈਏ ਤੇ ਸਮੇਂ ਦੀ ਚਿਤਾਵਨੀ ਉਨ੍ਹਾਂ ਲੋਕਾਂ ਤੀਕ ਪੁਚਾਈਏ ਜੋ ਉਹਦੀ ਉਪੇਖਿਆ ਕਰ ਰਹੇ ਹਨ। ਦੂਜੇ ਲੋਕ ਵੀ ਸਾਡੇ ਵਾਂਗ ਹੀ ਸੋਚ ਰਹੇ ਹਨ ਤੇ ਜਦੋਂ ਕਿ ਭਾਰਤੀ ਕੌਮ ਜੋ ਉਪਰੋਂ ਇਕ ਸ਼ਾਂਤ ਸਮੁੰਦਰ ਵਾਂਗ ਦਿਸ ਰਹੀ ਹੈ, ਦੇ ਅੰਦਰ ਇਕ ਤੂਫ਼ਾਨ ਉਠ ਰਿਹਾ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਖ਼ਤਰੇ ਦੀ ਚਿਤਾਵਨੀ ਦਿਤੀ ਹੈ ਜੋ ਸਾਹਮਣੇ ਆਉਣ ਵਾਲੇ ਗੰਭੀਰ ਹਾਲਤਾਂ ਦੀ ਚਿੰਤਾ ਕੀਤੇ ਬਗੈਰ ਤੇਜ਼ੀ ਨਾਲ ਦੌੜਦੇ ਜਾ ਰਹੇ ਹਨ। ਅਸੀਂ ਉਸ ਕਾਲਪਨਿਕ ਅਹਿੰਸਾ ਦੇ ਖ਼ਾਤਮੇ ਦਾ ਐਲਾਨ ਕੀਤਾ ਹੈ ਜਿਹਦੀ ਅਣ-ਉਪਯੋਗਤਾ ਬਾਰੇ ਨਵੀਂ ਪੀੜ੍ਹੀ ਦੇ ਮਨ ਵਿਚ ਕਿਸੇ ਤਰ੍ਹਾਂ ਦੇ ਸ਼ਕ ਦੀ ਗੁੰਜਾਇਸ਼ ਬਾਕੀ ਨਹੀਂ ਰਹੀ। ਅਸੀਂ ਈਮਾਨਦਾਰੀ, ਨੇਕਨੀਤੀ ਤੇ ਮਨੁੱਖ ਜ਼ਾਤ ਲਈ ਆਪਣਾ ਪ੍ਰੇਮ ਪ੍ਰਗਟ ਕਰਨ ਲਈ ਉਨ੍ਹਾਂ ਭਿਆਨਕ ਖ਼ਤਰਿਆਂ ਦੇ ਵਿਰੁਧ ਚਿਤਾਵਨੀ ਦੇਣ ਲਈ ਇਹ ਰਾਹ ਚੁਣਿਆ ਹੈ, ਜਿਨ੍ਹਾਂ ਬਾਰੇ ਦੇਸ਼ ਦੇ ਕਰੋੜਾਂ ਲੋਕਾਂ ਵਾਂਗ ਸਾਨੂੰ ਵੀ ਸਪੱਸ਼ਟ ਤੌਰ ਤੇ ਪਤਾ ਲਗਾ ਹੈ।

"ਅਸਾਂ ਪਿਛਲੇ ਪੈਰੇ ਵਿਚ ਕਾਲਪਨਿਕ ਅਹਿੰਸਾ ਲਫ਼ਜ਼ ਦੀ ਵਰਤੋਂ ਕੀਤੀ ਹੈ। ਅਸੀਂ ਇਹਦੀ ਵਿਆਖਿਆ ਕਰਨੀ ਚਾਹੁੰਦੇ ਹਾਂ। ਸਾਡੀ ਨਜ਼ਰ ਵਿਚ ਤਾਕਤ ਦੀ ਵਰਤੋਂ ਉਸ ਵੇਲੇ ਅਨਿਆਂ ਭਰਪੂਰ ਹੁੰਦੀ ਹੈ ਜਦੋਂ ਉਹ ਹਮਲੇ ਦੀ ਨੀਤੀ ਨਾਲ ਕੀਤੀ ਜਾਵੇ ਤੇ ਉਹ ਸਾਡੀ ਨਜ਼ਰ ਵਿਚ ਹਿੰਸਾ ਹੈ, ਪਰ ਜਦੋਂ ਤਾਕਤ ਦੀ ਵਰਤੋਂ ਕਿਸੇ ਸਮਾਜਿਕ ਉਦੇਸ਼ ਨੂੰ ਪੂਰਾ ਕਰਨ ਲਈ ਕੀਤੀ ਜਾਵੇ ਤਾਂ ਉਹ ਨੈਤਿਕ ਦ੍ਰਿਸ਼ਟੀ ਤੋਂ ਨਿਆਂਪੂਰਨ ਹੋ ਜਾਂਦੀ ਹੈ। ਤਾਕਤ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਛੇਕਣਾ ਕਾਲਪਨਿਕ ਭਰਮ ਹੈ। ਇਸ ਦੇਸ਼ ਵਿਚ ਇਕ ਨਵੇਂ ਅੰਦੋਲਨ ਨੇ ਸਿਰ ਚੁਕਿਆ ਹੈ ਜਿਹਦੀ ਸੂਚਨਾ ਪਹਿਲਾਂ ਦੇ ਚੁਕੇ ਹਾਂ। ਇਹ ਅੰਦੋਲਨ ਗੁਰੂ ਗਬਿਦ ਸਿੰਘ ਤੇ ਸ਼ਿਵਾ ਜੀ, ਕਮਾਲਪਾਸ਼ਾ ਤੇ ਰਜ਼ਾ ਖਾਂ, ਵਾਸ਼ਿੰਗਟਨ ਤੇ ਗੈਰੀ ਬਾਲਡੀ ਅਤੇ ਲਾਫਾਇਤੇ ਤੇ ਲੈਨਿਨ ਦੇ ਕੰਮਾਂ ਤੋਂ ਪ੍ਰੇਰਨਾ ਲੈਂਦੇ ਹਨ।

ਇਹ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਦੋ ਆਦਮੀਆਂ ਦੀ ਆਵਾਜ਼ ਨਹੀਂ ਉਨ੍ਹਾਂ ਕਰੋੜਾਂ ਭੁਖੇ ਤੇ ਗ਼ਰੀਬ ਦੇਸ਼-ਵਾਸੀਆਂ ਦੀ ਆਵਾਜ਼ ਸੀ ਜਿਨ੍ਹਾਂ ਨੂੰ ਉਨ੍ਹਾਂ ਦੇ ਮੁਢਲੇ ਹੱਕਾਂ ਤੇ ਆਰਥਕ ਹਿਤ ਦੇ ਇਕੋ ਇਕ ਸਾਧਨ ਤੋਂ ਵਾਂਝਿਆਂ ਕਰ ਦਿਤਾ ਗਿਆ ਸੀ। ਇਹ ਨਪੀੜੇ ਹੋਏ ਤੇ ਅਪਮਾਨਿਤ ਮੁਲਕ ਦੀ ਆਵਾਜ਼ ਸੀ। ਇਹ ਸ਼ੋਸ਼ਣ ਤੇ ਅਨਿਆਂ ਦੇ ਖਿਲਾਫ਼ ਜੁਝਾਰ ਪਰੰਪਰਾ ਦੀ ਆਵਾਜ਼ ਸੀ। ਇਸ ਆਵਾਜ਼ ਵਿਚ ਨਵੇਂ ਅੰਦੋਲਨ ਦੀ ਨਵੀਂ ਚੇਤਨਾ ਨੂੰ ਪ੍ਰਗਟਾਇਆ ਗਿਆ ਸੀ, ਇਸ ਲਈ ਇਹਦਾ ਬੋਲ ਨਵਾਂ ਸੀ — ਏਨਾ ਨਵਾਂ ਕਿ ਪਚਵੰਜਾ ਵਰ੍ਹਿਆਂ ਮਗਰੋਂ ਵੀ ਨਵਾਂ ਹੈ ਤੇ ਅਗੋਂ ਵੀ ਨਵਾਂ ਬਣਿਆ ਰਹੇਗਾ।

ਇਸ ਨਵੇਂ ਅੰਦੋਲਨ ਦਾ ਸਰੂਪ, ਜਿਸ ਦੀ ਅਗਵਾਈ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਪਾਰਟੀ ਕਰ ਰਹੀ ਸੀ, ਰਾਸ਼ਟਰੀ ਤੇ ਅੰਤਰਵਸਤੂ ਅੰਤਰਰਾਸ਼ਟਰੀ ਸੀ।

ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਦੇਸ਼ ਦੀ ਰਾਜ-ਨੀਤੀ ਵਿਚ ਪਹਿਲੀ ਵੇਰਾਂ ਬੁਲੰਦ ਹੋਇਆ ਸੀ। 2 ਅਕਤੂਬਰ 1931 ਨੂੰ ਫ਼ਾਂਸੀ ਦੀ ਕਾਲ ਕੋਠੜੀ ਤੋਂ ਭੇਜੇ ਗਏ 'ਦੇਸ਼ ਦੇ ਨਾਂ ਸੁਨੇਹੇ' ਵਿਚ ਭਗਤ ਸਿੰਘ ਨੇ ਇਸ ਨਾਅਰੇ ਦੀ ਯਾਨੀ ਕ੍ਰਾਂਤੀ ਦੀ ਵਿਆਖਿਆ ਇਨ੍ਹਾਂ ਲਫ਼ਜ਼ਾਂ ਵਿਚ ਕੀਤੀ ਸੀ:

"ਜਦੋਂ ਤੁਸੀਂ ਨਾਅਰੇ ਲਾਉਂਦੇ ਹੋ, ਤਾਂ ਮੈਂ ਸਮਝਦਾ ਹਾਂ ਕਿ ਤੁਸੀਂ ਲੋਕ ਅਸਲ ਵਿਚ ਜੋ ਪੁਕਾਰਦੇ ਹੋ ਉਹੋ ਕਰਨਾ ਵੀ ਚਾਹੁੰਦੇ ਹੋ। ਅਸੈਂਬਲੀ ਬੰਬ ਕੇਸ ਸਮੇਂ ਅਸੀਂ ਕ੍ਰਾਂਤੀ ਲਫ਼ਜ਼ ਦੀ ਇਹ ਵਿਆਖਿਆ ਕੀਤੀ ਸੀ..." ਕ੍ਰਾਂਤੀ ਤੋਂ ਸਾਡਾ ਭਾਵ ਸਮਾਜ ਦੀ ਅਜੋਕੀ ਪ੍ਰਣਾਲੀ ਤੇ ਸੰਗਠਨ ਨੂੰ ਮੁਢੋਂ ਪੁਟ ਸੁਟਣਾ ਹੈ। ਇਸ ਉਦੇਸ਼ ਲਈ ਅਸੀਂ ਪਹਿਲਾਂ ਸਰਕਾਰ ਦੀ ਤਾਕਤ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਇਸ ਸਮੇਂ ਸ਼ਾਸਨ ਦੀ ਮਸ਼ੀਨ ਸਰਮਾਏ-ਦਾਰਾਂ ਦੇ ਹੱਥਾਂ ਵਿਚ ਹੈ। ਆਮ ਜਨਤਾ ਦੇ ਹਿਤਾਂ ਦੀ ਰਖਿਆ ਲਈ ਤੇ ਆਪਣੇ ਸੰਗਠਨ ਕਾਰਜ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਕਰਨ ਲਈ ਅਸੀਂ ਸਰਕਾਰ ਦੀ ਮਸ਼ੀਨ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੇ ਹਾਂ। ਅਸੀਂ ਇਸੇ ਉਦੇਸ਼ ਲਈ ਲੜ ਰਹੇ ਹਾਂ, ਪਰ ਇਹਦੇ ਲਈ ਸਾਨੂੰ ਸਧਾਰਣ ਜਨਤਾ ਨੂੰ ਸਿਖਿਅਤ ਕਰਨਾ ਚਾਹੀਦਾ ਹੈ।"

ਪੁਰਾਣੇ ਸਮਾਜ ਦੀ ਥਾਂ ਕਾਰਲ ਮਾਰਕਸ ਦੇ ਸਿਧਾਂਤਾਂ ਅਨੁਸਾਰ ਇਕ ਨਵੇਂ ਸਮਾਜ ਨੂੰ ਘੜਨਾ ਇਸ ਨਵੇਂ ਅੰਦੋਲਨ ਦੀ ਅੰਤਰਵਸਤੂ ਸੀ। ਇਹ ਪੱਕੇ ਤੌਰ ਤੇ ਗੁਣਾਤਮਕ ਤਬਦੀਲੀ ਸੀ। ਪਰ ਇਸ ਤਬਦੀਲੀ ਨੂੰ ਚੰਗੀ ਤਰ੍ਹਾਂ ਸਮਝਣ ਤੇ ਉਹਦੇ ਸਾਰ ਤੱਤ ਨੂੰ ਆਪਣੇ ਵਿਚ ਜਜ਼ਬ ਕਰਨ ਲਈ ਸਾਨੂੰ ਉਸ ਪੁਰਾਣੇ ਅੰਦੋਲਨ ਉਤੇ ਵੀ ਨਜ਼ਰ ਮਾਰਨੀ ਪਵੇਗੀ ਜਿਸ ਦਾ ਇਸ ਸੰਦਰਭ ਵਿਚ ਰੂਪਾਂਤਰਣ ਹੋਇਆ। ਭਗਤ ਸਿੰਘ ਨੇ ਡ੍ਰੀਮਲੈਂਡ ਦੀ ਭੂਮਿਕਾ ਵਿਚ ਲਿਖਿਆ ਹੈ:

"ਰਾਜਨੀਤੀ ਦੇ ਖੇਤਰ ਵਿਚ ਡ੍ਰੀਮਲੈਂਡ ਦਾ ਥਾਂ ਬੜੀ ਮਹੱਤਵਪੂਰਨ ਹੈ। ਅਜੋਕੇ ਹਾਲਾਤ ਵਿਚ ਉਹ ਅੰਦੋਲਨ ਦੀ ਇਕ ਮਹੱਤਵਪੂਰਨ ਥਾਂ ਨੂੰ ਪੂਰਦੀ ਹੈ। ਅਸਲ ਵਿਚ ਸਾਡੇ ਦੇਸ਼ ਦੇ ਸਾਰੇ ਰਾਜਨੀਤਕ ਅੰਦੋਲਨਾਂ ਵਿਚ ਜਿਨ੍ਹਾਂ ਨੇ ਸਾਡੇ ਆਧੁਨਿਕ ਇਤਿਹਾਸ ਵਿਚ ਕੋਈ ਨਾ ਕੋਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਉਸ ਆਦਰਸ਼ ਦੀ ਘਾਟ ਰਹੀ ਹੈ ਜਿਹਦੀ ਪ੍ਰਾਪਤੀ ਉਹਦਾ ਟੀਚਾ ਸੀ। ਕ੍ਰਾਂਤੀਕਾਰੀ ਅੰਦੋਲਨ ਇਸ ਦਾ ਵਿਰੋਧ ਨਹੀਂ ਹੈ। ਇਕ ਗ਼ਦਰ ਪਾਰਟੀ ਨੂੰ ਛਡ ਕੇ ਜਿਹਨੇ ਅਮਰੀਕੀ ਪ੍ਰਣਾਲੀ ਦੀ ਸਰਕਾਰ ਤੋਂ ਪ੍ਰਭਾਵਿਤ ਹੋਕੇ ਸਪਸ਼ਟ ਲਫ਼ਜ਼ਾਂ ਵਿਚ ਆਖਿਆ ਸੀ ਕਿ ਉਹ ਮੌਜੂਦਾ ਸਰਕਾਰ ਦੀ ਥਾਂ ਗਣਤੰਤਰਕ ਦੇਸ਼ ਦੀ ਸਰਕਾਰ ਕਾਇਮ ਕਰਨਾ ਚਾਹੁੰਦੀ ਹੈ, ਮੈਨੂੰ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਇਕ ਵੀ ਇਹੋ ਜਿਹੀ ਕ੍ਰਾਂਤੀਕਾਰੀ ਪਾਰਟੀ ਨਹੀਂ ਮਿਲੀ, ਜਿਹਦੇ ਸਾਹਮਣੇ ਇਹ ਵਿਚਾਰ ਸਪਸ਼ਟ ਹੋਵੇ ਕਿ ਉਹ ਕਿਉਂ ਤੇ ਕਾਹਦੇ ਲਈ ਲੜ ਰਹੀ ਹੈ। ਸਭਨਾਂ ਪਾਰਟੀਆਂ ਵਿਚ ਸਿਰਫ਼ ਇਹੋ ਜਿਹੇ ਲੋਕ, ਜਿਨ੍ਹਾਂ ਕੋਲ ਇਕ ਵਿਚਾਰ ਸੀ ਕਿ ਉਨ੍ਹਾਂ ਨੇ ਬਦੇਸ਼ੀ ਸ਼ਾਸਕਾਂ ਦੇ ਖਿਲਾਫ਼ ਜੂਝਣਾ ਹੈ। ਇਹ ਵਿਚਾਰ ਕਾਫ਼ੀ ਸ਼ਲਾਘਾਯੋਗ ਹੈ ਪਰ ਇਸ ਨੂੰ ਇਕ ਕ੍ਰਾਂਤੀਕਾਰੀ ਵਿਚਾਰ ਨਹੀਂ ਆਖਿਆ ਜਾ ਸਕਦਾ। ਸਾਨੂੰ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਕ੍ਰਾਂਤੀ ਦਾ ਮਤਲਬ ਸਿਰਫ਼ ਗੜਬੜ ਜਾਂ ਲਹੂ ਡੋਲ੍ਹਣ ਵਾਲੀ ਲੜਾਈ ਨਹੀਂ। ਕ੍ਰਾਂਤੀ ਵਿਚ ਮੌਜੂਦਾ ਹਾਲਤ (ਯਾਨੀ ਸੱਤਾ) ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰਨ ਤੋਂ ਬਾਅਦ ਇਕ ਨਵੇਂ ਤੇ ਬਿਹਤਰ ਮਾਨਤਾ ਪ੍ਰਾਪਤ ਆਧਾਰ 'ਤੇ ਸਮਾਜ ਦੇ ਸੁਚੱਜੇ ਪੁਨਰ ਨਿਰਮਾਣ ਦਾ ਪ੍ਰੋਗਰਾਮ ਜ਼ਰੂਰੀ ਤੌਰ ਤੇ ਲੁਕਿਆ ਹੁੰਦਾ ਹੈ।

# ਅਖੰਡ ਪਾਠ ਕਿਉਂ ਤੇ ਕਦੋਂ ਅਰੰਭ ਹੋਏ ?

**ਮੇਹਰ ਸਿੰਘ ਸੰਧੂ ਵੈਨਕੂਵਰ**

ਇਸ ਦਾ ਉੱਤਰ ਕਈ ਸਿਖ ਵਿਦਵਾਨਾਂ ਨੂੰ ਪੁਛਣ ਤੋਂ ਨਹੀਂ ਮਿਲਿਆ, ਨਾ ਗੁਰੂ ਸਾਹਿਬਾਂ ਦੇ ਸਮੇਂ ਦਾ ਇਤਿਹਾਸ ਕੋਈ ਅਜੇਹੀ ਸੇਧ ਦੇਂਦਾ ਹੈ, ਨਾ ਬਾਣੀ ਵਿਚ ਕਿਤੇ ਹੁਕਮ ਹੈ। ਫੇਰ ਜਿਸ ਢੰਗ ਨਾਲ ਇਹ ਕੀਤੇ ਤੇ ਕਰਾਏ ਜਾਂਦੇ ਹਨ, ਉਹ ਹੋਰ ਭੀ ਇਤਰਾਜ ਯੋਗ ਹੈ। ਪਾਠੀ ਰਾਤ ਨੂੰ ਸੌਂ ਜਾਂਦੇ ਹਨ, ਕਿਸੇ ਹੋਰ ਦੇ ਨਾ ਹੋਣ ਉਤੇ ਆਪੋ ਵਿਚ ਗਲਾਂ ਕਰਦੇ ਵੇਖੇ ਗਏ ਹਨ ਅਤੇ ਕਈ ਵਾਰੀ ਦੇ ਵੇਲੇ ਨਹੀਂ ਪਹੁੰਚਦੇ। ਪਰ ਮੇਰਾ ਇਤਰਾਜ਼ ਤਾਂ ਇਹ ਹੈ ਕਿ ਇਸ ਨਾਲ ਅਖੰਡ ਪਾਠਾਂ ਜਾਂ ਬਾਣੀ ਸੁਣਨ ਪੜ੍ਹਨ, ਵਿਚਾਰਨ ਦਾ ਅਵਸਰ ਹੋਰ ਭੀ ਘਟ ਜਾਂਦਾ ਹੈ। ਪਿੰਡਾਂ ਵਿਚ ਕਈ ਵਾਰ ਸਾਰੀ ਰਾਤ ਲਾਊਡ ਸਪੀਕਰ ਲਾ ਕੇ ਪਾਠ ਹੁੰਦਾ ਹੈ ਭਾਵੇਂ ਗਵਾਂਢੀਆਂ ਜਾਂ ਉਸ ਦੇ ਆਪਣੇ ਬੱਚਿਆਂ ਬਚੀਆਂ ਦਾ ਸਵੇਰੇ ਯੂਨੀਵਰਸਿਟੀ ਦਾ ਇਮਤਿਹਾਨ ਹੋਵੇ ਜਾਂ ਕੋਈ ਰੋਗੀ ਸੌਣ ਲਈ ਤਰਲੇ ਲੈ ਰਿਹਾ ਹੋਵੇ।

ਵਿਆਹਾਂ ਤੇ ਮ੍ਰਿਤੂ ਵੇਲੇ ਪਾਠਾਂ ਦਾ ਹਾਲ ਚੁੱਪ ਰਹਿਣ ਲਈ ਹੀ ਮਜ਼ਬੂਰ ਕਰਦਾ ਹੈ। ਪ੍ਰੇਮੀਆਂ ਨੂੰ ਕਹੋ 'ਪਾਠ ਸੁਣੋ'। ਉਤਰ ਮਿਲੇਗਾ — ਸਮਝ ਨਹੀਂ ਆਉਂਦੀ, ਪਾਠੀ ਪਾਠ ਬੜੀ ਛੇਤੀ ਛੇਤੀ ਕਰਦੇ ਹਨ, ਜਾਂ ਦਿਲ ਵਿਚ ਹੀ "ਅਜਪਾ ਜਾਪ" ਕਰੀ ਜਾਂਦੇ ਹਨ। ਡੇਰਿਆਂ, ਕਮੇਟੀਆਂ, ਸਭਾਵਾਂ ਤੇ ਗੁਰਦੁਆਰਿਆਂ ਵਾਲਿਆਂ ਨੇ ਸਚਮੁਚ ਹੀ ਪਾਠ ਨੂੰ ਆਮਦਨ ਦਾ ਵਸੀਲਾ ਬਣਾ ਲਿਆ ਹੈ। ਸੋ ਮੇਰੀ ਬੇਨਤੀ ਹੈ ਕਿ ਵਿਦਵਾਨਾਂ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਿਆਰ ਹੋਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਕਦੀਂ ਕਿਤੇ ਕੋਈ ਅਖੰਡ ਪਾਠ ਹੋਇਆ, ਪੜ੍ਹਨ ਸੁਣਨ ਵਿਚ ਨਹੀਂ ਆਉਂਦਾ। ਦਸਿਆ ਜਾਂਦਾ ਹੈ ਕਿ ਮਗਰੋਂ ਸਿਖ ਸੂਰਬੀਰਾਂ ਨੇ ਜੋ ਜੰਗਲਾਂ ਵਿਚ ਦਿਨ ਕਟੀ ਕਰ ਰਹੇ ਸਨ, ਇਹ ਰੀਤੀ ਸ਼ੁਰੂ ਕੀਤੀ।

ਗਿਆਨੀ ਗਿਆਨ ਸਿੰਘ ਰਚਿਤ "ਪੰਥ ਪ੍ਰਕਾਸ਼" ਗਰੰਥ ਅਨੁਸਾਰ ਇਹ ਲੋਕ ਵੱਡੇ ਲੁਟੇਰੇ ਸਨ, ਅਫੀਮ ਸੁਖੇ ਦੀ ਖੁਲੀ ਵਰਤੋਂ ਕਰਦੇ ਤੇ ਸ਼ਰਾਬ ਦੇ ਮਟਕੇ ਪੀ ਜਾਂਦੇ, ਹਰਨ ਮਾਰ ਕੇ ਨਿਮਕ ਮਿਰਚ ਤੋਂ ਬਿਨਾਂ ਕੱਚਾ ਹੀ ਖਾ ਲੈਂਦੇ, ਇਤਿਆਦਿ।

"ਗੁਰਮਤ ਮਾਰਤੰਡ" ਨਾਮੀ ਪੁਸਤਕ ਰਚਿਤ ਭਾਈ ਕਾਨ੍ਹ ਸਿੰਘ ਜੀ ਨਾਭਾ, ਜਿਸ ਦੀ ਪਿਛਲੀ ਛਾਪ ਸ਼੍ਰੋ: ਗੁ: ਪ੍ਰੰ: ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਹੋਈ ਹੈ, ਵਿਚ ਸਿੱਖਾਂ ਦੇ ਰਹਿਤ ਨਾਮਿਆਂ ਦੀ ਸੂਚੀ ਵਿਚ "ਪੰਥ ਪ੍ਰਕਾਸ਼" ਗ੍ਰੰਥ ਸ਼ਾਮਲ ਹੈ।

ਕਮੇਟੀ ਦੇ ਪਰਚਾਰਕ ਇਸ ਵਿਚੋਂ ਟੂਕਾਂ ਵਰਤਦੇ ਹਨ ਅਤੇ "ਗੁਰਦਵਾਰਾ ਗਜ਼ਟ" ਵਿਚ ਉਹ ਛਪਦੀਆਂ ਰਹੀਆਂ ਹਨ। 'ਪੰਥ ਪ੍ਰਕਾਸ਼' ਦੀ ਪਿਛਲੀ ਛਾਪ, ਭਾਸ਼ਾ ਵਿਭਾਗ ਪਟਿਆਲਾ ਨੇ ਪੰਜਾਬ ਸਰਕਾਰ ਦੇ ਖਰਚ ਉਤੇ ਛਾਪੀ ਹੈ। ਸੋ "ਪੰਥ ਪ੍ਰਕਾਸ਼" ਵਿਚ ਉਨ੍ਹਾਂ ਸੂਰਬੀਰਾਂ ਦਾ ਜੋ ਨਕਸ਼ਾ ਖਿਚਿਆ ਹੈ, ਜੇ ਉਹ ਠੀਕ ਹੈ, ਤਾਂ ਕੀ ਉਨ੍ਹਾਂ ਨੂੰ ਗੁਰਸਿਖ ਕਿਹਾ ਜਾ ਸਕਦਾ ਹੈ ?

ਕੀ ਉਨ੍ਹਾਂ ਦੀ ਸ਼ੁਰੂ ਕੀਤੀ ਅਖੰਡ ਪਾਠਾਂ ਦੀ ਰਹੁ ਰੀਤੀ ਨੂੰ ਬਿਨਾਂ ਕਿਸੇ ਤਫਤੀਸ਼ ਅਤੇ ਉਸ ਦੀ ਗੁਰਮਤਿ ਅਨਕੂਲ ਹੋਣ ਦੀ ਤਸੱਲੀ ਕੀਤੇ ਦੇ, ਪ੍ਰਵਾਨ ਕੀਤਾ ਜਾ ਸਕਦਾ ਹੈ ?

ਜਿਨ੍ਹਾਂ ਹਾਲਤਾਂ ਵਿਚ ਅਖੰਡ ਪਾਠ ਸ਼ੁਰੂ ਕੀਤੇ ਗਏ ਦਸੇ ਜਾਂਦੇ ਹਨ ਕੀ ਅੱਜ ਵੀ ਪੰਥ ਉਜਿਹੇ ਹਾਲਾਤ ਵਿਚ ਹੈ ?

ਚੇਤੇ ਰਹੇ ਕਿ ਇਸ ਰਹੁਰੀਤੀ ਨੂੰ ਗੁਰੂ ਘਰ ਵਿਚ ਕਦੀਂ ਵੀ ਬਾਕਾਇਦਾ ਪ੍ਰਵਾਨਗੀ ਨਹੀਂ ਦਿਤੀ ਗਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਾਂ ਦਸਮ ਗਰੰਥ ਵਿਚ ਕਿਸੇ ਨੂੰ ਪੈਸੇ ਦੇ ਕੇ ਪਾਠ ਕਰਵਾ ਲੈਣ ਦੀ ਆਗਿਆ ਨਹੀਂ। ਕਿਸੇ ਰਹਿਤਨਾਮੇ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਇਹ ਬ੍ਰਾਹਮਣਾਂ ਦੇ ਤਰੀਕੇ ਸਨ, ਜੋ ਸਾਡੇ ਪ੍ਰਚਾਰਕਾਂ, ਸੰਤਾਂ, ਭਾਈਆਂ, ਪਾਠੀਆਂ ਨੇ ਆਪਣੀ ਕਮਾਈ ਦੇ ਸਾਧਨ ਬਣਾ ਲਏ ਹਨ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਭਰਮ ਭੁਲੇਖਿਆਂ ਅਤੇ ਵਹਿਮਾਂ ਵਿਚੋਂ ਸਾਨੂੰ ਕੱਢਿਆ, ਪਰ ਸਾਨੂੰ ਸੋਝੀ ਨਹੀਂ ਆਈ। ਪਰਾਏ ਹੱਥੀਂ ਆਤਮਕ ਉਨਤੀ ਨਹੀਂ ਹੋ ਸਕਦੀ ਅਤੇ ਨਾ ਹੀ ਇਨ੍ਹਾਂ ਚਤੁਰਾਈਆਂ ਨਾਲ ਪਰਮਾਤਮਾ ਪਤੀਜਦਾ ਹੈ।

ਸਾਡੇ ਗੁਰਦੁਆਰਿਆਂ, ਧਰਮ ਅਸਥਾਨਾਂ ਤੇ ਘਰਾਂ ਵਿਚ ਲੱਖਾਂ ਅਖੰਡ ਪਾਠ ਹੋ ਚੁਕੇ ਅਤੇ ਸੈਂਕੜੇ ਹੋ ਰਹੇ ਹੋਣਗੇ। ਜੇ ਇਨ੍ਹਾਂ ਚਤਰਾਈਆਂ ਨਾਲ ਤੇ ਟਕੇ ਖਰਚ ਕੇ ਪ੍ਰਾਪਤੀ ਹੋ ਸਕਦੀ ਹੁੰਦੀ ਤਾਂ ਅਮੀਰ ਲੋਕਾਂ ਨੇ ਤਾਂ ਰੱਬ ਨੂੰ ਮੁੱਲ ਲੈ ਲਿਆ ਹੁੰਦਾ। ਦੂਜੇ ਇਸ ਨਾਲ ਹੋਰਨਾਂ ਨਾਲੋਂ ਸਾਡੀ ਆਤਮਿਕ ਅਵਸਤਾ ਕਿੰਨੀ ਕੁ ਉਚੀ ਹੋ ਸਕੀ ਹੈ ? ਸਾਡੇ ਵਿਚ ਕਿੰਨੀ ਸ਼ਰਾਬ ਦੀ ਤੇ ਹੋਰ ਨਸ਼ਿਆਂ ਦੀ ਵਰਤੋਂ ਹੁੰਦੀ ਹੈ, ਅਤੇ ਕਤਲ ਹੁੰਦੇ ਹਨ, ਇਸ ਤੋਂ ਅੰਦਾਜ਼ਾ ਲਗ ਸਕਦਾ ਹੈ। ਇਹ ਇਕ ਸਾਧਾਰਨ ਕਰਮ ਕਾਂਡ ਹੈ ਗੁਰਬਾਣੀ ਦੀ ਨਿਰਾਦਰੀ ਕਰਨਾ ਹੈ। ਦੁਨੀਆਂ ਵਿਚ ਕੋਈ ਇਕ ਅੱਧੀ ਵੀ ਅਜੇਹੀ ਮਿਸਾਲ ਨਹੀਂ ਮਿਲਦੀ, ਜਦੋਂ ਕਿਸੇ ਨੇ ਪਰਾਈ ਹੱਥੀਂ ਡਾਲਰ ਦੇ ਕੇ ਪਾਠ ਪੂਜਾ ਨਾਲ ਆਪਣਾ ਅਗਾ ਸੁਧਾਰ ਲਿਆ ਹੋਵੇ। ਹਜ਼ਾਰਾਂ ਨਹੀਂ, ਲੱਖਾਂ ਅਖੰਡ ਪਾਠ, ਸੰਪਟਪਾਠ ਆਦਿ ਕਰਵਾ ਛਡਣ ਨਾਲ ਵੀ ਕੀਤੇ ਪਾਪਾਂ ਤੋਂ ਛੁਟਕਾਰਾ ਨਹੀਂ।

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾਂ ਮਹਿ ਏਕੁ ਬਿਚਾਰੁ। (1374)
ਬੇਦ ਕਤੇਬ ਸਿਮ੍ਰਿਤ ਸਭ ਸਾਸਤ ਇਨ ਪੜ੍ਹਿਆ ਮੁਕੀਤ ਨ ਹੋਈ। (747)

ਪਾਠ ਪੜ੍ਹੇ ਨਹੀਂ ਕੀਮਤਿ ਪਾਇ (355)
ਬੇਦ ਪੁਰਾਨ ਪੜ੍ਹੇ ਕਾ ਕਿਆ ਗੁਨ ਖਰ ਚੰਦਨ ਜਸ ਭਾਰਾ।
ਰਾਮ ਨਾਮ ਕੀ ਗਤਿ ਨਹੀਂ ਜਾਨੀ ਕੈਸੇ ਉਤਰਿਸ ਪਾਰਾ। (1103)
ਮੂਰਖ ਪੜਹਿ ਸ਼ਬਦੁ ਨ ਬੂਝਹਿ ਗੁਰਮੁਖਿ ਵਿਰਲੇ ਜਾਤਾ ਹੈ। (1053)

ਪਾਠ ਕਰਨ ਵਾਲੇ ਬਹੁਤ ਹਨ ਪਰ ਤੱਤ ਗ੍ਰਹਿਣ ਕਰਨ ਵਾਲੇ ਵਿਰਲੇ —
ਨਾ ਤੂ ਆਵਹਿ ਵਸਿ ਵੇਦ ਪੜਾਵਵੇ। (1062)

ਗੁਰੂ ਘਰ ਵਿਚ ਡਬਲ ਸਟੈਂਡਰਡ ਨਹੀਂ। ਜੇ ਵੇਦਾਂ ਦੇ ਪੜ੍ਹ ਛਡਣ ਤੇ ਪੜ੍ਹਾ ਛੱਡਣ ਨਾਲ ਪ੍ਰਭੂ ਨਹੀਂ ਮਿਲਦਾ ਤਾਂ ਗੁਰੂ ਗਰੰਥ ਸਾਹਿਬ ਦੇ ਖਾਲੀ ਪਾਠ ਕਰ ਛੱਡਣ ਜਾਂ ਕਰਵਾ ਛੱਡਣ ਨਾਲ ਵੀ ਮੇਲ ਨਹੀਂ ਹੋ ਸਕੇਗਾ। ਧਰਮ ਗਰੰਥਾਂ ਦੇ ਪੜ੍ਹਨ ਸੁਣਨ ਦਾ ਲਾਭ ਨਹੀਂ ਜੇ ਤੱਤ ਦੀ ਵਿਚਾਰ ਨ ਕੀਤੀ ਜਾਵੇ —

ਪੜੇ ਸੁਣਾਵੈ ਤਤ ਨ ਚੀਨੀ। (904)
ਪੜ੍ਹਨਾ ਗੁੜਨਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸ਼ਨਾ ਵਿਕਾਰੁ। (650

ਗੁਰਬਾਣੀ ਵਿਚ ਅਜੇਹੀ ਕੋਈ ਸ਼ਕਤੀ ਨਹੀਂ ਜੋ ਨਿਰਾ ਪੜ੍ਹ ਸੁਣ ਛੱਡਣ ਨਾਲ ਉਹ ਆਪਣਾ ਜੌਹਰ ਵਿਖਾ ਸਕੇ।

ਮਾਇਆ ਦੇ ਕੇ ਭਾਈਆਂ, ਪਾਠੀਆਂ, ਗਰੰਥੀਆਂ ਤੋਂ ਪਾਠ ਕਰਵਾਉਣੇ, ਕਰਮ ਕਾਂਡ ਹੈ। ਗੁਰੂ ਮਹਾਰਾਜ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਉਸ ਸਮੇਂ ਵਿਚ ਪ੍ਰਚਲਤ ਕਰਮ-ਕਾਂਡਾਂ ਦਾ ਖੰਡਨ ਇਸ ਲਈ ਨਹੀਂ ਸੀ ਕੀਤਾ ਕਿ ਉਨ੍ਹਾਂ ਵਿਚ ਕੋਈ ਕਮੀਆਂ ਸਨ ਅਤੇ ਉਨ੍ਹਾਂ ਦੀ ਥਾਵੇਂ ਆਪਣੇ ਨਵੇਂ ਤੇ ਵੱਖਰੇ ਕਰਮ-ਕਾਂਡ ਨੀਯਤ ਕਰਨ ਦੀ ਲੋੜ ਸੀ। ਗੁਰੂ ਘਰ ਵਿਚ ਕਿਸੇ ਕਰਮ-ਕਾਂਡ ਦੀ ਪ੍ਰਵਾਨਗੀ ਨਹੀਂ। ਭਾਵੇਂ ਉਹ ਹਿੰਦੂਆਂ ਦਾ ਹੋਵੇ, ਮੁਸਲਮਾਨਾਂ ਦਾ ਜਾਂ ਈਸਾਈ ਮਤ ਦਾ ਅਤੇ ਭਾਵੇਂ ਉਹ ਖਾਲਸਾ ਪੰਥ ਦਾ ਹੀ ਕਿਉਂ ਨਾ ਹੋਵੇ। ਪੈਸੇ ਦੇ ਕੇ ਰੁਜ਼ਗਾਰੀ ਭਾਈਆਂ ਪਾਸੋਂ ਪਾਠ ਕਰਵਾਉਣਾ ਹੋਰ ਸਾਧਾਰਣ ਕਰਮ-ਕਾਂਡਾਂ ਦੀ ਤਰ੍ਹਾਂ ਇਕ ਰਸਮ ਪੂਰੀ ਕਰਨ ਵਾਂਗ ਹੈ।

ਇਹ ਸਭ ਕੁਝ ਅਸੀਂ ਕਰ ਰਹੇ ਹਾਂ, ਆਪਣੇ ਆਪ ਨੂੰ ਭੁਲੇਖੇ ਵਿਚ ਰਖਣਾ ਹੈ ਪੈਸੇ ਖਰਚ ਕੇ ਪਾਠ ਕਰਵਾ ਛੱਡਣ ਦਾ ਕੋਈ ਲਾਭ ਨਹੀਂ। ਪਾਠ ਕਰੋ ਆਪ ਕਰੋ ਥੋੜਾ ਕਰੋ ਬਹੁਤਾ ਕਰੋ ਗੁਰੂ ਰਸਤਾ ਦਸਦਾ ਹੈ ਪਰ ਚਲਣਾ ਅਸੀਂ ਆਪ ਹੀ ਹੈ। ਸਾਡੇ ਲਈ ਨਾ ਤਾਂ ਗੁਰੂ ਨੇ ਚਲਣਾ ਹੈ, ਨਾ ਹੀ ਕਿਸੇ ਹੋਰ ਨੇ। ਰੋਗ ਵੀ ਉਸੇ ਦਾ ਹੀ ਦੂਰ ਹੋਣਾ ਹੈ ਜੋ ਦੁਆਈ ਖਾਵੇਗਾ। ਪੈਸੇ ਦੇ ਕੇ ਪੂਜਾ ਪਾਠ ਕਰਵਾਉਣੇ ਆਪਣੇ ਆਪ ਨਾਲ ਧੋਖਾ ਹੈ।

ਨਾਨਕ ਕਹਤੋ ਇਹੁ ਬੀਚਾਰਾ।
ਜਿ ਕਮਾਵੈ ਸੁ ਪਾਰਗਰਾਮੀ। (216)

# ਪ੍ਰਧਾਨਗੀ ਦੇ ਫੈਸਲੇ ਦਾ ਅਧਿਕਾਰ ਬਰਨਾਲਾ ਨੂੰ

ਚੰਡੀਗੜ੍ਹ — ਸ਼ਰੋਮਣੀ ਅਕਾਲੀ ਦਲ ਨੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਪਾਰਟੀ ਉਮੀਦਵਾਰ ਨਾਮਜ਼ਦ ਕਰਨ ਦਾ ਅਧਿਕਾਰ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੂੰ ਦੇ ਦਿੱਤਾ ਹੈ। ਸ਼ਰੋਮਣੀ ਕਮੇਟੀ ਦਾ ਜਨਰਲ ਇਜਲਾਸ 23 ਮਾਰਚ ਨੂੰ ਅੰਮ੍ਰਿਤਸਰ ਵਿਚ ਹੋ ਰਿਹਾ ਹੈ ਜਿਸ ਵਿਚ ਨਵੇਂ ਪ੍ਰਧਾਨ ਦੀ ਚੋਣ ਹੋਵੇਗੀ। ਇਹ ਫੈਸਲਾ ਅਕਾਲੀ ਦਲ ਦੀ ਨਵੀਂ ਕਾਰਜਕਾਰਨੀ ਦੀ ਪਹਿਲੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗਾਂ ਵਿਚ ਪਾਰਟੀ ਦੀਆਂ ਜ਼ਿਲਾ ਪੱਧਰ ਉਤੇ ਕਾਨਫਰੰਸਾਂ ਸੱਦਣ ਤੋਂ ਇਲਾਵਾ ਹੋਰਨਾਂ ਮਾਮਲਿਆਂ ਉਤੇ ਵੀ ਵਿਚਾਰ ਕੀਤੀ ਜਾਵੇਗੀ।

ਕਾਰਜਕਾਰਨੀ ਦੀ ਬੈਠਕ ਵਿਚ 45 ਮੈਂਬਰਾਂ ਵਿਚੋਂ 29 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦੀ ਪ੍ਰਧਾਨਗੀ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਕੀਤੀ। ਹੋਰਨਾਂ ਤੋਂ ਇਲਾਵਾ ਸ਼ਰੋਮਣੀ ਗੁਰੁਦਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਬਲਵੰਤ ਸਿੰਘ, ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਅਤੇ ਯੁਵਾ ਅਕਾਲੀ ਦਲ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੂਮਾਜਰਾ ਵੀ ਮੀਟਿੰਗ ਵਿਚ ਸ਼ਾਮਲ ਸਨ। ਮੀਟਿੰਗ ਦੇ ਅੰਤ ਤੇ ਪੱਤਰਕਾਰਾਂ ਨਾਲ ਮੁਲਾਕਾਤ ਕਰਦੇ ਹੋਏ ਮੁੱਖ ਮੰਤਰੀ ਸ: ਬਰਨਾਲਾ ਨੇ ਦੱਸਿਆ ਕਿ ਮੀਟਿੰਗ ਨੇ ਕਪੂਰਥਲਾ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ: ਕਾਬਲ ਸਿੰਘ ਅਤੇ ਹੋਰਨਾਂ ਉਤੇ ਹੋਏ ਹਮਲੇ ਦੀ ਸਖਤ ਨਿਖੇਧੀ ਕੀਤੀ। ਮੀਟਿੰਗ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਪ੍ਰਗਟ ਕੀਤੀ ਹੈ। ਮੈਂਬਰਾਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੀਆਂ ਵਾਰਦਾਤਾਂ ਰੋਕਣ ਲਈ ਸਖਤ ਕਦਮ ਉਠਾਏ ਜਾਣ।

ਮੀਟਿੰਗ ਨੇ ਦਿੱਲੀ ਵਿਚ ਵਕੀਲ ਬਜਰੰਗ ਸਿੰਘ ਉਤੇ ਹੋਏ ਹਮਲੇ ਦੀ ਵੀ ਸਖਤ ਨਿਖੇਧੀ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਵਕੀਲ ਨੇ ਦੰਗਾ ਪੀੜਤ ਪਰਿਵਾਰਾਂ ਦੀਆਂ 90 ਵਿਧਵਾਵਾਂ ਨੂੰ ਸ਼ਰਨ ਦਿਤੀ ਸੀ। ਮੁੱਖ ਮੰਤਰੀ ਨੇ ਉਸ ਦੇ ਪਰਿਵਾਰ ਨਾਲ ਟੈਲੀਫੋਨ ਉਤੇ ਹਮਦਰਦੀ ਵੀ ਪ੍ਰਗਟ ਕੀਤੀ ਹੈ। ਸ. ਬਰਨਾਲਾ ਨੇ ਕਿਹਾ ਕਿ ਦਲ ਦੇ ਆਗੂ ਸ: ਸੁਰਜਨ ਸਿੰਘ ਠੇਕੇਦਾਰ ਸ: ਕਾਬਲ ਸਿੰਘ ਨੂੰ ਮਿਲ ਕੇ ਆਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਤਿਵੀਆਂ ਨੇ ਸ: ਕਾਬਲ ਸਿੰਘ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਨਹੀਂ ਚਲਾਈਆਂ ਸਨ। ਉਹ ਪੁਲੀਸ ਦੀ ਜੀਪ ਨੇੜੇ ਆ ਜਾਣ ਕਾਰਨ ਗੋਲੀਆਂ ਦੀ ਲਪੇਟ ਵਿਚ ਆ ਗਏ। ਉਨ੍ਹਾਂ ਨੇ ਇਹ ਕਹਿਣ ਤੋਂ ਇਨਕਾਰ ਕਰ ਦਿ ਤਾ ਕਿ ਸ਼ਰੋਮਣੀ ਕਮੇਟੀ ਅਤੇ ਦਮਦਮੀ ਟਕਸਾਲ ਦੀ ਗੱਲਬਾਤ ਪਿਛੋਂ ਪ੍ਰਤੀਕਰਮ ਵਜੋਂ ਇਹ ਕਾਰਵਾਈ ਹੋਈ ਹੈ। ਉਨ੍ਹਾਂ ਦੱਸਿਆ ਕਿ ਦਮਦਮੀ ਟਕਸਾਲ ਨਾਲ ਗੱਲਬਾਤ ਬਾਰੇ ਸ: ਠੇਕੇਦਾਰ ਉਨ੍ਹਾਂ ਨੂੰ ਰਿਪੋਰਟ ਦੇਣਗੇ।


ਸ. ਬਰਨਾਲਾ ਨੇ ਕਿਹਾ ਕਿ 'ਸਰਬੱਤ ਖਾਲਸਾ' ਸੰਮੇਲਨ ਦੇ ਫੈਸਲਿਆਂ ਨੂੰ ਅਮਲ ਵਿਚ ਲਿਆਉਣ ਲਈ ਸੈਸ਼ਨ ਦੌਰਾਨ ਹੀ ਮੀਟਿੰਗ ਬੁਲਾਈ ਜਾ ਰਹੀ ਹੈ।

ਕੋਈ ਮਾਰ ਖਾਂਦਾ ਕੋਈ ਹਾਰ ਪਾਂਦਾ।
ਆਪੋ ਆਪਣੇ ਵੇਖੋ ਨਸੀਬ ਮੀਆਂ।

ਅੱਤਿਵਾਦੀ ਤੇ ਨਰਮਪੰਥੀ ਬੰਦੇ ਦੋ ਵਿਰੋਧੀ ਸਿਰਿਆਂ 'ਤੇ ਖੜੇ ਹੁੰਦੇ ਹਨ ਤੇ ਆਪਸ ਵਿਚ ਕਦੇ ਨਹੀਂ ਮਿਲ ਸਕਦੇ। ਵਖ-ਵਖ ਸ਼੍ਰੇਣੀਆਂ ਦੇ ਅੱਤਿਵਾਦੀ (ਗਰਮ ਪੰਥੀ) ਇਕ-ਦੂਜੇ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਤੇ ਮਾਰ-ਮੁਕਾਉਣ ਲਈ ਤਿਆਰ ਰਹਿੰਦੇ ਹਨ। ਪਰ ਉਨ੍ਹਾਂ ਦੀ ਆਪਸ ਵਿਚ ਸਾਂਝ ਵੀ ਹੁੰਦੀ ਹੈ, ਤੇ ਓਪਰੀ ਨਜ਼ਰੇ ਉਹ ਲਗਭਗ ਇਕੋ ਪਰਵਾਰ ਦੇ ਬੰਦੇ ਜਾਪਦੇ ਹਨ। ਉਹ ਇਕ-ਦੂਜੇ ਨੂੰ ਇੰਜ ਨਫ਼ਰਤ ਕਰਦੇ ਹਨ, ਜਿਵੇਂ ਭਰਾ ਭਰਾਵਾਂ ਨੂੰ ਨਫ਼ਰਤ ਕਰਦੇ ਹਨ।



# ਫ਼ਿਲਮ-ਲੋਰ



## ਫਿਲਮ ਸਮੀਖਿਆ

### ਸ਼ਰਤ

ਜਿਵੇਂ "ਆਜ ਕੀ ਆਵਾਜ਼" ਤੇ "ਪੱਥਰ" ਫਿਲਮਾਂ ਅੰਗਰੇਜ਼ੀ ਫਿਲਮ "ਡੈਥਵਿਸ਼" 'ਤੇ ਅਧਾਰਤ ਸਨ ਉਸੇ ਤਰ੍ਹਾਂ "ਸ਼ਰਤ" ਫਿਲਮ ਦੇ ਵਿਸ਼ੇ ਚੋਂ ਵਿਦੇਸ਼ੀ ਮਿੱਟੀ ਦੀ ਗੰਧ ਆਉਂਦੀ ਹੈ। ਵਿਕਰਮ ਬੀਮਾਰ ਮਾਨਸਿਕਤਾ ਵਾਲਾ ਨੌਜਵਾਨ ਹੈ ਜੋ ਕਿ ਤਵਾਇਫਾਂ, ਵੇਸਵਾਵਾਂ ਤੇ ਮਾਡਲ-ਕੁੜੀਆਂ ਦੇ ਗਲ-ਘੁਟ ਕੇ ਕਤਲ ਕਰਦਾ ਹੈ। ਪੁਲੀਸ ਹੈਰਾਨ ਤੇ ਪਰੇਸ਼ਾਨ ਹੈ ਕਿ ਸਾਰੇ ਕਤਲ ਇਕੋ ਕਿਸਮ ਦੇ ਹਨ ਪਰ ਕਾਤਲ ਦੀ ਮਨਸ਼ਾ ਕੀ ਹੈ! ਹਰੇਕ ਕਤਲ ਪਿਛੋਂ ਕਾਤਲ ਘਟਨਾ ਵਾਲੀ ਥਾਂ 'ਤੇ ਫੋਟੋ-ਪੇਪਰ ਦੀ ਇਕ ਕਾਤਰ ਨਿਸ਼ਾਨੀ ਵਜੋਂ ਛੱਡ ਜਾਂਦਾ ਹੈ।

ਫਲੈਸ਼ ਬੈਕ ਤਕਨੀਕ ਦੀ ਵਰਤੋਂ ਨਾਲ ਦਰਸਾਇਆ ਜਾਂਦਾ ਹੈ ਕਿ ਵਿਕਰਮ ਏਸ ਲਈ ਔਰਤ-ਜ਼ਾਤ ਨੂੰ ਘੋਰ ਨਫਰਤ ਕਰਨ ਲੱਗਾ ਕਿਉਂ ਜੋ ਉਹ ਖੁਦ ਇਕ ਵੇਸਵਾ ਦਾ ਲੜਕਾ ਹੈ। ਇਸੇ ਕਹਾਣੀ ਦੇ ਨਾਲ ਨਾਲ ਦੂਜੀ ਕਹਾਣੀ ਤੁਰਦੀ ਜਾਂਦੀ ਹੈ ਕਿ ਵਿਕਰਮ ਅਤੇ ਅਰਜਨ ਜਿਗਰੀ ਦੋਸਤ ਹਨ। ਕਾਲਜੀ-ਜ਼ਿੰਦਗੀ ਵਿਚ ਉਹ ਚਾਈਂ ਚਾਈਂ ਦਿਨ ਬਿਤਾ ਰਹੇ ਹਨ। ਅਕਸਰ ਸ਼ਰਤਾ ਲਾਉਂਦੇ ਹਨ। ਸ਼ਰਤ ਜਿੱਤਣ ਵਾਲੇ ਲਈ ਦਸ ਦਾ ਨੋਟ ਮੁਕਰਰ ਹੈ। ਇਸੇ ਨੋਟ ਨੂੰ ਕਈ ਵਾਰ ਵਿਕਰਮ ਨੇ ਜਿੱਤਿਆ ਤੇ ਕਈ ਵਾਰ ਅਰਜਨ ਨੇ। ਉਨ੍ਹਾਂ ਦੋਨਾਂ ਦੀ ਜ਼ਿੰਦਗੀ ਵਿਚ ਕਿਰਨ ਨਾਂ ਦੀ ਮੁਟਿਆਰ ਦਾਖਲ ਹੁੰਦੀ ਹੈ। ਦੋਹੇਂ ਉਸ ਨੂੰ ਪਿਆਰ ਕਰਨ ਲਗਦੇ ਹਨ। (ਇਉਂ ਸੈਂਕੜੇ ਹਿੰਦੀ ਫਿਲਮਾਂ ਵਾਂਗ ਇਥੇ ਵੀ "ਪ੍ਰੇਮ ਤਿਕੋਣ" ਬਣ ਜਾਂਦੀ ਹੈ)। ਜਦੋਂ ਅਰਜਨ ਤੇ ਕਿਰਨ ਨੂੰ ਇਕ ਦੂਜੇ ਦੇ ਸਾਹਾਂ 'ਚ ਸਾਹ ਲੈਂਦਿਆਂ ਤੱਕਦਾ ਹੈ ਤਾਂ ਵਿਕਰਮ ਦਾ ਜਜ਼ਬਾਤੀ ਸੰਸਾਰ ਖੇਰੂੰ-ਖੇਰੂੰ ਹੋ ਜਾਂਦਾ ਹੈ। ਉਹ ਹੋਸਟਲ ਦੇ ਕਮਰੇ 'ਚ ਜਾ ਕੇ ਇਕ ਇਕ ਚੀਜ਼ ਨੂੰ ਚੁੱਕ ਚੁੱਕ ਮਾਰਦਾ ਹੈ ਤੇ ਆਪਣਾ ਗੁੱਸਾ ਕੱਢਦਾ ਹੈ, ਫਿਰ ਕੱਚ ਮਾਰ ਕੇ ਆਪਣੀ ਬਾਂਹ ਦੀ ਨਾੜ ਕੱਟਦਾ ਖੁਦਕਸ਼ੀ ਦੀ ਕੋਸ਼ਿਸ਼ ਕਰਦਾ ਹੈ ....।

ਵਿਕਰਮ ਦੇ ਰੋਲ 'ਚ ਨਸੀਰੁਦੀਨ ਸ਼ਾਹ ਅਤੇ ਕਿਰਨ ਦੇ ਰੂਪ ਵਿਚ ਸ਼ਬਾਨਾ ਆਜ਼ਮੀ ਦੇ ਅਭਿਨੈ ਉਪਰ ਕੋਈ ਉਂਗਲ ਨਹੀਂ ਰੱਖ ਸਕਦਾ। ਉਹ ਦੋਹੇਂ ਆਪਣੇ ਪਾਤਰਾਂ 'ਚ ਖੂਬ ਖੁੱਭੇ ਹਨ। ਸਗੋਂ ਅਰਜਨ ਦੇ ਰੋਲ ਵਿਚ ਕੰਵਲਜੀਤ ਸਿੰਘ ਵੀ ਉਨ੍ਹਾਂ ਦੇ ਬਰਾਬਰ ਭਿੜਿਆ ਹੈ। ਮੈਕਮੋਹਨ ਨੂੰ ਇਥੇ ਫੋਟੋਗਰਾਫਰ ਦਾ ਰੋਲ ਦਿੱਤਾ ਹੈ। ਸਾਰਿਕਾ ਨਾਚੀ ਦਾ ਰੋਲ ਛੋਟਾ ਹੈ।

"ਜਿਨਸ ਤੇ ਤਸ਼ੱਦਦ" ਵਿਸ਼ੇ ਨੂੰ ਲੈ ਕੇ ਬਣਾਈ ਫਿਲਮ "ਸ਼ਰਤ" ਪਹਿਲੇ ਅੱਧ ਤੱਕ ਤੇਜ਼ ਗਤੀ ਨਾਲ ਨਿਭਦੀ ਹੈ ਪਰ ਪਿਛਲੇ ਅੱਧ 'ਚ ਥਾਂ ਥਾਂ ਝੋਲ ਦਿਖਾਈ ਦਿੰਦੀ ਹੈ ਤੇ ਚਾਲ ਵੀ ਸੁਸਤ ਹੋ ਜਾਂਦੀ ਹੈ। ਫਿਲਮ ਦੇ ਕੁਝ ਨੁਕਸ ਤਾਂ ਬਹੁਤ ਹੀ ਰੜਕਵੇਂ ਹਨ। ਮਸਲਨ ਵਿਕਰਮ ਨੂੰ "ਮਾੜੀਆਂ ਔਰਤਾਂ" ਨੂੰ ਖਤਮ ਕਰਨ ਵਾਲਾ ਦਿਖਾਇਆ ਹੈ, ਫਿਰ ਉਹ ਰੂਹੀ ਉਰਫ ਸਾਰਿਕਾ ਨੂੰ ਕਿਉਂ ਕਤਲ ਕਰਦਾ ਹੈ? ਕਿਰਨ ਨੂੰ ਕਤਲ ਕਰਨ ਦੀ ਕਿਉਂ ਕੋਸ਼ਿਸ਼ ਕਰਦਾ ਹੈ? ਹਰੇਕ ਕਤਲ ਪਿਛੋਂ ਵਿਕਰਮ ਫੋਟੋ ਪੇਪਰ ਦਾ ਟੁਕੜਾ ਛੱਡ ਜਾਂਦਾ ਹੈ ਪਰ ਰੂਹੀ ਦੇ ਕਤਲ ਉਪਰੰਤ ਕੋਈ ਨਿਸ਼ਾਨੀ ਨਹੀਂ ਛੱਡੀ! ਜੇਕਰ ਵਿਕਰਮ ਕਿਰਨ ਨੂੰ ਏਸ ਲਈ ਕਤਲ ਕਰਨਾ ਲੋਚਦਾ ਹੈ ਕਿ ਉਹ ਬਦਲੇ 'ਚ ਉਸ ਨੂੰ ਪਿਆਰ ਨਹੀਂ ਕਰਦੀ ਬਲਕਿ ਉਸ ਦੇ ਜਿਗਰੀ ਦੋਸਤ ਨੂੰ ਪਿਆਰ ਕਰਦੀ ਹੈ ਤਾਂ ਇਹ ਵਿਸ਼ਾ-ਵਸਤੂ



ਵੈਸੇ ਹੀ ਬਕਵਾਸ ਬਣ ਜਾਂਦਾ ਹੈ ਤੇ ਸਾਡੇ ਦੇਸ਼ ਦੀ ਮਿੱਟੀ ਨਾਲ ਇਸ ਦੀ ਉਕਾ ਹੀ ਤਾਸੀਰ ਨਹੀਂ ਮਿਲਦੀ। ਸਮਾਂ ਪਾ ਕੇ, ਡਾਇਰੈਕਟਰ ਕੇਤਨ ਆਨੰਦ ਆਖੇਗਾ, "ਸ਼ਰਤ ਮੇਰੀ ਕਮਜ਼ੋਰ ਫਿਲਮ ਸੀ।"

—ਸ਼. ਸ. ਸ.





ਨਸੀਰੁਦੀਨ ਸ਼ਾਹ, ਮੁਨਮੁਨ ਸੇਨ

## ਪੰਜਾਬੀ ਫਿਲਮਾਂ ਦਾ ਡਾ. ਲਾਗੂ — ਯਸ਼ ਸ਼ਰਮਾ

ਪੰਜਾਬੀ ਫਿਲਮ 'ਖੇਡ ਪ੍ਰੀਤਾਂ ਦੀ' ਤੋਂ ਆਪਣਾ ਫਿਲਮੀ ਕੈਰੀਅਰ ਸ਼ੁਰੂ ਕਰਨ ਵਾਲਾ ਯਸ਼ ਸ਼ਰਮਾ ਹੁਣ ਤੀਕ ਪਝੱਤਰ ਦੇ ਕਰੀਬ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਕੰਮ ਕਰਕੇ ਫਿਲਮ ਦਰਸ਼ਕਾਂ ਦੇ ਦਿਲਾਂ ਵਿਚ ਆਪਣੀ ਵਿਸ਼ੇਸ਼ ਪਹਿਚਾਣ ਬਣਾ ਚੁੱਕਾ ਹੈ। ਪੰਜਾਬੀ ਫਿਲਮਾਂ ਦੇ ਚਰਿੱਤਰ ਅਦਾਕਾਰਾਂ ਵਿਚ ਉਸ ਦਾ ਨਾਂ ਹੀ ਕੋਈ ਜਾਣਦਾ ਹੈ। ਉਸ ਨੂੰ ਪੰਜਾਬੀ ਫਿਲਮਾਂ ਦਾ ਸ੍ਰੀ ਰਾਮ ਲਾਗੂ ਕਿਹਾ ਜਾ ਸਕਦਾ ਹੈ।

ਮੈਨੂੰ ਉਸ ਦੀ ਅਦਾਕਾਰੀ ਨੇ ਪੰਜਾਬੀ ਫਿਲਮ ਜਗਤ ਦੇ ਕਿਸੇ ਵੀ ਚਰਿੱਤਰ ਅਭਿਨੇਤਾ ਨਾਲੋਂ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਵਰਿੰਦਰ ਨਿਰਦੇਸ਼ਤ ਸੁਪਰ ਹਿਟ ਪੰਜਾਬੀ ਫਿਲਮ 'ਸਰਪੰਚ' ਵਿਚ ਉਸ ਵਲੋਂ ਨਿਭਾਇਆ ਟਾਈਟਲ ਰੋਲ ਇਥੇ ਉਦਾਹਰਣ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। 'ਸਰਪੰਚ' ਦੇ ਕਿਦਾਰ ਵਿਚ ਯਸ਼ ਸ਼ਰਮਾ ਨੇ ਅਭਿਨੈ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਯਤਨ ਕੀਤਾ ਸੀ। ਆਪਣੇ ਜਜ਼ਬਾਤੀ ਅਭਿਨੈ ਨਾਲ ਉਸ ਨੇ ਦਰਸ਼ਕਾਂ ਨੂੰ ਹਲੂਣ ਕੇ ਰੱਖ ਦਿੱਤਾ — ਸੱਚ ਪੁਛੋ ਤਾਂ 'ਸਰਪੰਚ' ਦੀ ਸਫਲਤਾ ਵਿਚ ਉਸ ਦਾ ਕਾਫੀ ਹੱਥ ਸੀ। ਪੰਜਾਬੀ ਫਿਲਮਾਂ ਵਿਚ ਇਕ ਇਹ ਹੀ ਅਜਿਹਾ ਕਲਾਕਾਰ ਹੈ, ਜਿਸ ਨੂੰ ਲੋਕਾਂ ਨੇ ਚਰਿੱਤਰ ਅਭਿਨੇਤਾ ਦੇ ਨਾਲ ਨਾਲ ਖਲਨਾਇਕ ਵਜੋਂ ਵੀ ਪੂਰੀ ਮਾਨਤਾ ਦਿੱਤੀ ਹੈ।

ਬੀਤੇ ਦਿਨੀਂ ਯਸ਼ ਸ਼ਰਮਾ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਉਸ ਨਾਲ ਹੋਈ ਗੱਲਬਾਤ ਦਾ ਵੇਰਵਾ ਇੰਝ ਹੈ:—

? ਹੁਣ ਤੀਕ ਤੁਸੀਂ ਅਨੇਕਾਂ ਫਿਲਮਾਂ ਵਿਚ ਵਿਭਿੰਨ ਪ੍ਰਕਾਰ ਦੇ ਕਿਰਦਾਰ ਅਭਿਨੀਤ ਕਰ ਚੁੱਕੇ ਹੋ — ਦਰਸ਼ਕਾਂ ਨੇ ਤੁਹਾਨੂੰ ਹਰ ਰੂਪ ਵਿਚ ਬੇਹੱਦ ਸਵੀਕਾਰਿਆ ਹੈ। ਆਪਣੀ ਕਿਸੇ ਅਜਿਹੀ ਫਿਲਮ ਦਾ ਨਾਮ ਦੱਸੋ — ਜਿਸ ਨੂੰ ਤੁਸੀਂ ਹੁਣ ਤੀਕ ਕਲਾ ਪੱਖੋਂ ਬਿਹਤਰ ਫਿਲਮ ਸਮਝਦੇ ਹੋ।

— ਅਭਿਨੈ ਅਥਾਹ ਸਮੁੰਦਰ ਦਾ ਨਾਂ ਹੈ। ਜਿੰਨਾ ਕੁਝ ਵੀ ਹਾਸਲ ਕੀਤਾ ਜਾਵੇ ਉਨਾ ਹੀ ਥੋੜ੍ਹਾ ਹੈ। ਦਰਅਸਲ ਕਲਾਕਾਰੀ ਦੀ ਕੋਈ ਸਿਖਰ ਹੀ ਨਹੀਂ। ਕੋਈ ਵੀ ਕਿਰਦਾਰ ਨਿਭਾ ਕੇ ਇਹ ਕਹਿ ਦੇਣਾ ਕਿ ਕਲਾ ਦੀ ਚੋਟੀ 'ਤੇ ਪੁੱਜ ਗਏ — ਅਣਜਾਣਪੁਣੇ ਦੀ ਗੱਲ ਹੈ। ਮੈਂ ਆਪਣੀ ਹਰੇਕ ਫਿਲਮ ਵਿਚ ਕੁਝ ਨਵਾਂ ਅਤੇ ਬਿਹਤਰ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਰਹਿੰਦਾ ਹਾਂ।

? ਆਮ ਕਰਕੇ ਅਜਿਹਾ ਹੁੰਦਾ ਹੈ ਕਿ ਪੰਜਾਬੀ ਫਿਲਮਾਂ 'ਚ ਕੰਮ ਕਰਨ ਵਾਲੇ ਕਲਾਕਾਰ ਜਦੋਂ ਹਿੰਦੀ ਫਿਲਮਾਂ 'ਚ ਕੰਮ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦੇ ਹਨ ਤਾਂ ਉਹ ਪੰਜਾਬੀ ਫਿਲਮਾਂ ਨੂੰ ਅਲਵਿਦਾ ਆਖ ਦਿੰਦੇ ਹਨ। ਕੀ ਅਜਿਹਾ ਨਹੀਂ ਹੋ ਸਕਦਾ ਕਿ ਤੁਸੀਂ ਪੰਜਾਬੀ ਫਿਲਮਾਂ ਨੂੰ ਹੀ ਸਮਰਪਿਤ ਹੋ ਜਾਓ?

— ਹਰੇਕ ਇਨਸਾਨ ਵਿਚ ਅਗੇ ਵਧਣ ਦੀ ਇੱਛਾ ਹੁੰਦੀ ਹੈ। ਇਸ ਲਈ ਸੁਭਾਵਿਕ ਹੈ ਕਿ ਜੇ ਕਿਸੇ ਨੂੰ ਜ਼ਿੰਦਗੀ ਵਿਚ ਚੰਗਾ ਮੌਕਾ ਮਿਲਦਾ ਹੈ — ਅੱਗੇ ਵਧਣ ਦੇ ਮੌਕੇ ਪ੍ਰਾਪਤ ਹੁੰਦੇ ਹਨ ਤਾਂ ਉਹ ਅਜਿਹੇ ਵਕਤ ਦਾ ਪੂਰਾ ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰੇਗਾ। ਪਰ ਮੰਜ਼ਲ 'ਤੇ ਪਹੁੰਚ ਕੇ ਆਪਣੀ ਬੁਨਿਆਦ ਭੁੱਲ ਜਾਣਾ ਚੰਗੀ ਗੱਲ ਨਹੀਂ। ਜੇ ਮੈਨੂੰ ਹਿੰਦੀ ਫਿਲਮਾਂ ਨੇ ਪੂਰੀ ਤਰ੍ਹਾਂ ਸਵੀਕਾਰ ਕਰ ਵੀ ਲਿਆ। ਤਦ ਵੀ ਮੈਂ ਪੰਜਾਬੀ ਫਿਲਮਾਂ ਦੀ ਸੇਵਾ ਪਹਿਲਾਂ ਵਾਂਗ ਹੀ ਕਰਦਾ ਰਹਾਂਗਾ। ਹਾਲੇ ਤਾਂ ਮੈਂ ਹਿੰਦੀ ਫਿਲਮਾਂ ਵਿਚ ਸਥਾਪਤ ਹੋਣ ਲਈ ਸੰਘਰਸ਼ ਕਰ ਰਿਹਾ ਹਾਂ।

? ਹੁਣ ਤੀਕ ਕਿਹੜੀਆਂ ਕਿਹੜੀਆਂ ਹਿੰਦੀ ਫਿਲਮਾਂ ਵਿਚ ਕੰਮ ਕਰ ਚੁਕੇ ਹੋ ਅਤੇ ਹੋਰ ਕਿਹੜੀਆਂ ਕਿਹੜੀਆਂ ਹਿੰਦੀ ਫਿਲਮਾਂ 'ਚ ਕੰਮ ਕਰ ਰਹੇ ਹੋ?

— 'ਪੱਥਰ ਔਰ ਪਾਇਲ', 'ਮੇਰੇ ਅਪਨੇ', 'ਨਫਰਤ', 'ਨਾਦਾਨ' ਅਤੇ 'ਕੋਸ਼ਿਸ਼' ਵਿਚ ਥੋੜ੍ਹਾ ਬਹੁਤ ਕੰਮ ਕਰਨ ਦਾ ਮੌਕਾ ਮਿਲਿਆ ਹੈ। ਪਰ ਅਜੇ ਤੀਕ ਕੋਈ ਅਜਿਹਾ ਰੋਲ ਨਹੀਂ ਮਿਲਿਆ — ਜਿਸ ਵਿਚ ਕੁਝ ਖਾਸ ਕਰ ਦਿਖਾਉਣ ਦਾ ਮੌਕਾ ਮਿਲਿਆ ਹੋਵੇ। ਪੰਜਾਬੀ ਫਿਲਮਾਂ 'ਗੁੱਡੋ' ਅਤੇ 'ਵੀਰਾ' ਦੇ ਡਾਇਰੈਕਟਰ ਅੰਮ੍ਰਿਤ ਰਾਣਾ ਨਿਰਦੇਸ਼ਤ ਹਿੰਦੀ ਫਿਲਮ 'ਦੁਨੀਆਂ ਪਾਗਲ ਹੈ' ਵਿਚ ਮੇਰਾ ਅੱਛਾ ਖਾਸਾ ਰੋਲ ਹੈ। ਇਸ ਤੋਂ ਇਲਾਵਾ 'ਮੁੱਹਬਤ ਕੀ ਕਸਮ', ਅੰਜਾਮੇ ਸਿਤਮ', 'ਸਹਾਰਾ', 'ਮਾਂ ਕਸਮ' ਅਤੇ 'ਗੰਗਾ ਕਿਨਾਰੇ' ਆਦਿ ਹਿੰਦੀ

ਬਾਕੀ ਪੰਨਾ 19 ਤੇ

ਪੰਨਾ 18 ਦੀ ਬਾਕੀ

ਫਿਲਮਾਂ ਵਿਚ ਵੀ ਮੈਂ ਆ ਰਿਹਾ ਹਾਂ।

? ਤੁਹਾਡੀਆਂ ਪੰਜਾਬੀ ਫਿਲਮਾਂ ?

— ਮੇਰੀਆਂ ਵਰਨਣਯੋਗ ਪੰਜਾਬੀ ਫਿਲਮਾਂ ਵਿਚ 'ਮੇਲੇ ਮਿੱਤਰਾਂ ਦੇ', 'ਤੇਰੇ ਰੰਗ ਨਿਆਰੇ', 'ਵਲੈਤੀ ਬਾਬੂ', 'ਲਾਜੋ', 'ਬਟਵਾਰਾ', 'ਸਰਦਾਰਾ ਕਰਤਾਰਾ', 'ਮਾਵਾਂ ਠੰਡੀਆਂ ਛਾਵਾਂ', 'ਆਸਰਾ ਪਿਆਰ ਦਾ', 'ਸਰਪੰਚ', 'ਮਾਮਲਾ ਗੜਬੜ ਹੈ', 'ਰੂਪ ਸ਼ੁਕੀਨਣ ਦਾ', 'ਜਿਗਰੀ ਯਾਰ', 'ਸੋਹਣੀ ਮਹੀਂਵਾਲ', 'ਇਸ਼ਕ ਨਿਮਾਣਾ', 'ਰਾਣੋ', 'ਵੀਰਾ', 'ਗੁੱਡੋ', 'ਨਿੰਮੋ' ਅਤੇ 'ਵੈਰੀ ਜੱਟ' ਦਾ ਨਾਮ ਲਿਆ ਜਾ ਸਕਦਾ ਹੈ। 'ਅਣਖੀਲੀ ਮੁਟਿਆਰ', 'ਤਕਰਾਰ', 'ਕੌਣ ਦਿਲਾਂ ਦੀਆਂ ਜਾਣੇ', 'ਬਾਬਲ ਦਾ ਵਿਹੜਾ', ਅਤੇ 'ਜੱਟ ਦਾ ਗੰਡਾਸਾ' ਰਿਲੀਜ਼ ਹੋਣ ਵਾਲੀਆਂ ਫਿਲਮਾਂ ਵਿਚ ਮੈਂ ਅਹਿਮ ਕਿਰਦਾਰ ਨਿਭਾਇਆ ਹੈ।



ਯਸ਼ ਫਿਲਮ 'ਗੁੱਡੋ' ਵਿਚ

? ਸੁਣਿਆ ਹੈ ਰੰਗੀਲਾ ਫਿਲਮਜ਼ ਇਂਟਰਨੈਸ਼ਨਲ ਦੀ 'ਗੁੱਡੋ' ਵਿਚ ਤੁਹਾਡੇ ਉਤੇ ਤਿੰਨ ਬਲਾਤਕਾਰ ਦ੍ਰਿਸ਼ ਫੁਲਮਾਏ ਗਏ ਸਨ। ਹੋਰ ਵੀ ਕਈ ਫਿਲਮਾਂ ਵਿਚ ਤੁਹਾਡੇ ਕੋਲੋਂ ਇਕੁਇਕ ਦੋ-ਦੋ ਬਲਾਤਕਾਰ ਸੀਨ ਕਰਵਾਏ ਗਏ ਹਨ। ਕੀ ਅਜਿਹੇ ਦ੍ਰਿਸ਼ ਦਿੰਦਿਆਂ ਤੁਹਾਨੂੰ ਕੁਝ ਹੋਰੂੰ ਜਿਹਾ ਮਹਿਸੂਸ ਨਹੀਂ ਹੁੰਦਾ ?

— ਇਕ ਕਲਾਕਾਰ ਦੀ ਮਜ਼ਬੂਰੀ ਹੁੰਦੀ ਹੈ ਮੇਰੇ ਭਾਈ। ਜੋ ਕੁਝ ਪ੍ਰੋਡਿਊਸਰ—ਡਾਇਰੈਕਟਰ ਕਹਿੰਦੇ ਨੇ ਸਾਨੂੰ ਖਿੜੇ ਮੱਥੇ ਸਵੀਕਾਰ ਕਰਨਾ ਪੈਂਦਾ ਹੈ। ਅਸੀਂ ਨਾਚੀਜ਼ ਕਲਾਕਾਰ ਕੌਣ ਹੁੰਦੇ ਹਾਂ ਉਨ੍ਹਾਂ ਦੇ ਹੁਕਮ ਨੂੰ ਟਾਲਣ ਵਾਲੇ। ਵੈਸੇ ਮੈਂ ਬਲਾਤਕਾਰ(ਸੀਨ) ਕਰ ਕਰਕੇ ਥੱਕ ਗਿਆ ਹਾਂ।

? ਕਿਸੇ ਫਿਲਮ ਦਾ ਖੁਦ ਵੀ ਨਿਰਮਾਣ ਕਰ ਰਹੇ ਹੋ ?

— ਹਾਂ, ਜਲਦੀ ਹੀ 'ਸਰਬੱਤ ਦਾ ਭਲਾ' ਮੁਕੰਮਲ ਕਰ ਰਿਹਾ ਹਾਂ। ਇਸ ਫਿਲਮ ਦੀ ਸ਼ੂਟਿੰਗ ਵੀ ਗੋਪਾਲ ਜੀ ਦੇ ਸਵਰਗਵਾਸ ਹੋ ਜਾਣ ਕਰਕੇ ਰੋਕਣੀ ਪੈ ਗਈ ਸੀ — ਪਰ ਹੁਣ ਜਲਦੀ ਹੀ ਬਾਕੀ ਫਿਲਮ ਪੂਰੀ ਕਰਨ ਦੀ ਕੋਸ਼ਿਸ਼ ਵਿਚ ਹਾਂ। ਇਸ ਤੋਂ ਪਹਿਲਾਂ ਵੀ ਇਕ ਧਾਰਮਿਕ ਫਿਲਮ 'ਤੇਰੇ ਰੰਗ ਨਿਆਰੇ' ਪ੍ਰੋਡਿਊਸ ਕੀਤੀ ਹੈ।

ਓਮ ਪ੍ਰਕਾਸ਼ ਕਮਲ

# ਲਾਹੌਰ ਜਾ ਨਾ ਸਕਿਆ

'ਸੂਫ਼ੀ' ਅਮਰਜੀਤ

ਕੈਨੇਡਾ ਤੋਂ ਜਾਣ ਸਮੇਂ ਮੇਰੇ ਮਨ ਵਿਚ ਇਹ ਵੀ ਸੀ ਕਿ ਜੇਕਰ ਘਰੇਲੂ ਰੁਝੇਵਿਆਂ ਚੋਂ ਸਮਾਂ ਮਿਲਿਆ ਤਾਂ ਦੋ ਦਿਨਾਂ ਲਈ ਲਾਹੌਰ ਜ਼ਰੂਰ ਜਾਵਾਂਗਾ। ਇਹ ਮੇਰੇ ਮਨ ਦੀ ਬੜੀ ਪੁਰਾਣੀ ਤਾਂਘ ਸੀ ਕਿ ਵਾਘਿਉਂ ਪਾਰ ਦੇ ਪਾਕਿਸਤਾਨੀ ਪੰਜਾਬ ਨੂੰ ਵੇਖਾਂਗਾ। ਜਦੋਂ ਮੈਂ 1980-81 ਵਿਚ ਭਾਰਤ ਗਿਆ ਸੀ, ਉਸ ਵੇਲੇ ਵੀ ਮੈਂ ਇਹ ਮਨ 'ਚ ਧਾਰ ਕੇ ਗਿਆ ਸੀ ਕਿ ਲਾਹੌਰ ਜ਼ਰੂਰ ਜਾਣਾ, ਉਸ ਵੇਲੇ ਜਦੋਂ ਅੰਮ੍ਰਿਤਸਰ ਪਹੁੰਚਿਆ ਤਾਂ ਬੜਾ ਜ਼ੋਰ ਦਾ ਮੀਂਹ ਪਿਆ ਕਿ ਅੰਮ੍ਰਿਤਸਰ ਦੇ ਬਾਜ਼ਾਰਾਂ ਵਿਚ ਗੋਡੇ ਗੋਡੇ ਪਾਣੀ ਫਿਰ ਰਿਹਾ ਸੀ, ਮੈਂ ਸੋਚਿਆ ਕਿ ਇਹੋ ਕੁਝ ਲਾਹੌਰ ਹੋਵੇਗਾ, ਸੋ ਜਾਣ ਦਾ ਕੋਈ ਲਾਭ ਨਾ ਹੋਵੇਗਾ। ਇਸ ਤਰ੍ਹਾਂ ਮੈਂ ਮੁੜ ਜਲੰਧਰ ਆ ਗਿਆ, ਏਥੇ ਵੀ ਰੇਲਵੇ ਸਟੇਸ਼ਨ ਉਪਰ ਵੀ ਮੋਹਲਾਧਾਰ ਮੀਂਹ ਪੈਣ ਕਾਰਨ ਕੋਈ ਫੁੱਟ ਫੁੱਟ ਪਾਣੀ ਫਿਰ ਰਿਹਾ ਸੀ।

ਇਸ ਵਾਰ ਮੌਸਮ ਬੜਾ ਸਾਫ ਸੀ, ਜਨਵਰੀ ਦੀ 15 ਤਾਰੀਖ ਸੀ। ਪੰਜਾਬ ਵਿਚ ਪਿਛਲੇ ਤਿੰਨ-ਚਾਰ ਸਾਲਾਂ ਤੋਂ ਜੋ ਵਾਤਾਵਰਣ ਬਣਿਆ ਰਿਹਾ ਸੀ, ਉਸ ਦਾ ਵੀ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ। ਮੈਂ ਰੋਡਵੇਜ਼ ਦੀ ਢਿਚਕੂੰ ਢਿਚਕੂੰ ਕਰਦੀ ਬਸ ਉਪਰ ਅੰਮ੍ਰਿਤਸਰ ਪੁੱਜਿਆ। ਸੋਚਿਆ ਸਟੇਸ਼ਨ ਤੋਂ ਅਗਲੀ ਸਵੇਰ ਦੀ ਟਰੇਨ ਦੇ ਸਮੇਂ ਦਾ ਪਤਾ ਕਰ ਆਵਾਂ। ਪਤਾ ਕਰਨ ਉਪਰ ਜਾਣਕਾਰੀ ਇਹ ਮਿਲੀ ਕਿ ਪਾਕਿਸਤਾਨ ਤੋਂ ਟਰੇਨ ਇਕ ਘੰਟੇ ਤੱਕ ਆਉਣ ਵਾਲੀ ਹੈ, ਟਰੇਨ ਆਉਣ ਉਪਰ ਹੀ ਪਲੇਟ ਫਾਰਮ ਉਤੇ ਟਿਕਟਾ ਮਿਲਣਗੀਆਂ ਅਤੇ ਫਿਰ ਉਹ ਵਾਲਸ ਪਰਤ ਜਾਵੇਗੀ।

ਟਰੇਨ ਆਈ। ਪਾਕਿਸਤਾਨ ਅਤੇ ਅਟਾਰੀ ਨੂੰ ਜਾਣ ਵਾਲੇ ਟਿਕਟਾ ਲੈਣ ਲਈ ਖਿੜਕੀ ਅੱਗੇ ਇਕੱਠੇ ਹੋਏ, ਹੱਥ ਵਿਚ ਨੋਟ ਫੜੀ ਖਿੜਕੀ ਉਪਰ ਉਲਰੇ ਹੋਏ ਸਨ, ਭਾਵ ਕੋਈ ਲਾਈਨ ਆਦਿ ਨਹੀਂ ਸੀ। ਓੜਕ ਟਿਕਟ ਮਿਲ ਗਈ। ਟਰੇਨ ਖਾਲੀ ਵਾਂਗ ਹੀ ਸੀ। ਅੱਧੇ ਕੁ ਘੰਟੇ ਪਿਛੋਂ ਉਹ ਪਾਕਿਸਤਾਨ ਵੱਲ ਨੂੰ ਤੁਰ ਪਈ। ਹਰ ਪੁਲਸ ਵਾਲਾ, ਹਰ ਇਕ ਸਵਾਰੀ ਜੋ ਮੇਰੇ ਡੱਬੇ ਵਿਚ ਸੀ, ਮੇਰੇ ਵੱਲ, ਪਤਾ ਨਹੀਂ ਕਿਉਂ ਓਪਰੀ ਨਿਗਾਹ ਨਾਲ ਦੇਖ ਰਹੇ ਸਨ। ਮੇਰੇ ਸਾਦਾ ਕਲੀਆਂ ਵਾਲਾ ਕਮੀਜ਼-ਪਜਾਮਾ ਪਾਇਆ ਹੋਇਆ ਸੀ, ਲੰਬੀ ਦਾਹੜੀ ਅਤੇ ਸਿਰ ਤੇ ਪਗੜੀ ਸੀ। ਸ਼ਾਇਦ ਉਹ ਮੈਨੂੰ ਇਸ ਵੇਸ ਵਿਚ ਲਾਹੌਰ ਦੀ ਟਰੇਨ ਚੜ੍ਹੇ ਨੂੰ ਦੇਖ ਕੇ, ਮਨ ਵਿਚ ਪੰਜਾਬ ਦੇ ਬੀਤੇ ਹਾਲਾਤ ਦੀ ਪਿਠ-ਭੂਮੀ ਵਿਚ ਦੇਖ ਰਹੇ ਹੋਣ।

ਮੈਂ ਖੁਸ਼ ਸਾਂ ਕਿ ਮੇਰਾ ਇਕ ਦਿਨ ਬਚ ਗਿਆ। ਜਿਹੜੀ ਰਾਤ ਅੰਮ੍ਰਿਤਸਰ ਕੱਟਣੀ ਸੀ, ਹੁਣ ਲਾਹੌਰ ਕੱਟਾਂਗਾ, ਦੋ ਦਿਨ ਲਾਹੌਰ ਤੇ ਆਲਾ ਦੁਆਲਾ ਦੇਖਾਂਗਾ

ਜਦੋਂ ਗੱਡੀ ਅਟਾਰੀ ਅਪੜੀ ਤਾਂ ਇਮੀਗਰੇਸ਼ਨ ਅਧਿਕਾਰੀ ਜਾਂਚ ਕਰ ਰਹੇ ਸਨ। ਇਹ ਅਧਿਕਾਰੀ ਪਾਕਿਸਤਾਨ ਦੇ ਨਹੀਂ ਸਨ, ਜਿਨ੍ਹਾਂ ਦਾਖਲੇ ਲਈ ਜਾਂਚ ਕਰਨੀ ਸੀ, ਸਗੋਂ ਭਾਰਤੀ ਸਨ। ਇਕ ਨੌਜੁਆਨ ਪਗੜੀ ਵਾਲੇ ਸਿਖ-ਸਰਦਾਰ ਅਧਿਕਾਰੀ ਨੇ ਮੇਰਾ ਕੈਨੇਡੀਅਨ ਪਾਸਪੋਰਟ ਦੇਖਿਆ ਅਤੇ ਪੁੱਛਿਆ, ਤੁਹਾਡੇ ਕੋਲ ਪਾਕਿਸਤਾਨ ਜਾਣ ਲਈ ਵੀਜ਼ਾ ਹੈ ? ਮੈਂ ਕਿਹਾ, "ਮੇਰੇ ਪਾਸਪੋਰਟ ਉਪਰ ਭਾਰਤ ਵਿਚ ਦਾਖਲੇ ਲਈ ਜੋ ਵੀਜ਼ੇ ਦੀ ਮੋਹਰ ਲੱਗੀ ਹੋਈ ਹੈ, ਉਸ ਉਪਰ ਲਿਖਿਆ ਹੋਇਆ ਹੈ ਕਿ ਮੈਂ ਤਿੰਨ ਬਾਰ ਭਾਰਤ ਵਿਚ ਤਿੰਨ ਮਹੀਨਿਆਂ ਦੇ ਵਿਚ ਜਾ ਆ ਸਕਦਾ ਹਾਂ ਅਤੇ ਪੰਜਾਬ ਵਿਚ ਦਾਖਲਾ ਹੋਣ ਲਈ ਮੇਰੇ ਕੋਲ ਪਰਮਿਟ ਹੈ।" ਤਾਂ ਉਸ ਅਧਿਕਾਰੀ ਨੇ ਮੈਨੂੰ ਅਗੇ ਇਕ ਹੋਰ ਅਧਿਕਾਰੀ ਕੋਲ ਜਾਣ ਲਈ ਕਿਹਾ।

ਮੈਂ ਉਸ ਕੋਲ ਜਾ ਕੇ ਦੱਸਿਆ ਤਾਂ ਉਸ ਫਿਰ ਮੈਨੂੰ ਕਿਹਾ, 'ਕਿ ਤੁਸੀਂ ਜਾ ਨਹੀਂ ਸਕਦੇ।' ਮੈਂ ਪੁੱਛਿਆ 'ਕਿਉਂ'? ਉਸ ਉਤਰ ਦਿਤਾ, "ਇਹ ਪਰਮਿਟ ਪੰਜਾਬ ਵਿਚ ਦਾਖਲ ਹੋਣ ਲਈ ਹੈ, ਬਾਹਰ ਜਾਣ ਲਈ ਨਹੀਂ ਹੈ", ਮੈਂ ਕਿਹਾ, "ਪੰਜਾਬ ਤੋਂ ਬਾਹਰ ਜਾਣ ਲਈ ਕਿਸੇ ਪਰਮਿਟ ਦੀ ਜਾਂ ਆਗਿਆ ਦੀ ਕਿਉਂ ਲੋੜ ਹੈ ? ਇਹ ਮੇਰੀ ਮਰਜ਼ੀ ਹੈ ਕਿ ਮੈਂ ਮਿਲੇ ਵੀਜ਼ੇ ਅਤੇ ਪਰਮਿਟ ਦੇ ਅਨੁਸਾਰ ਇਥੋਂ ਜਾਵਾਂ ਜਾਂ ਨਾ ਜਾਵਾਂ।"

ਇੰਨੇ ਨੂੰ ਇਕ ਹੋਰ ਅਧਿਕਾਰੀ ਆ ਗਿਆ ਜਿਸ ਦੇ ਬਰਦੀ ਪਾਈ ਹੋਈ ਸੀ ਅਤੇ ਸਿਖ ਸਰਦਾਰ ਸੀ। ਉਸ ਨੇ ਮੈਨੂੰ ਪੁੱਛਿਆ 'ਕੀ ਗੱਲ ਹੈ।' ਮੈਂ ਸਾਰੀ ਗੱਲ ਸੰਖੇਪ ਵਿਚ ਦੱਸੀ ਕਿ ਲਾਹੌਰ ਜਾਣਾ ਹੈ। ਤਾਂ ਉਸ ਨੇ, ਪਹਿਲੇ ਬਾਬੂ ਨੂੰ ਸੰਬੋਧਨ ਹੋ ਕੇ ਕਿਹਾ, "ਹਾਂ, ਹਾਂ ਇਹ ਜਾ ਸਕਦੇ ਹਨ, ਜੋ ਪਰਸੋਂ ਨਵਾਂ ਹੁਕਮ ਆਇਆ ਹੈ, ਉਹ ਤੁਸੀਂ ਦੇਖਿਆ ਨਹੀਂ ? ਮੈਂ ਫਾਈਲ ਵਿਚ ਲਾਇਆ ਹੋਇਆ ਹੈ, ਤੁਹਾਨੂੰ ਦੇਖਣਾ ਚਾਹੀਦਾ ਸੀ। ਉਸ ਅਨੁਸਾਰ ਹੀ ਤਾਂ ਪਰਸੋਂ ਉਸ ਇਸਤਰੀ ਨੂੰ ਫਾਰਮ ਭਰ ਕੇ ਜਾਣ ਦੀ ਇਜਾਜ਼ਤ ਦਿੱਤੀ ਸੀ।" ਇਹ ਕੁਝ ਆਖ ਕੇ ਉਹ ਉਸ ਬਾਬੂ ਦੇ ਵੱਲ ਵੇਖਣ ਲੱਗਾ, ਤਾਂ ਬਾਬੂ ਕਹਿਣ ਲੱਗਾ, "ਹਾਂ ਜੀ, ਪਰ ਇਹ ਬਾਰਡਰ ਦੇ ਰਾਹ ਨਹੀਂ ਨਾ ਜਾ ਸਕਦੇ, ਇਨ੍ਹਾਂ ਨੂੰ ਚਾਹੀਦਾ ਸੀ ਮਿਸਟ੍ਰ ਖਾਕਾ ਤੋਂ (ਜੋ ਗ੍ਰਹਿ ਵਿਭਾਗ ਵਿਚ ਅੰਡਰ ਸੈਕਟਰੀ ਹੈ) ਲਿਖਵਾ ਲਿਆਉਂਦੇ।" ਤਾਂ ਉਹ ਸਿਖ ਸਰਦਾਰ ਅਫਸਰ ਬਾਬੂ ਦੇ ਕਿਸੇ ਸੰਕੇਤ ਮਿਲਣ ਉਪਰ ਇਕ ਦਮ ਹੀ ਬਦਲ ਗਿਆ, "ਹਾਂ ਜੀ, ਪਰ ਤੁਸੀਂ ਮਿਸਟਰ ਖਾਕਾ ਤੋਂ ਲਿਖਵਾ ਲਿਆਵੋ ਜਾਂ ਫਿਰ ਤੁਸੀਂ ਬਾਈ ਏਅਰ ਜਾਵੋ।" ਮੈਂ ਹੱਸਦਿਆਂ ਕਿਹਾ "ਅਜੀਬ ਹੈ ਇਹ ਗੱਲ ਕਿ ਬਾਰਡਰ ਰਾਹੀਂ ਨਹੀਂ ਜਾ ਸਕਦਾ ਪਰ ਹਵਾਈ ਜਹਾਜ਼ ਰਾਹੀਂ ਜਾ ਸਕਦਾ ਹਾਂ।"

ਮੈਂ ਉਸ ਨਾਲ ਕੋਈ ਬਹਿਸ ਕਰਨਾ ਉਚਿਤ ਨਾ ਸਮਝਿਆ ਕਿ ਇਕ ਵਾਰ ਇਨ੍ਹਾਂ ਨਾਂਹ ਜੋ ਕਰ ਦਿਤੀ, ਇਨ੍ਹਾਂ ਹੁਣ ਹਾਂ ਤਾਂ ਕਰਨੀ ਨਹੀਂ। ਉਨ੍ਹਾਂ ਫਿਰ ਮੇਰੇ ਨਾਲ ਹਮਦਰਦੀ ਦਿਖਾਉਂਦਿਆਂ ਕਿਹਾ ਮੈਂ ਤੁਹਾਨੂੰ ਬੱਸ ਅੱਡੇ ਦਾ ਰਾਹ ਦੱਸਣ ਲਈ ਇਕ ਸਿਪਾਹੀ ਨੂੰ ਨਾਲ ਭੇਜਦਾ ਹਾਂ, ਵੈਸੇ ਸਾਡੀ ਜੀਪ ਤਾਂ ਲੇਟ ਰਾਤ ਨੂੰ ਅੰਮ੍ਰਿਤਸਰ ਜਾਵੇਗੀ। ਸੋ ਉਸ ਸਿਪਾਹੀ ਨੇ ਮੈਨੂੰ ਰਿਕਸ਼ੇ ਉਪਰ ਬੈਠਾ ਦਿਤਾ। ਅਤੇ ਅਗੋਂ ਮੈਂ ਇਕ ਬਾਰਡਰ ਵਲੋਂ ਆਉਂਦੀ ਪਰਾਈਵੇਟ ਕਾਰ ਵਾਲੇ ਨੂੰ ਪੰਜ ਰੁਪਏ ਦੇ ਕੇ ਰਾਤ ਆ ਅੰਮ੍ਰਿਤਸਰ ਰਿਹਾ। ਲਾਹੌਰ ਜਾਣ ਦੀ ਚਾਹ ਦਿਲ ਵਿਚ ਹੀ ਸਮਾਈ ਰਹਿ ਗਈ।

ਇਹ ਭਾਰਤ ਦੇ ਉਹ ਅਧਿਕਾਰੀ ਹਨ ਜੋ ਕਿ ਆਪਣੀ ਸਮਝ ਨੂੰ ਹੀ ਕਾਨੂੰਨ ਸਮਝਦੇ ਹਨ। ਪਾਸਪੋਰਟ ਉਪਰ ਲੱਗੀਆਂ ਮੋਹਰਾਂ, ਵੀਜ਼ਾ ਅਤੇ ਪਰਮਿਟ, ਉਨ੍ਹਾਂ ਲਈ ਕੋਈ ਵੁੱਕਤ ਨਹੀਂ ਰਖਾਉਂਦੇ। ਉਨ੍ਹਾਂ ਅਜਿਹਾ ਕਿਉਂ ਕੀਤਾ ? ਭਾਵੇਂ ਹੋ ਸਕਦਾ ਹੈ ਡਰਦਿਆਂ ਹੀ ਕੀਤਾ ਹੋਵੇ ਕਿ ਇਕ ਬੰਦਾ ਜਿਸ ਦੇ ਦਾਹੜੀ ਹੈ ਪਗੜੀ ਹੈ ਤੇ ਫਿਰ ਕੈਨੇਡਾ ਤੋਂ ਆਇਆ ਹੈ, ਇਸ ਦਾ ਪਾਕਿਸਤਾਨ ਜਾਣਾ ਉਨ੍ਹਾਂ ਲਈ ਕੋਈ ਸੰਭਵ ਉਲਝਣ ਪੈਦਾ ਕਰ ਦੇਵੇ। ਪ੍ਰੰਤੂ ਇਹ ਕੋਈ ਤਰੀਕਾ ਨਹੀਂ ਤਾਂ ਜੇ ਕਿਸੇ ਉਪਰ ਸ਼ੱਕ ਹੈ ਤਾਂ ਉਸ ਤੋਂ ਸਵਾਲ ਪੁਛੇ ਜਾ ਸਕਦੇ ਹਨ। ਪਰ ਉਨ੍ਹਾਂ ਲਈ ਇਹ ਪੰਜਾਬੀ ਕਹਾਵਤ ਸ਼ਾਇਦ ਪੂਰੀ ਢੁੱਕਦੀ ਹੈ ਕਿ ਅਖਾਂ ਸਾਹਮਣੇ ਤਾਂ ਕੀੜੀ ਨਹੀਂ ਲੰਘਣ ਦੇਣੀ ਪਿਛਾੜੀਓ ਭਾਵੇਂ ਹਾਥੀ ਲੰਘੀ ਜਾਣ।

ਮੈਂ ਬਾਰਡਰ ਅਧਿਕਾਰੀਆਂ ਦੇ ਅਜਿਹੇ ਗੈਰ ਜ਼ਿੰਮੇਦਾਰਾਨਾ ਵਤੀਰੇ ਦੀ ਨਿਖੇਧੀ ਕਰਦਾ ਹਾਂ ਪ੍ਰੰਤੂ ਫਿਰ ਨਾਲ ਹੀ ਸੋਚਦਾ ਹਾਂ ਕਿ ਇਕ ਨੂੰ ਕੀ ਰੋਣਾ, ਓਥੇ ਆਵਾ ਹੀ ਊਤਿਆ ਪਿਆ ਹੈ।

ਇਸਤੋਂ ਵੱਡੀ ਬਦਕਿਸਮਤੀ ਹੋਰ ਕੀ ਹੈ।
ਮਿਲਨ ਭਾੜੇ ਦੇ ਜਿਥੇ ਅਦੀਬ ਮੀਆਂ।
ਯਾਰ ਮਾਰ ਉਹੀ ਵੇਖੋਂ ਨਿਕਲ ਪੈਂਦਾ।
ਜਿਸ ਨੂੰ ਸਮਝਦੇ ਅਸੀਂ ਕਰੀਬ ਮੀਆਂ।

ਦੋਸਤ ਆਖਦੇ ਹਾਂ ਅਸੀਂ ਅੱਜ ਜਿਸਨੂੰ।
ਕਲ ਨੂੰ ਨਿਕਲਦਾ ਉਹੀ ਰਕੀਬ ਮੀਆਂ।
ਸੱਪ ਮਰੇ ਤੇ ਲਾਠੀ ਵੀ ਨਾ ਟੁੱਟੇ।
'ਤਾਬੇਦਾਰ' ਕੋਈ ਸੋਚ ਤਰਤੀਬ ਮੀਆਂ।

ਕਿਸੇ ਵੀ ਅੰਦੋਲਨ (ਧਾਰਮਿਕ ਜਾਂ ਰਾਜਨੀਤਕ) ਦਾ ਮੁੱਖ ਉਦੇਸ਼ ਹੁੰਦਾ ਹੈ ਕਿ ਉਹ ਆਪਣੇ ਮੈਂਬਰਾਂ ਵਿਚ ਸਾਂਝੇ ਅਮਲ ਅਤੇ ਬਲੀਦਾਨ ਦਾ ਜਜ਼ਬਾ ਪੈਦਾ ਕਰੇ। ਇਸ ਮਨੋਰਥ ਦੀ ਪੂਰਤੀ ਤਦੇ ਸੰਭਵ ਹੈ, ਜੇ ਉਹ ਹਰ ਮੈਂਬਰ ਦੀ ਵਖਰੀ ਤੇ ਸੁਤੰਤਰ ਹੋਂਦ ਮਿਟਾ ਕੇ ਉਸ ਨੂੰ ਅਜਿਹਾ ਗੁਮਨਾਮ ਬੰਦਾ ਬਣਾ ਦਏ, ਜਿਸ ਵਿਚ ਕਿ ਜ਼ਾਤੀ ਤੌਰ 'ਤੇ ਨਿਰਣਾ ਲੈਣ ਦੀ ਸਮਰੱਥਾ ਨਾ ਰਹੇ। ਤਦ ਇਕ ਅਜਿਹਾ ਬੱਝਵਾਂ ਸੰਗਠਨ ਜਨਮ ਲੈਂਦਾ ਹੈ, ਜਿਸ ਨੂੰ ਮਨਮਰਜ਼ੀ ਨਾਲ ਕਿਸੇ ਵੀ ਰੂਪ ਵਿਚ ਢਾਲਿਆ ਜਾ ਸਕਦਾ ਹੈ।

# ROKKO SAREES & FABRICS




**6201 Fraser Street**
**VANCOUVER**
**Tel: 327-3033**




## When You Buy
## One Suit or One Saree
**(Any Price)**
## Save $1.00 with one Coupon

ਜਦੋਂ ਤੁਸੀਂ ਇਕ ਸੁਟ ਜਾਂ ਇਕ ਸਾੜ੍ਹੀ ਖ਼੍ਰੀਦੋ (ਕਿਸੇ ਵੀ ਕੀਮਤ ਤੇ)

ਇਸ ਕੂਪਨ ਨਾਲ 1.00 ਡਾਲਰ ਬਚਾਓ

| | | | | |
|---|---|---|---|---|
| This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>March 26, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>March 26, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>March 26, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>March 26, 1986 | This coupon worth $1.00 Off<br>Rokko Sarees & Fabrics<br>6201 Fraser Street, Vancouver<br>Offer Expires Wednesday<br>March 26, 1986 |

## One Coupon For One Suit or Saree

ਇਕ ਕੂਪਨ ਇਕ ਸੁਟ ਜਾਂ ਇਕ ਸਾੜ੍ਹੀ ਲਈ

ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ ਸਕਦੇ ਹੋ

## This Coupon is Valid At




**ROKKO SAREES & FABRICS**
**6201 Fraser Street**
**VANCOUVER**
**Tel: 327-3033**

